Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ.ਐੱਸ.ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 17, Issue- 767, 14 to 20 Sept., 2023, Ph: 916-320-9444, E-mail: punjabmailusa@yahoo.com, Web: punjabmailusa.com

## ਐਲਕ ਗਰੋਵ ਸਿਟੀ ਵੱਲੋਂ ਸਾਲਾਨਾ ਮਲਟੀਕਲਚਰਲ ਮੇਲੇ ਦਾ ਆਯੋਜਨ

- ਮੇਅਰ ਬੌਬੀ ਸਿੰਘ ਐਲਨ ਨੇ ਇਸ ਮੌਕੇ ਦਿੱਤਾ ਵਧਾਈ ਸੰਦੇਸ਼ ਅਤੇ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਕੀਤੀ ਅਪੀਲ





ਸੈਕਰਾਮੈਂਟੋ, (ਪੰਜਾਬ ਮੇਲ)- ਐਲਕ ਗਰੋਵ ਸਿਟੀ ਵੱਲੋਂ 12ਵਾਂ ਸਾਲਾਨਾ ਮਲਟੀਕਲਚਰਲ ਮੇਲਾ 56 ਡਿਸਟ੍ਰਿਕ ਵਿਖੇ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਦੇਸ਼ਾਂ, ਧਰਮਾਂ, ਫਿਰਕਿਆਂ, ਜਾਤਾਂ ਦੇ ਲੋਕਾਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ। ਜਿੱਥੇ ਇਨ੍ਹਾਂ ਕਲਾਕਾਰਾਂ ਨੇ ਆਪਣੇ ਦੇਸ਼ ਦੇ ਵਿਰਸੇ ਅਤੇ ਸੱਭਿਆਚਾਰ ਨੂੰ ਆਏ ਦਰਸ਼ਕਾਂ ਸਾਹਮਣੇ ਪੇਸ਼ ਕੀਤਾ, ਉਥੇ ਭਰਾਤਰੀ ਏਕਤਾ ਦਾ ਸੰਦੇਸ਼ ਵੀ ਦਿੱਤਾ। ਸਮਾਗਮ ਦੀ ਸ਼ੁਰੂਆਤ ਵੱਖ-ਵੱਖ ਧਰਮਾਂ ਦੇ ਆਗੂਆਂ ਵੱਲੋਂ ਅਰਦਾਸ ਕਰਕੇ ਕੀਤੀ ਗਈ। ਮੇਅਰ ਬੌਬੀ ਸਿੰਘ ਐਲਨ ਨੇ ਇਸ ਮੌਕੇ ਆਏ ਹੋਏ ਸਮੂਹ ਦਰਸ਼ਕਾਂ ਨੂੰ ਵਧਾਈ ਸੰਦੇਸ਼ ਦਿੱਤਾ ਅਤੇ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ। ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਹੋਰ ਵੀ ਆਗੂ ਸਟੇਜ 'ਤੇ ਹਾਜ਼ਰ ਸਨ। ਇਸ ਮੌਕੇ ਸੱਭਿਆਚਾਰਕ ਵੰਨਗੀਆਂ ਤੋਂ ਇਲਾਵਾ 100 ਤੋਂ ਵੱਧ ਵੱਖ-ਵੱਖ ਸਟਾਲ ਲਾਏ ਗਏ, ਜਿੱਥੇ ਸੱਭਿਆਚਾਰਕ ਅਤੇ ਵਿਰਸੇ ਦੀਆਂ ਨੁਮਾਇਸ਼ਾਂ ਦੇਖਣ ਨੂੰ ਮਿਲੀਆਂ। ਪੂਰਾ ਸਮਾਗਮ ਇਕ ਅਲੌਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ, ਜਿੱਥੇ ਦੁਨੀਆਂ ਦੇ ਵੱਖ-ਵੱਖ ਕੋਨਿਆਂ ਤੋਂ ਆਏ ਲੋਕ ਇਕ ਛੱਤ ਹੇਠ ਬੈਠੇ ਸਨ ਅਤੇ ਇਕ ਦੂਜੇ ਦੇ ਵਿਰਸੇ ਅਤੇ ਸੱਭਿਆਚਾਰ ਨੂੰ ਜਾਣਨ ਲਈ ਉਤਸੁਕ ਸਨ।

ਡਾਇਵਰਸਿਟੀ ਐਂਡ ਇਨਕਲਿਊਜ਼ਨ ਕਮਿਸ਼ਨਰ ਵੱਲੋਂ ਸਿਟੀ ਆਫ ਐਲਕ ਗਰੋਵ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਨੂੰ ਕਾਮਯਾਬੀ ਨਾਲ ਨੇਪਰੇ ਚਾੜ੍ਹਿਆ ਗਿਆ।

## ਰਾਜ ਯੁਵਾ ਪੁਰਸਕਾਰ ਵੰਡਣ 'ਚ ਗੜਬੜੀਆਂ 'ਤੇ ਕਸੂਤੀ ਫਸੀ ਮਾਨ ਸਰਕਾਰ

- ਹਾਈਕੋਰਟ ਨੇ ਨੋਟਿਸ ਜਾਰੀ ਕਰਕੇ ਪੰਜਾਬ ਸਰਕਾਰ ਨੂੰ 5 ਦਸੰਬਰ ਤੱਕ ਜਵਾਬ ਦੇਣ ਲਈ ਕਿਹਾ



ਚੰਡੀਗੜ੍ਹ, (ਪੰਜਾਬ ਮੇਲ)- ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਦਿੱਤੇ ਜਾਣ ਵਾਲੇ ਸ਼ਹੀਦ ਏ-ਆਜਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦੀ ਮਾਨ ਸਰਕਾਰ ਨੇ ਮੁੜ ਸ਼ੁਰੂਆਤ ਕੀਤੀ ਸੀ। ਇਸ ਦਾ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਾਲ ਕੀਤਾ ਸੀ, ਜਿਸ ਨੂੰ ਲੈ ਕੇ ਹੁਣ ਪੰਜਾਬ ਸਰਕਾਰ ਕਸੂਤੀ ਫਸਦੀ ਨਜ਼ਰ ਆ ਰਹੀ ਹੈ। ਇਸ ਮਾਮਲੇ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਮਾਨ ਸਰਕਾਰ ਨੂੰ ਤਲਬ ਕਰ ਲਿਆ ਹੈ।

ਦਰਅਸਲ ਪਿਛਲੇ ਸਾਲ ਮਾਨ ਸਰਕਾਰ ਨੇ ਐਲਾਨ ਕੀਤਾ ਸੀ ਕਿ ਪੰਜਾਬ ਦੇ ਹਰ ਹਰ ਜ਼ਿਲ੍ਹੇ 'ਚੋਂ 2 ਨੌਜਵਾਨਾਂ ਨੂੰ ਰਾਜ ਪੱਧਰੀ ਪੁਰਸਕਾਰ ਦਿੱਤਾ ਜਾਵੇਗਾ ਤੇ ਪੰਜਾਬ ਭਰ 'ਚੋਂ 46 ਨੌਜਵਾਨਾਂ ਨੂੰ ਰਾਜ ਪੱਧਰੀ ਸਨਮਾਨ ਵਜੋਂ ਇਕ ਮੈਡਲ, ਸਕਰੌਲ, ਸਰਟੀਫਿਕੇਟ ਤੇ 51,000 ਰੁਪਏ ਦੀ ਸਨਮਾਨ ਰਾਸ਼ੀ ਵੀ ਦਿੱਤੀ ਜਾਣੀ ਸੀ।

ਪਿਛਲੇ ਸਾਲ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਬਣੀਆਂ ਕਮੇਟੀਆਂ ਵੱਲੋਂ 29 ਯੋਗ ਉਮੀਦਵਾਰਾਂ ਦੀ ਲਿਸਟ ਤਿਆਰ ਕੀਤੀ ਗਈ ਤੇ ਉਨ੍ਹਾਂ 29 ਉਮੀਦਵਾਰਾਂ ਦੀ ਪੁਰਸਕਾਰ ਦੇਣ ਲਈ ਵਿਭਾਗ ਨੇ ਪੁਲਿਸ ਵੈਰੀਫਿਕੇਸ਼ਨ ਵੀ ਕਰਵਾ ਲਈ ਸੀ। ਪਰ ਮੌਕੇ 'ਤੇ ਆਕੇ ਯੁਵਕ ਸੇਵਾਵਾਂ ਵਿਭਾਗ ਦੇ ਵੱਲੋਂ ਚੋਰੀ-ਚੋਰੀ ਹੀ ਸਿਰਫ ਛੇ ਉਮੀਦਵਾਰਾਂ ਨੂੰ ਰਾਜ ਪੱਧਰੀ ਸਨਮਾਨ ਦੇਣ ਦਾ ਫੈਸਲਾ ਕੀਤਾ ਤੇ 23 ਮਾਰਚ 2023 ਨੂੰ ਹੁਸੈਨੀਵਾਲਾ ਦੀ ਪਾਵਨ ਧਰਤੀ 'ਤੇ ਸਿਰਫ 6 ਉਮੀਦਵਾਰਾਂ ਨੂੰ ਰਾਜ ਪੱਧਰੀ ਸਨਮਾਨ ਗੁਪਤ ਢੰਗ ਨਾਲ ਦਿੱਤਾ ਗਿਆ।

ਸਰਕਾਰ ਨੇ ਬਿਨਾਂ ਕਿਸੇ ਕਾਰਨ ਮੈਰਿਟ ਵਾਲੇ 23 ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਸ ਤੋਂ ਬਾਅਦ ਮੈਰਿਟ ਵਾਲੇ ਉਮੀਦਵਾਰਾਂ ਨੇ ਪੰਜਾਬ ਸਰਕਾਰ, ਯੁਵਕ ਸੇਵਾਵਾਂ ਵਿਭਾਗ ਤੇ ਗਵਰਨਰ ਨੂੰ ਆਪਣੇ ਮਸਲੇ ਸਬੰਧੀ ਬੇਨਤੀਆਂ ਵੀ ਭੇਜੀਆਂ ਪਰ ਕੋਈ ਵੀ ਸੁਣਵਾਈ ਨਾ ਹੋਣ 'ਤੇ ਉਨ੍ਹਾਂ ਵੱਲੋਂ ਪੰਜਾਬ ਤੇ ਹਰਿਆਣਾ ਉੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਤੇ ਅਦਾਲਤ ਨੇ ਇਸ ਮਸਲੇ ਨੂੰ ਬੜੀ ਗੰਭੀਰਤਾ ਦੇ ਨਾਲ ਲੈਂਦਿਆਂ ਪੰਜਾਬ ਸਰਕਾਰ, ਵਿਭਾਗ ਦੇ ਸਕੱਤਰ ਤੇ ਡਾਇਰੈਕਟਰ ਨੂੰ ਨੋਟਿਸ ਜਾਰੀ ਕਰਦਿਆਂ 5 ਦਸੰਬਰ 2023 ਤੱਕ ਆਪਣਾ ਜਵਾਬ ਦੇਣ ਲਈ ਕਿਹਾ ਹੈ।

## ਸਾਨ ਫਰਾਂਸਿਸਕੋ ਜਾ ਰਹੀ ਏਅਰ ਇੰਡੀਆ ਦੀ ਉਡਾਣ 'ਚ ਆਈ ਤਕਨੀਕੀ ਖ਼ਰਾਬੀ

- 282 ਯਾਤਰੀਆਂ ਸਮੇਤ 300 ਲੋਕ ਸਨ ਸਵਾਰ
- ਅਲਾਸਕਾ 'ਚ ਰੁੱਕਣ ਬਾਅਦ ਫਲਾਈਟ 4 ਘੰਟੇ ਦੇਰੀ ਨਾਲ ਸਾਨ ਫਰਾਂਸਿਸਕੋ ਪੁੱਜੀ

ਸਾਨ ਫਰਾਂਸਿਸਕੋ, (ਪੰਜਾਬ ਮੇਲ)- ਬੰਗਲੌਰ ਤੋਂ 280 ਤੋਂ ਵੱਧ ਵਿਅਕਤੀਆਂ ਨੂੰ ਲੈ ਕੇ ਸੈਨ ਫਰਾਂਸਿਸਕੋ ਜਾ ਰਹੀ ਏਅਰ ਇੰਡੀਆ ਦੀ ਉਡਾਣ ਨੂੰ ਤਕਨੀਕੀ ਖਰਾਬੀ ਕਾਰਨ ਅਲਾਸਕਾ ਸ਼ਹਿਰ ਵੱਲ ਮੋੜ ਦਿੱਤਾ ਗਿਆ। ਅਧਿਕਾਰੀ ਨੇ ਕਿਹਾ ਕਿ ਸਮੱਸਿਆ ਨੂੰ ਹੱਲ ਕਰਨ ਤੋਂ ਬਾਅਦ ਫਲਾਈਟ ਏ.ਆਈ. 175 ਭਾਰਤੀ ਸਮੇਂ ਅਨੁਸਾਰ ਸਵੇਰੇ 10 ਵਜੇ ਸਾਨ ਫਰਾਂਸਿਸਕੋ ਪੁੱਜੀ। ਬੀ777 ਜਹਾਜ਼ ਨੂੰ ਜਦੋਂ ਸਾਨ ਫਰਾਂਸਿਸਕੋ ਜਾਂਦੇ ਸਮੇਂ ਤਕਨੀਕੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਤਾਂ ਇਸ ਨੂੰ ਅਲਾਸਕਾ ਦੇ ਸ਼ਹਿਰ ਐਂਕਰੇਜ ਵੱਲ ਮੋੜ ਦਿੱਤਾ ਗਿਆ ਸੀ। ਜਹਾਜ਼ 'ਤੇ 280 ਤੋਂ ਵੱਧ ਲੋਕ ਸਵਾਰ ਸਨ ਅਤੇ ਚਾਰ ਘੰਟੇ ਦੀ ਦੇਰੀ ਤੋਂ ਬਾਅਦ ਫਲਾਈਟ ਆਪਣੀ ਮੰਜ਼ਿਲ 'ਤੇ ਉਤਰੀ। ਆਮ ਤੌਰ 'ਤੇ ਬੰਗਲੌਰ ਤੋਂ ਸਾਨ ਫਰਾਂਸਿਸਕੋ ਫਲਾਈਟ 16 ਘੰਟੇ ਲੈਂਦੀ ਹੈ। ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਕਿ ਇੱਕ ਤਕਨੀਕੀ ਕਾਰਨ ਕਰਕੇ, ਜਹਾਜ਼ ਐਂਕਰੇਜ ਵਿਚ ਥੋੜ੍ਹਾ ਸਮਾਂ ਰੁਕਿਆ। ਇਹ ਸਾਨ ਫਰਾਂਸਿਸਕੋ ਵਿਖੇ ਉਤਰਿਆ। ਕੁੱਲ ਦੇਰੀ ਚਾਰ ਘੰਟਿਆਂ ਤੋਂ ਘੱਟ ਸੀ। ਜਹਾਜ਼ 'ਚ 282 ਯਾਤਰੀਆਂ ਸਮੇਤ ਕਰੀਬ 300 ਲੋਕ ਸਵਾਰ ਸਨ।

## ਐੱਮ.ਪੀ. ਤਨਮਨਜੀਤ ਢੇਸੀ ਇੰਗਲੈਂਡ ਦੇ ਸ਼ੈਡੋ ਖਜ਼ਾਨਾ ਮੰਤਰੀ ਨਿਯੁਕਤ



ਲੰਡਨ, (ਪੰਜਾਬ ਮੇਲ) - ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਸਿੱਖ ਐੱਮ.ਪੀ. ਸ. ਤਨਮਨਜੀਤ ਸਿੰਘ ਢੇਸੀ ਨੂੰ ਨਵਾਂ ਸ਼ੈਡੋ ਖਜ਼ਾਨਾ ਮੰਤਰੀ ਬਣਾਇਆ ਗਿਆ ਹੈ। ਲੇਬਰ ਨੇਤਾ ਕੀਰ ਸਟਾਰਮਰ ਨੇ ਆਪਣੀ ਚੋਟੀ ਦੀ ਟੀਮ ਵਿਚ ਫੇਰਬਦਲ ਕਰਦਿਆਂ ਸ਼ੈਡੋ ਕੈਬਨਿਟ ਦੇ ਫੇਰਬਦਲ ਤੋਂ ਬਾਅਦ ਹੋਰ ਜੂਨੀਅਰ ਅਹੁਦਿਆਂ ਲਈ 12 ਨਵੀਆਂ ਨਿਯੁਕਤੀਆਂ ਕੀਤੀਆਂ ਹਨ।

ਸ. ਤਨਮਨਜੀਤ ਸਿੰਘ ਢੇਸੀ ਹੁਣ ਸ਼ੈਡੋ ਖਜ਼ਾਨਾ ਟੀਮ ਵਿਚ ਸ਼ੈਡੋ ਖਜ਼ਾਨਾ ਸਕੱਤਰ ਵਜੋਂ ਅਬੇਨਾ ਓਪੋਂਗ-ਅਸਾਰੇ ਦੀ ਥਾਂ ਲੈਣਗੇ। ਸ. ਢੇਸੀ ਹਲਕਾ ਸਲੋਹ ਤੋਂ ਮੈਂਬਰ ਪਾਰਲੀਮੈਂਟ ਹਨ ਅਤੇ ਉਹ ਸ਼ੈਡੋ ਰੇਲਵੇ ਮੰਤਰੀ ਵਜੋਂ 3 ਸਾਲਾਂ ਤੋਂ ਵੱਧ ਸਮੇਂ ਤੱਕ ਕੰਮ ਕਰਦੇ ਰਹੇ। ਇੰਗਲੈਂਡ ਦੇ ਸ਼ੈਡੋ ਖਜ਼ਾਨਾ ਸਕੱਤਰ ਦੇ ਤੌਰ 'ਤੇ ਨਵੀਂ ਭੂਮਿਕਾ ਨਿਭਾਉਣ ਲਈ ਸ. ਤਨਮਨਜੀਤ ਸਿੰਘ ਢੇਸੀ ਪੂਰੀ ਤਿਆਰੀ ਵਿਚ ਹਨ।

ਸ. ਢੇਸੀ ਇੰਗਲੈਂਡ ਵਿਚ ਉੱਚ ਵਿਦਿਆ ਦੇ ਨਾਲ ਇੰਗਲੈਂਡ 'ਚ ਕਾਮਯਾਬ ਬਿਜਨਸ਼ਮੈਨ ਵੀ ਹਨ ਤੇ ਉਨ੍ਹਾਂ ਦੇ ਪਿਤਾ ਸ. ਜਸਪਾਲ ਸਿੰਘ ਢੇਸੀ ਤੇ ਚਾਚਾ ਸ. ਪਰਮਜੀਤ ਸਿੰਘ ਢੇਸੀ ਰਾਏਪੁਰ ਪੰਜਾਬ ਦੀ ਰਾਜਨੀਤੀ ਵਿਚ ਪੂਰੀ ਸਰਗਰਮ ਭੂਮਿਕਾ ਨਿਭਾਅ ਰਹੇ ਹਨ।

## ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਹੁਕਮ ਅਦੂਲੀ ਨੋਟਿਸ ਜਾਰੀ

- 6 ਅਕਤੂਬਰ ਤੱਕ ਜਵਾਬ ਦੇਣ ਦੇ ਆਦੇਸ਼

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫਰਵਰੀ ਮਹੀਨੇ 'ਚ ਪੰਜਾਬ ਸਰਕਾਰ ਵੱਲੋਂ 19 ਜੂਨ, 2019 ਨੂੰ ਜਾਰੀ ਮਾਸਟਰ ਕੈਡਰ ਸੀਨੀਆਰਤਾ ਸੂਚੀ 'ਤੇ ਸਵਾਲ ਉਠਾਉਂਦੇ ਹੋਏ ਪੰਜਾਬ ਸਿੱਖਿਆ ਵਿਭਾਗ 'ਚ ਕੰਮ ਕਰਦੇ ਮਾਸਟਰਾਂ ਵੱਲੋਂ ਦਾਇਰ ਪਟੀਸ਼ਨਾਂ ਨੂੰ ਸਵੀਕਾਰ ਕਰ ਕੇ ਸਰਕਾਰ ਨੂੰ ਇਕ ਨਵੀਂ ਸੂਚੀ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਸੀ। ਹਾਈ ਕੋਰਟ ਦੇ ਆਦੇਸ਼ ਤੋਂ ਬਾਅਦ ਵੀ ਪੰਜਾਬ ਸਰਕਾਰ ਨੇ ਸੋਧੀ ਸੂਚੀ ਤਿਆਰ ਨਹੀਂ ਕੀਤੀ। ਹਾਈ ਕੋਰਟ ਦੇ ਜਸਟਿਸ ਏ.ਐੱਸ. ਸਾਂਗਵਾਨ ਨੇ ਪੰਜਾਬ ਸਰਕਾਰ ਤੇ ਹੋਰਨਾਂ ਨੂੰ ਹੁਕਮ ਅਦੂਲੀ ਨੋਟਿਸ ਜਾਰੀ ਕਰਕੇ ਛੇ ਅਕਤੂਬਰ ਤੱਕ ਜਵਾਬ ਦੇਣ ਦਾ ਆਦੇਸ਼ ਦਿੱਤਾ ਹੈ। ਪ੍ਰਭਾਵਿਤ ਮਾਸਟਰਾਂ ਮਾਲਾ ਸੂਦ ਤੇ ਹੋਰਾਂ ਨੇ ਆਪਣੇ ਵਕੀਲ ਵਿਕਾਸ ਚਤਰਥ ਜ਼ਰੀਏ ਹੁਕਮ ਅਦੂਲੀ ਪਟੀਸ਼ਨ ਦਾਇਰ ਕਰਕੇ ਇਸ ਮਾਮਲੇ ਵਿਚ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਪਟੀਸ਼ਨ ਵਿਚ ਹਾਈ ਕੋਰਟ ਨੂੰ ਦੱਸਿਆ ਗਿਆ ਹੈ ਕਿ ਫਰਵਰੀ 'ਚ ਹਾਈਕੋਰਟ ਨੇ ਨਵੀਂ ਸੀਨੀਆਰਤਾ ਸੂਚੀ ਲਈ ਛੇ ਮਹੀਨੇ ਦੀ ਸਮਾਂ-ਹੱਦ ਤੈਅ ਕੀਤੀ ਸੀ। ਇਹ ਫ਼ੈਸਲਾ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਸੀਨੀਆਰਤਾ ਸੂਚੀ 50 ਹਜ਼ਾਰ ਤੋਂ ਵੱਧ ਮਾਸਟਰਾਂ ਦੀ ਹੈ। ਆਪਣੇ ਆਦੇਸ਼ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਨਵੀਂ ਸੀਨੀਆਰਤਾ ਸੂਚੀ ਪੰਜਾਬ ਰਾਜ ਸਿੱਖਿਆ ਵਰਗ (ਸਕੂਲ ਕੇਡਰ) ਸੇਵਾ ਨਿਯਮ 1978 ਅਨੁਸਾਰ ਸਾਰੇ ਪ੍ਰਭਾਵਿਤ ਉਮੀਦਵਾਰਾਂ ਨੂੰ ਸੁਣਵਾਈ ਅਤੇ ਇਤਰਾਜ਼ ਦਰਜ ਕਰਨ ਦਾ ਮੌਕਾ ਦੇਣ ਤੋਂ ਬਾਅਦ ਲਾਗੂ ਹੋਵੇਗੀ।

## ਕੇਂਦਰੀ ਗ੍ਰਹਿ ਮੰਤਰਾਲੇ ਨੇ ਸੀ.ਬੀ.ਆਈ. ਨੂੰ ਲਾਲੂ ਖਿਲਾਫ ਮੁਕੱਦਮਾ ਚਲਾਉਣ ਦੀ ਦਿੱਤੀ ਮਨਜ਼ੂਰੀ



ਨਵੀਂ ਦਿੱਲੀ, (ਪੰਜਾਬ ਮੇਲ)- ਆਰ.ਜੇ.ਡੀ. ਸੁਪਰੀਮੋ ਲਾਲੂ ਯਾਦਵ ਨੂੰ ਵੱਡਾ ਝਟਕਾ ਲੱਗਿਆ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੀ.ਬੀ.ਆਈ. ਨੂੰ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਖ਼ਿਲਾਫ਼ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਸੀ.ਬੀ.ਆਈ. ਨੇ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੂੰ ਸੂਚਿਤ ਕੀਤਾ ਕਿ ਸਾਬਕਾ ਕੇਂਦਰੀ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਖਿਲਾਫ ਕਥਿਤ ਤੌਰ 'ਤੇ ਨੌਕਰੀ ਬਦਲੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਵੀਂ ਚਾਰਜਸ਼ੀਟ ਦੇ ਸਬੰਧ ਵਿਚ ਗ੍ਰਹਿ ਮੰਤਰਾਲੇ ਤੋਂ ਮਨਜ਼ੂਰੀ ਪ੍ਰਾਪਤ ਕਰ ਲਈ ਗਈ ਹੈ।

ਸੀ.ਬੀ.ਆਈ. ਨੇ ਕਿਹਾ ਹੈ ਕਿ ਹਾਲਾਂਕਿ ਉਸ ਨੂੰ ਅਜੇ ਤੱਕ ਤਿੰਨ ਰੇਲਵੇ ਅਧਿਕਾਰੀਆਂ ਖ਼ਿਲਾਫ਼ ਮਨਜ਼ੂਰੀ ਨਹੀਂ ਮਿਲੀ ਹੈ। ਸੀ.ਬੀ.ਆਈ. ਨੇ ਕਿਹਾ ਕਿ ਬਾਕੀ ਮਨਜ਼ੂਰੀ ਇਕ ਹਫ਼ਤੇ ਵਿਚ ਮਿਲਣ ਦੀ ਉਮੀਦ ਹੈ। ਉੱਥੇ ਹੀ ਮਾਮਲੇ ਨੂੰ 21 ਸਤੰਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ।

## ਯੂ.ਕੇ. ਅਤੇ ਅਮਰੀਕਾ 'ਚ ਭਾਰਤੀ ਅੰਬੈਸੀ 'ਤੇ ਹਮਲਾ ਕਰਨ ਵਾਲੇ 19 ਖਾਲਿਸਤਾਨੀ ਸਮਰਥਕਾਂ ਦੀ ਹੋਈ ਪਛਾਣ

ਨਵੀਂ ਦਿੱਲੀ, (ਪੰਜਾਬ ਮੇਲ)- ਇੰਗਲੈਂਡ ਵਿਚ ਭਾਰਤੀ ਅੰਬੈਸੀ 'ਤੇ ਕੀਤੇ ਹਮਲੇ ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਕੇਂਦਰੀ ਜਾਂਚ ਏਜੰਸੀ (ਐੱਨ.ਆਈ.ਏ.) ਇਸ ਮਾਮਲੇ ਦੀ ਪੜਤਾਲ ਕਰ ਰਹੀ ਸੀ, ਜਿਸ ਦੇ ਹੱਥ ਵੱਡੇ ਤੱਥ ਲੱਗੇ ਹਨ। ਐੱਨ.ਆਈ.ਏ. ਨੇ ਇੰਗਲੈਂਡ ਵਿਚ ਭਾਰਤੀ ਅੰਬੈਸੀ 'ਤੇ ਹਮਲਾ ਕਰਨ ਵਾਲੇ ਖਾਲਿਸਤਾਨੀ ਸਮਰਥਕਾਂ ਦੀ ਪਛਾਣ ਕੀਤੀ ਹੈ। ਕੇਂਦਰੀ ਜਾਂਚ ਏਜੰਸੀ ਦੀ ਇਸ ਲਿਸਟ ਵਿਚ 19 ਖਾਲਿਸਤਾਨੀ ਸਮਰਥਕਾਂ ਦਾ ਨਾਮ ਹੈ। ਦੂਜੇ ਪਾਸੇ ਅਮਰੀਕਾ ਦੇ ਸਾਨ ਫਰਾਂਸਿਸਕੋ 'ਚ ਭਾਰਤੀ ਅੰਬੈਸੀ 'ਤੇ ਕੀਤੇ ਗਏ ਹਮਲੇ 'ਚ ਵੀ ਐੱਨ.ਆਈ.ਏ. ਨੇ 4 ਖਾਲਿਸਤਾਨੀ ਸਮਰਥਕਾਂ ਦੀ ਪਛਾਣ ਕੀਤੀ ਹੈ।


UNITED SPORTS CLUB CALIFORNIA, AMERICA
GAKHAL GROUP
ਤੀਰਥ ਗਾਖਲ
DEDICATED TO
Assoication with California Kabaddi Federation of USA
16TH WORLD KABADDI CUP 17th SEPTEIMBER 2023, SUNDAY
(James Logan High School 1800 H Street, Union City, California 94587)
(Timing 09:00am - 06pm)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Late. Nashib Singh Gakhal
Late. Major Singh Bains
Late. Puran Singh
Amolak Singh Gakhal
Chief Patron, United Sports Club
Sponsor of 1st Prize
Diamond Trucking Stockton's
Sponsor of 2nd Prize
Sponsor of 3rd Prize
Sponsor of 4th Prize
In the loving Memory of Late S. Mehnga Singh Sarai By: Sarai Family
Diamond Sponsor
Inder Dosanjh
Dosanjh Family Auto Group Inc.
Diamond Sponsor
Ocean Transport
White Hawk
Diamond Sponsor
Asian Food Center, Canada
Diamond Sponsor
Jaswant Dass Gill, Canada
Diamond Sponsor
Joe's Travel Plaza
Kashmir Singh Dhoot
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
ਪੰਜਾਬ ਟਾਈਮਜ਼ ਯੂ.ਐੱਸ.ਏ ਦੇ ਬਾਨੀ
ਸਵ. ਸ੍ਰ. ਅਮੋਲਕ ਸਿੰਘ ਜੰਮੂ
ਦੇ ਪਰਿਵਾਰ ਦਾ ਸਨਮਾਨ ਕੀਤਾ ਜਾਵੇਗਾ
ਵਿਸ਼ੇਸ਼ ਸਨਮਾਨ
Surinder Singh Atwal
Harpreet Singh Baba
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Kulwant Lasher
Johan Gill
Baljit Sandhu
Tirath Gakhal
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
ਸਵ. ਹਰਜੀਤ ਢਾਵੇਂਗ
ਦੇ ਪਰਿਵਾਰ ਦਾ ਯੂਨਾਈਟਡ ਸਪੋਰਟਸ ਕਲੱਬ, ਗਾਖਲ ਗਰੁੱਪ ਯੂ.ਐੱਸ.ਏ ਅਤੇ ਸਮੂਹ ਸੰਗਤ ਵਲੋਂ ਆਰਥਿਕ ਸਹਿਯੋਗ ਕੀਤਾ ਜਾਵੇਗਾ
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanna Coach Advisor
ਵਿਸ਼ੇਸ਼ ਸਨਮਾਨ
GUEST OF HONOUR
Jagir Singh (Sahot Mandi)
Kindu Bal
Jaswant Singh Sarai
Baljit Singh Sandhu
Rana Tut
Hardamman Singh (Billa Sanghera)
Sukhdev Singh Bainiwal
Pritam Singh Grewal
Bhupinder Singh Parmar
Amarjit Sangha
Pamma deol
Jaswant Singh Hodi
Joga Kang
Sarabjit Dhaliwal
Satnam Singh Bal
Sukhdev Singh Grewal
Surjit Singh Sandhu
Kulwant Singh Khaira
Amritpal Singh Nijjar
Jass Sohal
Dhira Nijjar
S. Janti
Mangal Singh Bhandal
Dr. Harinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Nirmal Singh Sahota
Lucky Sahota
Jaskaran Singh Dhaliwal
SP Singh
Amrik Chand Lakha CPA
Santokh Singh Judge
All Kabaddi Lovers are openly Invited
Raja Sweets & Catering
PTC PUNJABI
ipv RAMA PHOTO VIDEO
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America/Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabaddi will apply, United Sports Club has reserve the right for last decisions.


ਵਿੱਚ ਸੈਕਰਾਮੈਂਟੋ ਕਬੱਡੀਆਂ ਪੈਣੀਆਂ, ਚਾਰੇ ਟੀਮਾਂ ਇਕ ਦੂਜੇ ਨਾਲ ਖਹਿਣੀਆਂ, ਜੋਰ ਵੇਖਣਾ ਖਾਧੀ ਘਿਓ ਦੀ ਚੂਰੀ ਦਾ, ਮੁੱਲ ਪੈਣਾਂ ਅੱਖਾਂ ਦੀ ਘੂਰੀ ਦਾ,
ਰੇਡਰਾਂ ਵੀ ਪੱਟਾਂ ਦਾ ਜੋਰ ਵਿਖਾਉਣਾ, ਜਾਫੀਆਂ ਵੀ ਹੱਸ-ਹੱਸ ਜੱਫਾ ਲਾਉਣਾ, ਨਜ਼ਾਰਾ ਆਉਣਾ ਸਾਨ੍ਹਾਂ ਦੇ ਭੇੜ ਦਾ, ਵੱਖਰਾ ਨਜ਼ਾਰਾ ਯਾਰੋ ਕਬੱਡੀ ਖੇਡ ਦਾ ।
SHAHEED BABA DEEP SINGH SPORTS ACADEMY SACRAMENTO PRESENTS
INTERNATIONAL KABADDI CUP SACRAMENTO 2023
SIKH TEMPLE, 7676 BRADSHAW ROAD, SACRAMENTO CA 95829
ਇੰਟਰਨੈਸ਼ਨਲ ਕਬੱਡੀ ਕੱਪ
ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀ ਗਰਾਂਊਡ ਵਿੱਚ
SUNDAY, OCTOBER 1, 2023
ਜਿਸ ਵਿੱਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ, ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ ।
1st PRIZE
CHARDA PUNJBA
2nd PRIZE
CHARDI KALA GROUP
3rd PRIZE
JASPREET SINGH
ATTORNEY AT LAW
4th PRIZE
SAC BROTHERS
5th PRIZE
YUBA BROTHERS
YUBA CITY, CA
ਸ਼ਰਤਾਂ ਤੇ ਨਿਯਮ : ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ
ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ ।
ਬੀਬੀਆਂ ਦੇ ਬੈਠਣ ਦਾ ਅਲੱਗ ਅਤੇ ਖਾਸ ਪ੍ਰਬੰਧ ਹੋਵੇਗਾ, ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਕਿਉਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ
SECURITY
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਸ਼ੁਭਚਿੰਤਕ
ਕੁਮੈਂਟਰੀ
ਰੰਡਿਆਲਾ
ਮੱਖਣ ਅਲੀ
ਇਕਬਾਲ ਗਾਲਿਬ
ਆਸ਼ਾ ਸ਼ਰਮਾ
PARGAT SANDHU
GURMEET WARAICH
DHEERA NIJJAR
HAPPY BARIANA
BITTU RANDHAWA
HARRY SANGHA
TARLOCHAN ATWAL
GOLDY LALLY
SHERU BHATIA
GURDEV S TOOR
RAJA KOONER
BHUPINDER SANGHERA
BHINDA CHAHAL
SUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
KEHAR S GILL
LADDA KAHLON
SABI HAYER
GURJIT DEOL
BALPREET BRAR
Contact for More info:
Pargat Sandhu
Tel 209.810.5667
Randhir Nijjar
Tel 916.416.9527
Happy Bariana
Tel 916.240.4110
ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ
LIVE KABADDI On
ਲਾਈਵ ਕਬੱਡੀ ਵਲੋਂ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ
Design & Print
Quik Signs
*661-703-8795 *661-900-7357

# ਬਾਬਾ ਸ਼੍ਰੀ ਚੰਦ ਜੀ ਦਾ 529ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਿਖੇ ਮਨਾਇਆ ਗਿਆ
















Designed By Punjab Mail USA

**ਐਲ ਸਬਰਾਂਟੇ, (ਪੰਜਾਬ ਮੇਲ)**- ਬਾਬਾ ਸ਼੍ਰੀ ਚੰਦ ਜੀ ਦਾ 529ਵਾਂ ਪ੍ਰਕਾਸ਼ ਉਤਸਵ ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਉਪਰਾਲਾ ਹਰ ਸਾਲ ਹਰਜੀਤ ਸਿੰਘ ਭੰਗੂ, ਦਵਿੰਦਰ ਸਿੰਘ ਬਿੱਲਾ ਅਤੇ ਚਰਨਜੀਤ ਸਿੰਘ ਦੇ ਪਰਿਵਾਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਇਸ ਸਮਾਗਮ ਵਿਚ ਦੂਰੋਂ-ਨੇੜਿਓਂ ਆਣ ਕੇ ਭਾਰੀ ਗਿਣਤੀ 'ਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਇਸ ਵਾਰ ਵੀ ਤਿੰਨ ਦਿਨ ਚੱਲੇ ਇਨ੍ਹਾਂ ਸਮਾਗਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜੱਥੇ, ਕਥਾਵਾਚਕ, ਢਾਡੀ ਸਿੰਘਾਂ ਅਤੇ ਵਿਦਵਾਨਾਂ ਨੇ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਬਲਵਿੰਦਰ ਸਿੰਘ ਜੀ, ਭਾਈ ਗੁਰਜੀਤ ਸਿੰਘ ਅਤੇ ਭਾਈ ਜੀਤ ਸਿੰਘ ਜੀ ਦੇ ਜੱਥਿਆਂ ਨੇ ਕੀਰਤਨ ਪ੍ਰਵਾਹ ਚਲਾਇਆ ਅਤੇ ਆਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਭਾਈ ਸਰਬਜੀਤ ਸਿੰਘ ਸਾਜਨ ਦੇ ਢਾਡੀ ਜੱਥੇ ਨੇ ਬਾਬਾ ਸ਼੍ਰੀ ਚੰਦ ਜੀ ਦੇ ਜੀਵਨ ਇਤਿਹਾਸ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਭਾਈ ਨਵਨੀਤ ਸਿੰਘ ਨੇ ਬਾਬਾ ਸ਼੍ਰੀ ਚੰਦ ਜੀ ਦੇ ਜੀਵਨ ਬਾਰੇ ਕਥਾ ਵਿਆਖਿਆ ਕੀਤੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਜ਼ਿਕਰਯੋਗ ਹੈ ਕਿ ਉਦਾਸੀ ਪੰਥ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੈ, ਜਿਸ ਦੀ ਸ਼ੁਰੂਆਤ ਬਾਬਾ ਸ਼੍ਰੀ ਚੰਦ ਜੀ ਨੇ ਕੀਤੀ ਸੀ। ਇਹ ਇਕ ਪੁਰਾਤਨ ਪੰਥ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਪ੍ਰਚਾਰ ਕੀਤਾ ਗਿਆ। ਬਾਬਾ ਸ਼੍ਰੀ ਚੰਦ ਜੀ ਨੇ ਜਿੱਥੇ ਲੰਮਾ ਸਮਾਂ ਭਗਤੀ ਕੀਤੀ, ਉਥੇ ਸਮਾਜ ਸੇਵੀ ਕੰਮਾਂ ਵਿਚ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਸੀ।



# ਐਲਕ ਗਰੋਵ ਸਿਟੀ ਵੱਲੋਂ ਸਾਲਾਨਾ ਮਲਟੀਕਲਚਰਲ ਮੇਲੇ ਦਾ ਆਯੋਜਨ

1































Designed By Punjab Mail USA

# ਐਲਕ ਗਰੋਵ ਸਿਟੀ ਵੱਲੋਂ ਸਾਲਾਨਾ ਮਲਟੀਕਲਚਰਲ ਮੇਲੇ ਦਾ ਆਯੋਜਨ

2























Designed By Punjab Mail USA

# 25ਵਾਂ ਸਾਲਾਨਾ ਯੂਬਾ ਸਿਟੀ ਤੀਆਂ ਦਾ ਮੇਲਾ ਯਾਦਗਾਰੀ ਹੋ ਨਿਬੜਿਆ

















Designed By Punjab Mail USA

ਯੂਬਾ ਸਿਟੀ, (ਪੰਜਾਬ ਮੇਲ)- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਆਈ.ਏ.ਪੀ. ਡਬਲਯੂ. ਦੀ ਟੀਮ ਵੱਲੋਂ 25ਵਾਂ ਸਾਲਾਨਾ ਯੂਬਾ ਸਿਟੀ ਤੀਆਂ ਦਾ ਮੇਲਾ ਕਰਵਾਇਆ ਗਿਆ। ਮੇਲੇ ਦੀ ਆਯੋਜਕ ਪਰਮ ਤੱਖਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰ ਦਰਸ਼ਕਾਂ ਦੇ ਰਿਕਾਰਡਤੋੜ ਇਕੱਠ ਕਰਨ ਵਿਚ ਕਾਮਯਾਬੀ ਹਾਸਲ ਕੀਤੀ। ਪੰਜਾਬੀ ਗਾਇਕਾ ਮਿਸ ਪੂਜਾ, ਅਦੀਪ ਢਿੱਲੋਂ, ਜੱਸੀ ਜੈਸਮੀਨ, ਟਿਕਟਾਕ ਸਟਾਰ ਡੌਲੀ ਸਿੰਘ, ਜਸਬੀਰ ਗੁਣਾਚੌਰੀਆ, ਜਸਪ੍ਰੀਤ ਸਿੰਘ, ਵਰਜੀਨੀਆ ਤੇ ਮੋਨੀ ਗਿੱਲ, ਬਹਿਰੀਨ ਤੋਂ ਮਾਹੀ ਅਤੇ ਸਿਆਟਲ ਤੋਂ ਰਾਜ ਸ਼ਰਮਾ ਹਾਜ਼ਰ ਸਨ।

ਮੇਲੇ ਵਿਚ ਗਿੱਧਾ, ਭੰਗੜਾ, ਸਕਿੱਟਾਂ, ਲੋਕ ਗੀਤ ਅਤੇ ਹੋਰ ਵੀ ਬਹੁਤ ਸਾਰੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਲੋਕਲ ਬੱਚਿਆਂ ਦੀਆਂ ਟੀਮਾਂ ਵਲੋਂ ਤਿਆਰ ਕੀਤਾ ਗਿਆ ਗਿੱਧਾ, ਭੰਗੜਾ ਅਤੇ ਸਕਿੱਟਾਂ ਦਰਸ਼ਕਾਂ ਨੇ ਕਾਫੀ ਪਸੰਦ ਕੀਤਾ। ਪ੍ਰਬੰਧਕਾਂ ਵਲੋਂ ਵੀ ਬਹੁਤ ਵਧੀਆ ਗਿੱਧਾ ਪੇਸ਼ ਕੀਤਾ ਗਿਆ। ਇਸ ਮੇਲੇ



ਵਿਚ ਮੁਟਿਆਰਾਂ, ਬੱਚੀਆਂ ਅਤੇ ਵੱਡੀ ਉਮਰ ਦੀਆਂ ਔਰਤਾਂ ਨੇ ਵੀ ਸ਼ਿਰਕਤ ਕੀਤੀ। ਹਿੱਸਾ ਲੈਣ ਵਾਲੀਆਂ ਟੀਮਾਂ ਕੀਰਤ ਤੱਖਰ, ਸ਼ੈਟੀ ਸੰਘਾ ਅਤੇ ਪਿੰਨੂ ਬਰਾੜ ਵਲੋਂ ਤਿਆਰ ਕਰਵਾਈਆਂ ਗਈਆਂ ਸਨ। ਕਮਿਊਨਿਟੀ ਦੇ ਸਪਾਂਸਰਾਂ, ਵੈਂਡਰਾਂ ਅਤੇ ਬਿਜ਼ਲਸ ਪਾਰਟਨਰ ਵੱਲੋਂ ਸੋਨੇ ਦੇ ਰੈਫਰਲ ਇਲਾਮ ਕੱਢ ਗਏ। ਨੂਰਮਹਿਲ ਜਿਊਲਰਸ, ਖਾਦਿਬ ਹੁਸੈਨ ਜਿਊਲਰਸ, ਵੀ.ਆਈ.ਪੀ. ਜਿਊਲਰਸ ਅਤੇ ਬੰਬੇ ਜਿਊਲਰਸ ਵਲੋਂ 15 ਦੇ ਕਰੀਬ ਸੋਨੇ ਅਤੇ ਡਾਇਮੰਡ ਦੀਆਂ ਆਈਟਮਾਂ ਐਂਟਰੀ ਟਿਕਟ ’ਚੋਂ ਕੱਢੀਆਂ ਗਈਆਂ। ਇਸ ਮੇਲੇ ਵਿਚ 50 ਤੋਂ ਵੱਧ ਵੈਂਡਰਾਂ ਨੇ ਵੱਖ-ਵੱਖ ਸਟਾਲ ਲਗਾਏ ਹੋਏ ਸਨ। ਮੇਲੇ ਦੇ ਸਪਾਂਸਰਾਂ ਅਤੇ ਕਮਿਊਨਿਟੀ ਵੱਲੋਂ ਮੇਲੇ ਨੂੰ ਭਰਵਾਂ ਹੁੰਗਾਰਾ ਮਿਲਿਆ।

ਅਗਲੇ ਸਾਲ ਤੀਆਂ ਦਾ ਮੇਲਾ 1 ਸਤੰਬਰ, 2024, ਦਿਨ ਐਤਵਾਰ ਨੂੰ ਇਸੇ ਥਾਂ ’ਤੇ ਹੀ ਹੋਵੇਗਾ। ਇਸ ਦੇ ਲਈ ਹੁਣ ਤੋਂ ਹੀ ਬੁਕਿੰਗਾਂ ਸ਼ੁਰੂ ਹੋ ਚੁੱਕੀਆਂ ਹਨ। ਇਸ ਮੇਲੇ ਦਾ ਸਾਰਾ ਸੰਚਾਲਨ ਜੋਤ ਰਣਜੀਤ ਨੇ ਬਹੁਤ ਹੀ ਵਧੀਆ ਢੰਗ ਨਾਲ ਕੀਤਾ। ਇਹ ਮੇਲਾ ਗਿੱਧੇ-ਭੰਗੜੇ ਅਤੇ ਡੀ.ਜੇ. ਦੀਆਂ ਗੂੰਜਾਂ ’ਚ ਰੌਣਕਾਂ ਵੰਡਦਾ, ਖੁਸ਼ੀਆਂ-ਖੇੜਿਆਂ ਨਾਲ ਯਾਦਗਾਰੀ ਹੋ ਨਿਬੜਿਆ।



# ਸਾਊਦੀ ਅਰਬ ਦੀ ਜੇਲ੍ਹ 'ਚ ਰਿਹਾਅ ਹੋ ਕੇ ਵਤਨ ਪਰਤਿਆ ਪੰਜਾਬੀ ਨੌਜਵਾਨ

- 2 ਕਰੋੜ ਦੀ ਬਲੱਡ ਮਨੀ ਦਿੱਤੀ
- ਕਿਹਾ; ਪੰਜਾਬੀਆਂ ਦਾ ਰਹਾਂਗਾ ਸਦਾ ਕਰਜ਼ਦਾਰ
- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਓਬਰਾਏ ਨੇ ਕੀਤੀ ਮਦਦ





ਡਾ. ਐੱਸ.ਪੀ. ਸਿੰਘ ਓਬਰਾਏ।

ਦੋਦਾ, (ਪੰਜਾਬ ਮੇਲ)- ਸਾਊਦੀ ਅਰਬ ਦੀ ਜੇਲ੍ਹ 'ਚ ਬੰਦ ਪਿੰਡ ਮੱਲ੍ਹਣ ਦਾ ਨੌਜਵਾਨ ਬਲਵਿੰਦਰ ਸਿੰਘ ਆਖਿਰ ਰਿਹਾਅ ਹੋ ਕੇ ਵਤਨ ਵਾਪਸ ਪਰਤ ਆਇਆ। ਜੇਲ੍ਹ 'ਚ ਬੰਦ ਰਹੇ ਬਲਵਿੰਦਰ ਸਿੰਘ ਨੂੰ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਉੱਥੋਂ ਦੀ ਸਰਕਾਰ ਵੱਲੋਂ ਉਸ ਦਾ ਸਿਰ ਕਲ਼ਮ ਕਰਨ ਜਾਂ 2 ਕਰੋੜ ਰੁਪਏ ਅਦਾ ਕਰਨ ਤੇ 7 ਸਾਲ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ ਸੀ। ਇਸ ਵੱਡੀ ਮੁਸੀਬਤ 'ਚੋਂ ਨਿਕਲ ਆਖਿਰ ਬਲਵਿੰਦਰ ਸ਼ੁੱਕਰਵਾਰ ਵਤਨ ਵਾਪਸ ਪਰਤ ਆਇਆ। ਉਸ ਦੀ ਵਤਨ ਵਾਪਸੀ 'ਤੇ ਪਰਿਵਾਰਕ ਮੈਂਬਰਾਂ 2 ਭਰਾਵਾਂ ਤੇ ਇਕ ਭੈਣ ਸਮੇਤ ਇਲਾਕੇ ਭਰ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਨੂੰ ਰਿਹਾਅ ਕਰਾਉਣ 'ਚ ਸਰਬੱਤ ਦਾ ਭਲਾ ਟਰੱਸਟ ਦੇ ਸੰਸਥਾਪਕ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਵਤਨ ਵਾਪਸ ਪਰਤੇ ਬਲਵਿੰਦਰ ਨੇ ਦੱਸਿਆ ਕਿ ਉਸ ਨੂੰ ਉੱਥੇ ਕਾਫ਼ੀ ਕਸ਼ਟ ਝੱਲਣੇ ਪਏ। ਨਸਲੀ ਭੇਦਭਾਵ ਦਾ ਵੀ ਸ਼ਿਕਾਰ ਹੋਣਾ ਪਿਆ। ਧਰਮ ਤਬਦੀਲ ਕਰਨ ਲਈ ਉਸ ਨੂੰ ਵਾਰ-ਵਾਰ ਉਕਸਾਇਆ ਗਿਆ ਪਰ ਉਸ ਨੇ ਈਨ ਨਹੀਂ ਮੰਨੀ। ਸਾਊਦੀ ਅਰਬ ਸਰਕਾਰ ਵੱਲੋਂ ਉਸ ਦਾ ਸਿਰ ਕਲ਼ਮ ਕਰਨ ਦੀ ਸਜ਼ਾ ਸੁਣਾ ਦਿੱਤੀ ਗਈ ਸੀ ਪਰ ਪੰਜਾਬੀਆਂ ਵੱਲੋਂ 2 ਕਰੋੜ ਰੁਪਏ ਦੀ ਰਾਸ਼ੀ ਅਦਾ ਕਰਕੇ ਉਸ ਨੂੰ ਨਵਾਂ ਜੀਵਨਦਾਨ ਦਿੱਤਾ ਗਿਆ, ਜਿਸ ਦਾ ਉਹ ਸਦਾ ਕਰਜ਼ਦਾਰ ਰਹੇਗਾ।

ਜਾਣਕਾਰੀ ਅਨੁਸਾਰ ਬਲਵਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਮੱਲ੍ਹਣ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪਿਛਲੇ ਲੰਬੇ ਸਮੇਂ ਤੋਂ ਸਾਊਦੀ ਅਰਬ ਗਿਆ ਹੋਇਆ ਸੀ, ਉੱਥੇ ਇਕ ਕੰਪਨੀ 'ਚ ਝਗੜਾ ਹੋ ਗਿਆ ਤੇ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਕੇਸ 'ਚ ਬਲਵਿੰਦਰ ਸਿੰਘ ਨੂੰ 7 ਸਾਲ ਪਹਿਲਾਂ ਸਾਊਦੀ ਅਰਬ ਦਾ 10 ਲੱਖ ਰਿਆਲ ਤੇ ਭਾਰਤ ਦਾ ਲਗਭਗ 2 ਕਰੋੜ ਰੁਪਏ ਜੁਰਮਾਨਾ ਕੀਤਾ ਗਿਆ ਸੀ। 7 ਸਾਲ ਸਜ਼ਾ ਪੂਰੀ ਹੋਣ ਤੋਂ ਬਾਅਦ ਜੁਰਮਾਨਾ ਨਾ ਅਦਾ ਕਰਨ 'ਤੇ 18 ਮਈ 2022 ਨੂੰ ਸਿਰ ਕਲ਼ਮ ਕੀਤਾ ਜਾਣਾ ਸੀ ਪਰ ਲੋਕਾਂ ਦੀ ਮਦਦ ਨਾਲ 22 ਮਈ 2022 ਨੂੰ 2 ਕਰੋੜ ਰੁਪਏ ਦੀ ਰਾਸ਼ੀ ਇਕੱਠੀ ਕਰਕੇ ਸਾਊਦੀ ਅਰਬ ਭੇਜੀ ਗਈ। ਉਸ ਤੋਂ ਬਾਅਦ ਉੱਥੋਂ ਦੀ ਅਦਾਲਤ ਨੇ ਬਲਵਿੰਦਰ ਸਿੰਘ ਦਾ ਸਿਰ ਕਲ਼ਮ ਕਰਨ ਦੀ ਸਜ਼ਾ ਟਾਲ ਦਿੱਤੀ ਸੀ।

ਆਮ ਪਰਿਵਾਰ ਇੰਨੀ ਰਕਮ ਅਦਾ ਕਰਨ ਦੇ ਸਮਰੱਥ ਨਹੀਂ ਸਨ। ਇਸ ਲਈ ਉਨ੍ਹਾਂ ਦੇਸ਼-ਵਿਦੇਸ਼ ਵਿਚ ਵਸਦੇ ਸਮੂਹ ਦਾਨੀ ਸੱਜਣਾਂ ਨੂੰ ਮਦਦ ਦੀ ਅਪੀਲ ਕੀਤੀ, ਜਿਸ ਤੋਂ ਬਾਅਦ ਦੁਬਈ ਦੇ ਉੱਘੇ ਹੋਟਲ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਸੰਸਥਾਪਕ ਡਾ. ਐੱਸ.ਪੀ. ਸਿੰਘ ਓਬਰਾਏ ਨੇ ਸਹਿਯੋਗ ਦਿੱਤਾ। ਇਸ ਤੋਂ ਬਾਅਦ ਹੋਰ ਲੋਕਾਂ ਦੀ ਮਦਦ ਨਾਲ ਸਿਰ ਕਲ਼ਮ ਕਰਨ ਦੀ ਤਰੀਕ 18 ਮਈ 2022 ਤੋਂ ਕੁਝ ਦਿਨ ਪਹਿਲਾਂ ਇਹ ਰਕਮ ਸਾਊਦੀ ਅਰਬ ਦੀ ਅਦਾਲਤ ਨੂੰ ਭੇਜ ਦਿੱਤੀ ਗਈ।

ਮ੍ਰਿਤਕ ਦੇ ਪਰਿਵਾਰ ਨੂੰ ਰਾਸ਼ੀ ਦੇਣ ਤੋਂ ਬਾਅਦ ਵੀ ਅਦਾਲਤ ਵੱਲੋਂ ਬਲਵਿੰਦਰ ਸਿੰਘ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਸੀ, ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਸਮੇਤ ਬਹੁਤ ਸਾਰੇ ਪੰਜਾਬੀਆਂ ਵੱਲੋਂ ਕੀਤੇ ਲੰਬੇ ਸੰਘਰਸ਼ ਤੋਂ ਬਾਅਦ ਆਖਿਰਕਾਰ ਸਾਊਦੀ ਅਰਬ ਦੀ ਸਰਕਾਰ ਪਾਸੋਂ ਬਲਵਿੰਦਰ ਸਿੰਘ ਦੀ ਰਿਹਾਈ ਕਰਵਾਈ ਗਈ। ਇਸ ਵੱਡੀ ਘਾਲਣਾ ਤੋਂ ਬਾਅਦ ਬਲਵਿੰਦਰ ਆਪਣੇ ਪਰਿਵਾਰ 'ਚ ਪਹੁੰਚ ਗਿਆ। ਭਾਵੇਂ ਕਿ ਉਸ ਦੇ ਮਾਤਾ-ਪਿਤਾ ਉਸ ਦਾ ਮੁੱਖ ਵੇਖੇ ਬਿਨਾਂ ਹੀ ਇਸ ਜਹਾਨ ਤੋਂ ਰੁਖ਼ਸਤ ਹੋ ਗਏ ਪਰ ਬਲਵਿੰਦਰ ਦੇ ਵਤਨ ਵਾਪਸ ਆਉਣ 'ਤੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ 'ਚ ਭਾਰੀ ਖ਼ੁਸ਼ੀ ਪਾਈ ਜਾ ਰਹੀ ਹੈ। ਪਿੰਡ ਮੱਲ੍ਹਣ ਪੁੱਜਣ 'ਤੇ ਪਿੰਡ ਵਾਸੀਆਂ ਵੱਲੋਂ ਉਸ ਦਾ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਆਪਣੀ ਦੁੱਖ ਭਰੀ ਦਾਸਤਾਨ ਦੱਸਦਿਆਂ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਨਾ ਜਾਣ ਅਤੇ ਪੰਜਾਬ 'ਚ ਕੰਮ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ। ਉਸ ਨੇ ਕਿਹਾ ਕਿ ਵਿਦੇਸ਼ਾਂ 'ਚ ਪੰਜਾਬੀ ਨੌਜਵਾਨਾਂ ਨੂੰ ਬਹੁਤ ਦੁੱਖ ਝੱਲਣੇ ਪੈਂਦੇ ਹਨ। ਉਹ ਖੁਦ ਵੀ ਰੁਜ਼ਗਾਰ ਦੀ ਖਾਤਿਰ ਹੀ ਸਾਊਦੀ ਅਰਬ ਗਿਆ ਸੀ ਪਰ ਉਸ ਦੀ ਜ਼ਿੰਦਗੀ ਦੁੱਖਾਂ 'ਚ ਹੀ ਬੀਤੀ। ਉਸ ਨੇ ਸਰਕਾਰਾਂ 'ਤੇ ਰੋਸ ਜਤਾਇਆ ਕਿ ਜੇਕਰ ਸਰਕਾਰਾਂ ਸਾਡੇ ਨੌਜਵਾਨਾਂ ਨੂੰ ਸਹੀ ਰੁਜ਼ਗਾਰ ਦੇਣ ਤਾਂ ਅਜਿਹੀਆਂ ਮੁਸੀਬਤਾਂ ਦਾ ਸਾਹਮਣਾ ਨਾ ਕਰਨਾ ਪਵੇ।

# ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੇ ਕਤਲਕਾਂਡ 'ਚ ਸ਼ਾਮਲ ਗੈਂਗਸਟਰ ਗ੍ਰਿਫ਼ਤਾਰ



ਫਰੀਦਾਬਾਦ, (ਪੰਜਾਬ ਮੇਲ)- ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਕਤਲਕਾਂਡ 'ਚ ਫਰਾਰ ਵਾਂਟੇਡ ਗੈਂਗਸਟਰ ਹੈਰੀ ਰਾਜਪੁਰਾ ਨੂੰ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਫਰੀਦਾਬਾਦ ਤੋਂ ਗ੍ਰਿਫ਼ਤਾਰ ਕੀਤਾ ਹੈ। ਹੈਰੀ ਤਿਹਾੜ ਜੇਲ੍ਹ 'ਚ ਬੰਦ ਗੈਂਗਸਟਰ ਕੌਸ਼ਲ ਦਾ ਸਾਥੀ ਹੈ।

ਹੈਰੀ ਪੰਜਾਬ ਦੇ ਰਾਜਪੁਰਾ ਦਾ ਰਹਿਣ ਵਾਲਾ ਹੈ ਅਤੇ ਉਹ ਬੰਬੀਹਾ ਗੈਂਗ ਦਾ ਮੁੱਖ ਸ਼ੂਟਰ ਹੈ। ਉਸ ਨੇ ਕਈ ਅਪਰਾਧਕ ਵਾਰਦਾਤਾਂ ਨੂੰ ਪੰਜਾਬ 'ਚ ਅੰਜ਼ਾਮ ਦਿੱਤਾ। ਹੈਰੀ ਜੇਲ੍ਹ ਵਿਚ ਬੰਦ ਗੈਂਗਸਟਰ ਫਤਿਹ ਨਾਗਰੀ ਅਤੇ ਕੈਨੇਡਾ 'ਚ ਬੈਠੇ ਸੁਖਾਦੁਨੀ ਦੇ ਇਸ਼ਾਰੇ 'ਤੇ ਲਗਾਤਾਰ ਪੰਜਾਬ ਵਿਚ ਅਪਰਾਧਕ ਵਾਰਦਾਤਾਂ ਨੂੰ ਅੰਜ਼ਾਮ ਦਿੰਦਾ ਆ ਰਿਹਾ।

ਦੱਸਣਯੋਗ ਹੈ ਕਿ ਕਬੱਡੀ ਖਿਡਾਰੀ ਸੰਦੀਪ ਨੰਗਲ ਦਾ ਸਾਲ 2022 ਵਿਚ ਕਬੱਡੀ ਮੈਚ ਮਗਰੋਂ ਕਤਲ ਕਰ ਦਿੱਤਾ ਗਿਆ ਸੀ, ਜਿਸ ਵਿਚ ਹੈਰੀ ਰਾਜਪੁਰਾ ਕਾਤਲਾਂ ਦੀ ਗੱਡੀ ਚਲਾ ਰਿਹਾ ਸੀ। ਹੈਰੀ 'ਤੇ ਇਸ ਤੋਂ ਪਹਿਲਾਂ ਬਠਿੰਡਾ ਵਿਚ ਡਬਲ ਮਰਡਰ ਅਤੇ ਇਕ ਹਰਿਆਣਾ ਦੇ ਪਲਵਲ ਵਿਚ ਕਤਲਕਾਂਡ ਦਾ ਵੀ ਦੋਸ਼ ਹੈ। ਜਲੰਧਰ ਪੁਲਿਸ ਗੈਂਗਸਟਰ ਹੈਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਾਵੇਗੀ ਅਤੇ ਸੰਦੀਪ ਕਤਲਕਾਂਡ ਵਿਚ ਪੁੱਛ-ਗਿੱਛ ਕਰੇਗੀ। ਸੰਦੀਪ ਨੰਗਲ ਦਾ ਕਤਲ 14 ਮਾਰਚ 2022 ਨੂੰ ਕੀਤਾ ਗਿਆ ਸੀ।

# ਹਰਿਮੰਦਰ ਸਾਹਿਬ ਤੋਂ ਬਾਅਦ ਪੰਚਕੂਲਾ ਸਥਿਤ ਗੁਰਦੁਆਰਾ ਨਾਢਾ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਹੋਵੇਗਾ ਸਿੱਧਾ ਪ੍ਰਸਾਰਨ

ਪੰਚਕੂਲਾ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਆਪਣੇ ਯੂ-ਟਿਊਬ ਚੈਨਲ 'ਤੇ ਸ਼ੁਰੂ ਕਰਨ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਚਕੂਲਾ ਦੇ ਗੁਰਦੁਆਰਾ ਨਾਢਾ ਸਾਹਿਬ ਤੋਂ ਰੋਜ਼ਾਨਾ ਦੁਨੀਆਂ ਭਰ 'ਚ ਇਸ ਦਾ ਸਿੱਧਾ ਪ੍ਰਸਾਰਨ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ.ਐੱਸ.ਜੀ.ਐੱਮ.ਸੀ.) ਦੇ ਕਾਰਜਕਾਰੀ ਜਨਰਲ ਸਕੱਤਰ ਰਮਨੀਕ ਸਿੰਘ ਨੇ ਦੱਸਿਆ, 'ਕਮੇਟੀ ਦਾ ਚਾਰਜ ਸੰਭਾਲਣ ਤੋਂ ਬਾਅਦ ਅਸੀਂ ਪਹਿਲਾ ਫੈਸਲਾ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਤੋਂ ਸਿੱਧਾ ਪ੍ਰਸਾਰਨ ਸ਼ੁਰੂ ਕਰਨ ਦਾ ਹੈ, ਜੋ ਸੋਮਵਾਰ ਤੋਂ ਸ਼ੁਰੂ ਹੋਇਆ ਹੈ। ਗੁਰਬਾਣੀ ਦਾ ਹੁਣ ਵਿਸ਼ਵ ਪੰਜਾਬੀ ਟੀ.ਵੀ. ਰਾਹੀਂ ਦੁਨੀਆਂ ਭਰ ਦੇ 63 ਦੇਸ਼ਾਂ ਵਿਚ ਤੜਕੇ 2.45 ਵਜੇ ਤੋਂ ਸਵੇਰੇ 8 ਵਜੇ ਤੱਕ ਸਿੱਧਾ ਪ੍ਰਸਾਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਾਰੇ ਪ੍ਰਮੁੱਖ ਪਲੇਟਫਾਰਮਾਂ 'ਤੇ ਉਪਲਬਧ ਹੈ।




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਅੰਤਰਰਾਜੀ ਹਥਿਆਰ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

**■ ਗਿਰੋਹ ਦੇ 05 ਮੈਂਬਰ ਗ੍ਰਿਫਤਾਰ, 21 ਪਿਸਟਲ ਬਰਾਮਦ**



**ਸੰਗਰੂਰ, (ਦਲਜੀਤ ਕੌਰ/ਪੰਜਾਬ ਮੇਲ)-** ਸ਼੍ਰੀ ਮੁਖਵਿੰਦਰ ਸਿੰਘ ਛੀਨਾ, ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪਟਿਆਲਾ ਰੇਂਜ, ਪਟਿਆਲਾ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਸ਼੍ਰੀ ਸੁਰੇਂਦਰ ਲਾਂਬਾ, ਐੱਸ.ਐੱਸ.ਪੀ. ਸੰਗਰੂਰ ਦੀ ਯੋਗ ਅਗਵਾਈ ਹੇਠ ਸ਼੍ਰੀ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਅਤੇ ਪ੍ਰਿਥਵੀ ਸਿੰਘ ਚਹਿਲ, ਉਪ ਕਪਤਾਨ ਪੁਲਿਸ ਸਬ ਡਵੀਜਨ ਦਿੜ੍ਹਬਾ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਥਾਣੇਦਾਰ ਪ੍ਰਤੀਕ ਜਿੰਦਲ ਮੁੱਖ ਅਫ਼ਸਰ ਥਾਣਾ ਛਾਜਲੀ ਸਮੇਤ ਪੁਲਿਸ ਪਾਰਟੀ ਇਤਲਾਹ ਮਿਲਣ 'ਤੇ ਮਹਿਲਾਂ ਚੌਂਕ ਵਿਖੇ ਪੁੱਜੇ, ਤਾਂ 2 ਸ਼ੱਕੀ ਵਿਅਕਤੀ ਪੁਲਿਸ ਨੂੰ ਵੇਖ ਕੇ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਿਸ ਪਾਰਟੀ ਵੱਲੋਂ ਰਾਉਂਡਅੱਪ ਕਰਕੇ ਤਲਾਸ਼ੀ ਲੈਣ ਤੇ ਉਨ੍ਹਾਂ ਦੇ ਬੈਗ ਵਿਚੋਂ 21 ਪਿਸਟਲ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਪਹਿਚਾਣ ਬਲਜਿੰਦਰ ਸਿੰਘ ਉਰਫ ਰੌਕ ਉਰਫ ਰੋਹਿਤ ਪੁੱਤਰ ਗੁਰਮੀਤ ਸਿੰਘ ਵਾਸੀ ਮਕਾਨ ਨੰਬਰ 48 ਬੀ, ਗਲੀ ਨੰਬਰ 02, ਨੇੜੇ ਆਨੰਦਪੁਰੀ ਕਾਲੀ ਸੜਕ ਲੁਧਿਆਣਾ ਅਤੇ ਕਰਨ ਸਰਮਾਂ ਪੁੱਤਰ ਸ਼ਿਵ ਕੁਮਾਰ ਸਰਮਾਂ ਵਾਸੀ ਮਕਾਨ ਨੰਬਰ 251, ਗਲੀ ਨੰਬਰ 03, ਨਵੀਂ ਕੁੰਦਨਪੁਰੀ ਸਿਵਲ ਲਾਇਨ ਲੁਧਿਆਣਾ ਦੇ ਰੂਪ ਵਿਚ ਕੀਤੀ ਗਈ, ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 78 ਮਿਤੀ 05.09.2023 ਅ/ਧ 24(7-1)/54/59 ਆਰਮਜ਼ ਐਕਟ (ਅਮੈਂਡਮੈਂਟ ਆਫ 2019) ਥਾਣਾ ਛਾਜਲੀ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿਚ ਲਿਆਂਦੀ ਗਈ।


ਏ.ਡੀ.ਜੀ.ਪੀ. ਨੇ ਦੱਸਿਆ ਕਿ ਦੌਰਾਨ ਤਫਤੀਸ਼ ਕਥਿਤ ਦੋਸ਼ੀਆਂ ਦੀ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਕਥਿਤ ਦੋਸ਼ੀ ਲੁਧਿਆਣਾ ਤੋਂ ਮੱਧ ਪ੍ਰਦੇਸ਼ ਵਿਖੇ ਨਾਜਾਇਜ਼ ਅਸਲਾ ਲੈਣ ਲਈ ਗਏ ਸਨ, ਜਿੱਥੋਂ ਉਹ ਵਾਪਸ ਆਉਂਦੇ ਹੋਏ ਬੱਸ ਬਦਲੀ ਕਰਨ ਲਈ ਮਹਿਲਾਂ ਚੌਂਕ ਤੋਂ ਉਤਰੇ ਸਨ, ਜਿੱਥੋਂ ਪੁਲਿਸ ਪਾਰਟੀ ਵੱਲੋਂ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਗੇ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅਸਲਾ ਉਕਤ ਕਥਿਤ ਦੋਸ਼ੀਆਂ ਪਾਸੋਂ ਰਾਜੀਵ ਕੌਸ਼ਲ ਉਰਫ ਗੁੱਗੂ ਉਰਫ ਗੁਗਲੂ ਪੁੱਤਰ ਸੁਰਿੰਦਰ ਕੌਸ਼ਲ ਵਾਸੀ ਪਿੰਡ ਦੇਹਲਾ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼ ਨੇ ਮੰਗਵਾਇਆ ਸੀ, ਤੇ ਉਸ ਨੇ ਹੀ ਮੱਧ ਪ੍ਰਦੇਸ਼ ਦੇ ਗੈਰਕਾਨੂੰਨੀ ਹਥਿਆਰ ਬਣਾਉਣ ਵਾਲੇ ਬੰਦੇ ਨਾਲ ਰਾਬਤਾ ਕਰਾਇਆ ਸੀ। ਇਨ੍ਹਾਂ ਦੀ ਪੁੱਛ-ਗਿੱਛ ਤੋਂ ਇਨ੍ਹਾਂ ਦੇ ਆਉਣ-ਜਾਣ ਅਤੇ ਹੋਰ ਖਰਚਿਆਂ ਦੇ ਸਬੰਧ ਵਿਚ ਰਾਜੀਵ ਕੌਸ਼ਲ ਦੇ ਇਸ਼ਾਰੇ 'ਤੇ ਪੈਸੇ ਟਰਾਂਸਫਰ ਕਰਨ ਵਾਲੇ ਹੇਮੰਤ ਮਨਹੋਤਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਵਾਰਡ ਨੰਬਰ 02, ਗਲੀ ਨੰਬਰ 06, ਮਕਾਨ ਨੰਬਰ 1636, ਨਿਊ ਬਸੰਤ ਵਿਹਾਰ ਕਾਕੂਆਲ ਰੋਡ ਲੁਧਿਆਣਾ, ਥਾਣਾ ਬਸਤੀ ਜੋਧੇਵਾਲ ਦੀ ਪਹਿਚਾਣ ਕਰਕੇ ਉਸ ਨੂੰ ਮਿਤੀ 05.09.2023 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਥਿਤ ਦੋਸ਼ੀ ਰਾਜੀਵ ਕੌਸ਼ਲ ਉਰਫ ਗੱਗੂ ਨੂੰ ਮਿਤੀ 10.09.2023 ਨੂੰ

# ਪੰਜਾਬ ਪੁਲਿਸ ਦੀ ਏ.ਜੀ.ਟੀ.ਐੱਫ. ਵੱਲੋਂ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਗੈਂਗਸਟਰ ਸੋਨੂੰ ਖੱਤਰੀ ਦੇ ਤਿੰਨ ਸ਼ੂਟਰਾਂ ਗ੍ਰਿਫਤਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਸ਼ੁੱਕਰਵਾਰ ਨੂੰ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ, ਭਾਰਤ ਭਰ 'ਚ ਚਲਾਈ ਮੁਹਿੰਮ ਦੌਰਾਨ ਕਥਿਤ ਗੈਂਗਸਟਰ ਸੋਨੂੰ ਖੱਤਰੀ ਦੇ ਤਿੰਨ ਸ਼ੂਟਰਾਂ ਨੂੰ ਕਾਬੂ ਕੀਤਾ। ਗੈਂਗਸਟਰ ਸੋਨੂੰ ਖੱਤਰੀ ਅੱਤਵਾਦੀ ਹਰਵਿੰਦਰ ਰਿੰਦਾ ਦਾ ਕਰੀਬੀ ਸਾਥੀ ਹੈ।

ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਗ੍ਰਿਫ਼ਤਾਰ ਕੀਤੇ ਗਏ ਸ਼ੂਟਰਾਂ ਦੀ ਪਛਾਣ ਜਲੰਧਰ ਦੇ ਨਿਊ ਦਿਓਲ ਨਗਰ ਦੇ ਸੁਖਮਨਜੋਤ ਸਿੰਘ ਉਰਫ਼ ਸੁਖਮਨ ਬਰਾੜ, ਐੱਸ.ਬੀ.ਐੱਸ. ਨਗਰ ਦੇ ਪਿੰਡ ਲੋਧੀਪੁਰ ਦੇ ਜਸਕਰਨ ਸਿੰਘ ਉਰਫ਼ ਜੱਸੀ ਲੋਧੀਪੁਰ ਅਤੇ ਜਲੰਧਰ ਦੇ ਪਿੰਡ ਫਲੋਰੀਵਾਲ ਦੇ ਜੋਗਰਾਜ ਸਿੰਘ ਉਰਫ਼ ਜੋਗਾ ਵਜੋਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਇਨ੍ਹਾਂ ਕੋਲੋਂ .32 ਬੋਰ ਦੇ ਤਿੰਨ ਵਿਦੇਸ਼ੀ ਪਿਸਤੌਲ ਵੀ ਬਰਾਮਦ ਕੀਤੇ ਹਨ। ਡੀ.ਜੀ.ਪੀ. ਨੇ ਕਿਹਾ, "ਖੁਫੀਆ ਜਾਣਕਾਰੀ 'ਤੇ ਆਧਾਰਿਤ ਇਸ ਕਾਰਵਾਈ ਵਿਚ, ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏ.ਜੀ.ਟੀ.ਐੱਫ. ਪੰਜਾਬ ਦੀਆਂ ਪੁਲਿਸ ਟੀਮਾਂ ਨੇ ਨੇਪਾਲ ਭੱਜਣ ਦੀ ਕੋਸ਼ਿਸ਼ ਕਰ ਰਹੇ ਮੁਲਜ਼ਮ ਸੁਖਮਨ ਬਰਾੜ ਨੂੰ ਭਾਰਤ-ਨੇਪਾਲ ਬਾਰਡਰ ਤੋਂ ਕਾਬੂ ਕੀਤਾ, ਜਦਕਿ ਉਸਦੇ ਦੋ ਹੋਰ ਵਿਅਕਤੀਆਂ ਨੂੰ ਗੁਰੂਗ੍ਰਾਮ, ਹਰਿਆਣਾ ਤੋਂ ਗ੍ਰਿਫ਼ਤਾਰ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਸ਼ੂਟਰਾਂ ਦੀ ਤਿਕੜੀ ਕਾਠਮੰਡੂ, ਨੇਪਾਲ ਤੋਂ ਵਿਦੇਸ਼ ਭੱਜਣ ਲਈ ਜਾਅਲੀ ਪਾਸਪੋਰਟ ਤਿਆਰ ਕਰਨ ਦੀ ਯੋਜਨਾ ਬਣਾ ਰਹੇ ਸੀ।

# ਮੈਕਸੀਕੋ ਨਾਲ ਲੱਗਦੀ ਸਰਹੱਦ ਰਸਤੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ 'ਚ ਦਾਖਲੇ ਨੂੰ ਰੋਕਣ ਲਈ ਦਰਿਆ 'ਚ ਲਾਈਆਂ ਰੋਕਾਂ ਹਟਾਉਣ ਦੇ ਆਦੇਸ਼



ਮੈਕਸੀਕੋ ਦੀ ਸਰਹੱਦ ਨੇੜੇ ਰੀਓ ਗਰਾਂਡੇ ਦਰਿਆ 'ਚ ਨਜ਼ਰ ਆ ਰਹੀਆਂ ਤੈਰਦੀਆਂ ਰੋਕਾਂ।

**■ ਗਵਰਨਰ ਨੇ ਕਿਹਾ; ਫੈਸਲੇ ਨੂੰ ਦੇਣਗੇ ਚੁਣੌਤੀ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇਕ ਸੰਘੀ ਅਦਾਲਤ ਨੇ ਟੈਕਸਾਸ ਦੇ ਗਵਰਨਰ ਗਰੇਗ ਅਬੌਟ ਤੇ ਟੈਕਸਾਸ ਰਾਜ ਨੂੰ ਆਦੇਸ਼ ਦਿੱਤਾ ਹੈ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਰੀਓ ਗਰਾਂਡੇ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਨੂੰ ਘੱਟੋ-ਘੱਟ ਆਰਜੀ ਤੌਰ 'ਤੇ ਹਟਾ ਲਿਆ ਜਾਵੇ। ਇਸ ਨੂੰ ਬਾਇਡਨ ਪ੍ਰਸ਼ਾਸਨ ਦੀ ਜਿੱਤ ਮੰਨਿਆ ਜਾ ਰਿਹਾ ਹੈ। ਸੀਨੀਅਰ ਯੂ.ਐੱਸ. ਜੱਜ ਡੇਵਿਡ ਐਲਨ ਈਜ਼ਰਾ ਨੇ ਆਪਣੇ 42 ਸਫਿਆਂ ਦੇ ਆਦੇਸ਼ 'ਚ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਗੁਣਾਂ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲੈਣ ਵਿਚ ਸਫਲ ਹੋਵੇਗਾ। ਜੱਜ ਨੇ ਇਹ ਫੈਸਲਾ ਦਰਿਆ 'ਚ ਲਾਈਆਂ ਰੋਕਾਂ ਦੇ ਮਾਮਲੇ ਵਿਚ ਗਵਰਨਰ ਅਬੌਟ ਤੇ ਟੈਕਸਾਸ ਰਾਜ ਖਿਲਾਫ ਜੁਲਾਈ 'ਚ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਣਾਇਆ। ਜੱਜ ਨੇ ਕਿਹਾ ਕਿ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਸਮੁੰਦਰੀ ਕਿਸ਼ਤੀਆਂ ਦੇ ਰਾਹ 'ਚ ਰੁਕਾਵਟ ਹਨ ਤੇ ਇਨ੍ਹਾਂ ਰੋਕਾਂ ਨੂੰ ਲਾਉਣ ਲਈ ਅਮਰੀਕੀ ਕਾਂਗਰਸ ਕੋਲੋਂ ਮਨਜ਼ੂਰੀ ਲੈਣੀ ਪਵੇਗੀ। ਗਵਰਨਰ ਨੇ ਈਗਲ ਲਾਂਘੇ ਨੇੜੇ ਕੌਮਾਂਤਰੀ ਰੀਓ ਗਰਾਂਡੇ ਦਰਿਆ 'ਚ ਇਹ ਰੋਕਾਂ ਲਾਉਣ ਦਾ ਆਦੇਸ਼ ਦਿੱਤਾ ਸੀ, ਤਾਂ ਜੋ ਬਿਨਾਂ ਕਾਨੂੰਨੀ ਅਧਿਕਾਰ ਦੇ ਟੈਕਸਾਸ ਵਿਚ ਦਾਖਲ ਹੁੰਦੇ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਬੌਟ ਨੇ ਕਿਹਾ ਹੈ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਉਨ੍ਹਾਂ ਕਿਹਾ ਕਿ ਅਦਾਲਤ ਦਾ ਨਿਰਣਾ ਰਾਸ਼ਟਰਪਤੀ ਬਾਇਡਨ ਦੀ ਟੈਕਸਾਸ ਦੁਆਰਾ ਚੁੱਕੇ ਜਾ ਰਹੇ ਦਰੁੱਸਤ ਕਦਮਾਂ ਨੂੰ ਮਾਨਤਾ ਨਾ ਦੇਣ ਦੀ ਕੋਸ਼ਿਸ਼ ਦੇ ਹੱਕ ਵਿਚ ਭੁਗਤੇਗਾ। ਇਹ ਫੈਸਲਾ ਸਹੀ ਨਹੀਂ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਉਹ ਅਪੀਲ ਦਾਇਰ ਕਰਨਗੇ।

Global Allianz
LAW FIRM LLP
ਕਾਨੂੰਨੀ ਸਲਾਹ

Atul Kapoor
C.E.O
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਨਹੀਂ ਰਹੇ ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਅਤੇ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਰਾਜਾ ਹਰਨਰਿੰਦਰ ਸਿੰਘ

**ਲੁਧਿਆਣਾ/ਸੰਗਰੂਰ, (ਸੁਨੀਲ ਕੁਮਾਰ ਨੀਲ/ਪੰਜਾਬ ਮੇਲ)**- ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਅਤੇ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 91 ਵਰਿਆ ਦੇ ਸਨ। ਉਹ ਆਪਣੇ ਪਿੱਛੇ ਇੱਕ ਬੇਟਾ, ਇੱਕ ਬੇਟੀ ਅਤੇ ਹੋਰ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਬੇਟੀ ਜਸਲੀਨ ਕੌਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਮੌਜੂਦਾ ਪ੍ਰਿੰਸੀਪਲ ਹੈ। ਉਹ ਇਸ ਵਕਤ ਆਪਣੀ ਬੇਟੀ ਕੋਲ ਹੀ ਰਹਿੰਦੇ ਸਨ।

ਉਨ੍ਹਾਂ ਦਾ ਅੰਤਿਮ ਸੰਸਕਾਰ ਜਲੰਧਰ ਵਿਖੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ 19 ਸਤੰਬਰ, ਦਿਨ ਮੰਗਲਵਾਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਨੀਅਤ ਕੀਤੀ ਗਈ।

ਉਨ੍ਹਾਂ ਬਾਬਤ ਜਾਣਕਾਰੀ ਦਿੰਦਿਆਂ ਹੋਇਆਂ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਸ. ਜਗਰੂਪ ਸਿੰਘ ਜਰਖੜ ਹੋਰਾਂ ਨੇ ਦੱਸਿਆ ਕਿ ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਜਰਖੜ ਦਾ ਜਨਮ 14 ਅਕਤੂਬਰ, 1932 ਨੂੰ ਲਾਹੌਰ ਵਿਚ ਡਾਕਟਰ ਜਗਨੰਦਨ ਸਿੰਘ ਸਾਬਕਾ ਡਾਇਰੈਕਟਰ ਸਿਹਤ ਵਿਭਾਗ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਪਾਲਣ-ਪੋਸ਼ਣ ਪਿੰਡ



ਰਾਜਾ ਹਰਨਰਿੰਦਰ ਸਿੰਘ

ਜਰਖੜ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਲਾਹੌਰ ਤੋਂ ਕੀਤੀ, ਜਦਕਿ ਐੱਮ.ਏ. ਦੀ ਡਿਗਰੀ ਸਰਕਾਰੀ ਕਾਲਜ ਲੁਧਿਆਣਾ ਤੋਂ 1956 ਵਿਚ ਕੀਤੀ। 1958 ਵਿਚ ਖਾਲਸਾ ਕਾਲਜ ਲੁਧਿਆਣਾ ਵਿਖੇ ਲੈਕਚਰਾਰ ਵਜੋਂ ਨਿਯੁਕਤ ਹੋਏ। 1959 ਵਿਚ ਉਹ ਗੜ੍ਹਦੀਵਾਲਾ ਵਿਖੇ ਪ੍ਰਿੰਸੀਪਲ ਬਣੇ, ਫਿਰ 1969 ਵਿਚ ਉਹ ਖ਼ਾਲਸਾ ਕਾਲਜ ਨਕੋਦਰ ਵਿਖੇ ਪ੍ਰਿੰਸੀਪਲ ਬਣੇ। 1977 ਵਿਚ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਰਹੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਰ ਵੱਖ-ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹੇ। 1986 ਤੋਂ 1987 ਤੱਕ ਜਰਖੜ ਖੇਡਾਂ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਪਿੰਡ ਜਰਖੜ ਦੇ ਸਕੂਲ ਨੂੰ ਅਪਗ੍ਰੇਡ ਕਰਕੇ ਪਹਿਲਾ 10ਵੀਂ, ਫੇਰ 12ਵੀਂ ਤੱਕ ਬਣਾਇਆ। ਉਹ ਆਪਣੇ ਸਮੇਂ ਦੇ ਕ੍ਰਿਕਟ ਦੇ ਵਧੀਆ ਖਿਡਾਰੀ ਵੀ ਰਹੇ ਹਨ। ਉਨ੍ਹਾਂ ਦੇ ਸਤਿਕਾਰਯੋਗ ਪਿਤਾ ਡਾਕਟਰ ਜਗਨੰਦਨ ਸਿੰਘ ਸਿਹਤ ਵਿਭਾਗ ਦੇ ਡਾਇਰੈਕਟਰ ਰਹੇ ਹਨ। ਉਨ੍ਹਾਂ ਨੇ ਪਿੰਡ ਜਰਖੜ ਪ੍ਰਤੀ ਬਹੁਤ ਹੀ ਵਧੀਆ ਸੇਵਾਵਾਂ ਦਿੱਤੀਆਂ ਹਨ।


ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਅਤੇ ਜਰਖੜ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਗਦੇਵ ਸਿੰਘ ਜਰਖੜ, ਪ੍ਰਿੰਸੀਪਲ ਰਾਮਦੇਵ, ਸੁਰਜੀਤ ਹਾਕੀ ਸੁਸਾਇਟੀ ਵੱਲੋਂ ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਅਤੇ ਹੋਰ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਦੀਆਂ ਸਮਾਜ ਪ੍ਰਤੀ ਦਿੱਤੀਆਂ ਸੇਵਾਵਾਂ ਦੀ ਸਲਾਘਾ ਕੀਤੀ। ਪੰਜਾਬ ਦੇ ਜੰਮਪਲ ਇਸ ਵਿਲੱਖਣ ਵਿਦਵਾਨ ਦੀ ਰੂਹ ਨੂੰ ਸਾਦਰ ਨਮਨ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com










# ਮਿਨੇਸੋਟਾ ’ਚ ਗੈਰ ਕਾਨੂੰਨੀ ਪ੍ਰਵਾਸੀ ਡਰਾਈਵਿੰਗ ਲਾਇਸੰਸ ਬਣਾਉਣ ਲਈ ਅਗਲੇ ਮਹੀਨੇ ਤੋਂ ਦੇ ਸਕਣਗੇ ਦਰਖਾਸਤਾਂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਮਿਨੇਸੋਟਾ ਰਾਜ ’ਚ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ ਤਕਰੀਬਨ 81000 ਪ੍ਰਵਾਸੀ ਅਗਲੇ ਮਹੀਨੇ ਤੋਂ ਡਰਾਈਵਿੰਗ ਲਾਇਸੰਸ ਬਣਾਉਣ ਲਈ ਦਰਖਾਸਤਾਂ ਦੇ ਸਕਣਗੇ। ਇਹ ਐਲਾਨ ਸਟੇਟ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਕੀਤਾ ਹੈ। ਇਕ ਜਾਰੀ ਪ੍ਰੈੱਸ ਬਿਆਨ ’ਚ ਜਨਤਕ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ‘ਮਿਨੇਸੋਟਾ ਡਰਾਈਵਰ’ਜ਼ ਲਾਇਸੰਸ ਫਾਰ ਆਲ ਪ੍ਰੋਗਰਾਮ’ ਦੀ ਸ਼ੁਰੂਆਤ 1 ਅਕਤੂਬਰ ਤੋਂ ਹੋਵੇਗੀ। ਜਾਰੀ ਬਿਆਨ ਵਿਚ ‘ਮਿਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ’ ਦੇ ਡਾਇਰੈਕਟਰ ਪੌਂਗ ਸੀਆਂਗ ਨੇ ਕਿਹਾ ਹੈ ਕਿ ਅਸੀਂ ਅਮਰੀਕਾ ਵਿਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿ ਰਹੇ ਪ੍ਰਵਾਸੀਆਂ ਸਮੇਤ ਰਾਜ ਦੇ ਹੋਰ ਵਾਸੀਆਂ ਕੋਲੋਂ ਡਰਾਈਵਰ ਲਾਇਸੰਸ ਬਣਾਉਣ ਲਈ ਦਰਖਾਸਤਾਂ ਲੈਣੀਆਂ ਸ਼ੁਰੂ ਕਰ ਰਹੇ ਹਾਂ। ਜਾਰੀ ਬਿਆਨ ਵਿਚ ਕਿਹਾ ਹੈ ਕਿ ਡਰਾਈਵਿੰਗ ਲਾਇਸੰਸ ਲਈ ਦਰਖਾਸਤ ਦੇਣ ਵਾਸਤੇ ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਰਹਿਣ ਸਬੰਧੀ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ। ਸਿਆਂਗ ਨੇ ਕਿਹਾ ਹੈ ਕਿ ਉਹ ਸਮਝਦੇ ਹਨ ਕਿ ਕਿਸੇ ਕੋਲ ਡਰਾਈਵਿੰਗ ਲਾਇਸੰਸ ਹੋਣ ਦੀ ਕਿੰਨੀ ਅਹਿਮੀਅਤ ਹੈ। ਡਰਾਈਵਿੰਗ ਲਾਇਸੰਸ ਨਾਲ ਕੋਈ ਵਿਅਕਤੀ ਰੁਜ਼ਗਾਰ ’ਤੇ ਲੱਗ ਸਕਦਾ ਹੈ ਤੇ ਉਹ ਹਰ ਖੇਤਰ ਵਿਚ ਆਜ਼ਾਦੀ ਨਾਲ ਵਿਚਰ ਸਕਦਾ ਹੈ। ਜਾਰੀ ਬਿਆਨ ਅਨੁਸਾਰ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਕ ਬਿੱਲ ਉਪਰ ਇਸ ਸਾਲ ਮਾਰਚ ’ਚ ਦਸਤਖਤ ਕਰ ਦਿੱਤੇ ਸਨ, ਜਿਸ ਤਹਿਤ ਸਾਰਿਆਂ ਲਈ ਡਰਾਈਵਿੰਗ ਲਾਇਸੰਸ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ।

**ਅਮਰੀਕਾ ’ਚ ਕਾਨੂੰਨੀ ਤੌਰ ’ਤੇ ਰਹਿਣ ਸਬੰਧੀ ਸਬੂਤ ਦੇਣ ਦੀ ਨਹੀਂ ਪਵੇਗੀ ਲੋੜ**



‘ਮਿਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ਼’ ਦੇ ਡਾਇਰੈਕਟਰ ਪੌਂਗ ਸੀਆਂਗ ਡਰਾਈਵਿੰਗ ਲਾਇਸੰਸ ਬਾਰੇ ਜਾਣਕਾਰੀ ਦਿੰਦੇ ਹੋਏ।


## MATRIMONIAL

Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319


## ਐਲਨ ਮਸਕ ਦਾ ਹੋ ਸਕਦੈ ਕਤਲ; ਮਸਕ ਦੇ ਪਿਤਾ ਨੇ ਖਦਸ਼ਾ ਕੀਤਾ ਜ਼ਾਹਿਰ

**ਵਾਸ਼ਿੰਗਟਨ, (ਪੰਜਾਬ ਮੇਲ)-** ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਸਪੇਸਐਕਸ ਦੇ ਮਾਲਕ ਐਲਨ ਮਸਕ ਦਾ ਕਤਲ ਹੋ ਸਕਦਾ ਹੈ। ਇਹ ਖਦਸ਼ਾ ਉਨ੍ਹਾਂ ਦੇ 77 ਸਾਲਾ ਸੇਵਾਮੁਕਤ ਇਲੈਕਟ੍ਰੋ-ਮਕੈਨੀਕਲ ਇੰਜੀਨੀਅਰ ਐਰੋਲ ਮਸਕ ਨੇ ਪ੍ਰਗਟਾਇਆ ਹੈ। ਖ਼ਬਰ ਮੁਤਾਬਕ ਐਲਨ ਮਸਕ ਦੇ ਪਿਤਾ ਨੂੰ ਡਰ ਹੈ ਕਿ ਅਮਰੀਕੀ ਸਰਕਾਰ ਦੇ ਖ਼ਿਲਾਫ਼ ਜਾਣ ’ਤੇ ਉਨ੍ਹਾਂ ਦੇ ਬੇਟੇ ਦਾ ਕਤਲ ਕੀਤਾ ਜਾ ਸਕਦਾ ਹੈ।

# ਪੱਤਰਕਾਰ ਨੀਟਾ ਮਾਛੀਕੇ ਲਈ ਡਾ. ਸਿਮਰਜੀਤ ਧਾਲੀਵਾਲ ਵੱਲੋਂ ਜਨਮ ਦਿਨ ’ਤੇ ਹੈਰਾਨੀਜਨਕ ਮਹਿਫ਼ਲ ਦਾ ਤੋਹਫਾ

**ਫਰਿਜ਼ਨੋ, (ਧਾਲੀਆਂ/ਪੰਜਾਬ ਮੇਲ)-** ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਆਪਣੇ ਛੋਟੇ ਭਰਾ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਲਈ ਸਰਪਰਾਈਜ਼ (ਹੈਰਾਨ) ਕਰਦੇ ਹੋਏ ਪਾਰਟੀਨੁਮਾ ਪਰਿਵਾਰਕ ਮਹਿਫ਼ਲ ਆਪਣੇ ਗ੍ਰਹਿ ਵਿਖੇ ਰੱਖੀ, ਜਿਸ ਵਿਚ ਉਸ ਦੇ ਕੁਝ ਖ਼ਾਸ ਦੋਸਤਾਂ ਨੂੰ ਹੀ ਬੁਲਾਇਆ ਗਿਆ ਸੀ। ਉਸ ਸਮੇਂ ਜਦ ਮਹਿਫ਼ਲ ਵਿਚ ਅਚਾਨਕ ਪੱਤਰਕਾਰ ਨੀਟਾ ਮਾਛੀਕੇ ਨੂੰ ਬੁਲਾਇਆ ਗਿਆ, ਤਾਂ ਉਹ ਆਪਣੇ ਭਰਾ ਦਾ ਪਿਆਰ ਅਤੇ ਯਾਰਾਂ ਦੀ ਯਾਰੀ ਦੇਖ ਬਹੁਤ ਭਾਵੁਕ ਅਤੇ ਖੁਸ਼ ਹੋਇਆ। ਉਸ ਸਮੇਂ ਉਨ੍ਹਾਂ ਦੀ ਪਤਨੀ ਹਰਜਿੰਦਰ ਧਾਲੀਵਾਲ ‘ਰੈਪੀ’ ਵੀ ਨਾਲ ਸੀ। ਜਦਕਿ ਉਨ੍ਹਾਂ ਦੇ ਪਿਤਾ ਸ. ਦਲਬਾਰਾ ਸਿੰਘ ਨੂੰ ਪਹਿਲਾਂ ਬੁਲਾ ਲਿਆ ਗਿਆ ਸੀ। ਫਿਰ ਕੇਕ ਕੱਟਣ ਦੀ ਰਸਮ ਕਰਦੇ ਹੋਏ, ਅਚਨਚੇਤ ਸੱਦੇ ’ਤੇ ਪਹੁੰਚਣ ਲਈ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

ਬੁਲਾਰਿਆਂ ਵਿਚ ਡਾ. ਸਿਮਰਜੀਤ ਸਿੰਘ ਧਾਲੀਵਾਲ, ਗੁਰਬਖਸ਼ੀਸ਼ ਸਿੰਘ ਗਰੇਵਾਲ, ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਰਣਜੀਤ ਗਿੱਲ ਜੱਗਾ ਸੁਧਾਰ ਆਦਿਕ ਨੇ ਹਾਜ਼ਰੀ ਭਰੀ। ਨੀਟਾ ਮਾਛੀਕੇ ਦੇ ਪਿਤਾ ਸ. ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਸਭਨਾਂ ਦਾ ਪਿਆਰ ਦੇਖ ਨੀਟੇ ਦੀ ਜ਼ਿੰਦਗੀ ਦੀਆਂ ਘਟਨਾਵਾਂ ਦੀ ਸਾਂਝ ਪਾਉਂਦੇ ਹੋਏ ਸਭ ਦਾ ਧੰਨਵਾਦ ਕੀਤਾ। ਗਾਇਕਾਂ ਵਿਚ ਧਰਮਵੀਰ ਥਾਂਦੀ, ਬਹਾਦਰ ਸਿੱਧੂ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੋਗੀ ਸੰਧੂ ਅਤੇ ਵਾਈਫ, ਕੰਵਰਪਾਲ ਗਿੱਲ, ਅਵਤਾਰ ਗਰੇਵਾਲ, ਗੁੱਲੂ ਬਰਾੜ, ਬਾਈ ਸੁਰਜੀਤ ਆਦਿਕ ਨੇ ਆਪਣੇ ਗੀਤਾਂ ਰਾਹੀਂ ਬੰਨੇ ਰੰਗ। ਜਦਕਿ ਸਟੇਜ ਸੰਚਾਲਨ ਗੁਰਬਖਸ਼ੀਸ਼ ਸਿੰਘ ਗਰੇਵਾਲ ਨੇ ਬਾਖ਼ੂਬੀ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।

ਮਹਿਫ਼ਲ ਵਿਚ ਜੱਸੀ ਸਟੋਨ ਟਰੱਕਿੰਗ, ਬੌਬ ਸਿੱਧੂ, ਪਾਲ ਬਿਲਾਸਪੁਰ, ਮਿੰਟੂ ਉੱਪਲੀ, ਅਮਰਜੀਤ ਦੌਧਰ, ਨੰਬਰਦਾਰ ਜਗਤਾਰ ਸਿੰਘ ਗਿੱਲ, ਡਾ. ਗੁਰਮੀਤ ਦਿਊਲ, ਗੁਰਪ੍ਰੀਤ ਤੂਰ, ਸੁੱਖ ਸਿੱਧੂ , ਸਰਦਾਰਾ ਸਿੰਘ ਗਿੱਲ, ਲਖਵੀਰ ਸਿੰਘ, ਗੁਲਜ਼ਾਰ ਬਰਾੜ ਆਦਿਕ ਅਤੇ ਨਜ਼ਦੀਕੀ ਪਰਿਵਾਰਾਂ ਨੇ ਮਹਿਫ਼ਲ ਦੇ ਖੁਸ਼ਨੁਮਾਂ ਪਲਾਂ ਦਾ ਰੱਜ ਕੇ ਅਨੰਦ ਮਾਣਿਆ। ਇਸ ਸਮੇਂ ਮਹਿਫ਼ਲ ਵਿਚ ਰੂਹ ਦੀ ਖ਼ੁਰਾਕ ਗੀਤ-ਸੰਗੀਤ ਅਤੇ ਹਾਜ਼ਰੀਨਾਂ ਲਈ ਵਰਿੰਦਰ ਸਿੰਘ ਦੇ ਬਣਾਏ ਸੁਆਦਿਸ਼ਟ ਦਾ ਖ਼ਾਸ ਪ੍ਰਬੰਧ ਵੀ ਸਭ ਨੂੰ ਚੰਗਾ ਲੱਗਾ। ਸਮੁੱਚੇ ਉੱਚੇਚੇ ਪ੍ਰਬੰਧਾਂ ਲਈ ਭਰਾ-ਭਰਜਾਈ ਡਾ. ਸਿਮਰਜੀਤ ਸਿੰਘ ਧਾਲੀਵਾਲ, ਕਰਮਜੀਤ ਕੌਰ ਧਾਲੀਵਾਲ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ।



ਕੇਕ ਕੱਟਣ ਸਮੇਂ ਖੱਬੇ ਤੋਂ ਪਿਤਾ, ਭਰਾ, ਨੀਟਾ, ਭਰਜਾਈ ਅਤੇ ਪਤਨੀ।


ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# Mann & Associates

## Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn’t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ ’ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ ’ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

# Ph.: (916) 900-2000

# ਸਿਆਟਲ ’ਚ ਬਜ਼ੁਰਗਾਂ ਦਾ ਮੇਲਾ-2023 ਅਕਤੂਬਰ 28 ਨੂੰ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਪਹਿਲੀ ਵਾਰ ਬਜ਼ੁਰਗਾਂ ਦਾ ਮੇਲਾ-2023 ਗੋਲਡਨ ਇੰਡੀਆ ਕਰੀ ਹਾਊਸ ਵਿਚ 28 ਅਕਤੂਬਰ ਨੂੰ ਦੁਪਹਿਰ 11 ਤੋਂ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿੱਥੇ ਪਹੁੰਚਣ ਲਈ ਸਵਾਰੀ ਦਾ ਇੰਤਜ਼ਾਮ ਲੋੜਵੰਦਾਂ ਲਈ ਮੁਫਤ ਸੁਸਾਇਟੀ ਵੱਲੋਂ ਕੀਤਾ ਜਾਵੇਗਾ। ਪਰੰਤੂ ਪੰਜਾਬੀ ਕਲਚਰਲ ਸੁਸਾਇਟੀ ਦੇ ਵਲੰਟੀਅਰਾਂ ਨਾਲ ਸੰਪਰਕ ਕਰਨਾ ਪਵੇਗਾ। ਲਾਲੀ ਸੰਧੂ ਤੇ ਹਰਦਿਆਲ ਸਿੰਘ ਚੀਮਾ ਨੇ ਦੱਸਿਆ ਕਿ ਪੋਸ਼ਣ ਜਾਣਕਾਰੀ, ਮਾਨਸਿਕ ਸਿਹਤ ਅੰਤਰਦ੍ਰਿਸ਼ਟੀ, ਬਹੁਤ ਸਾਰਾ ਮਨੋਰੰਜਨ, ਪਰਿਵਾਰਕ ਸਹਾਇਤਾ ਸੇਵਾਵਾਂ, ਪੁਰਾਣੇ ਲੋਕ ਗੀਤ, ਸ਼ਾਕਾਹਾਰੀ ਭੋਜਨ ਦਾ ਆਨੰਦ, ਲੋੜਵੰਦਾਂ ਲਈ ਮੁਫਤ ਸਵਾਰੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਪ੍ਰਬੰਧਕਾਂ ਵੱਲੋਂ ਪਹੁੰਚਣ ਲਈ 55 ਸਾਲ ਤੋਂ ਉਪਰ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ, ਤਾਂ ਜੋ ਰੰਗਾਰੰਗ ਪ੍ਰੋਗਰਾਮ ਕਰਕੇ ਖੁਸ਼ੀ ਸਾਂਝੀ ਕੀਤੀ ਜਾ ਸਕੇ, ਜਿਸ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ। ਨਰੇਸ਼ ਦੱਤ ਹਰਨਾਲ, ਸ਼ਾਹ ਨਵਾਜ਼, ਇੰਦਰਜੀਤ ਸਿੰਘ, ਪ੍ਰਿਤਪਾਲ ਸਿੰਘ ਟੀਵਾਣਾ, ਜਗਬੀਰ ਸਹੋਤਾ, ਜਗੀਰ ਸਿੰਘ ਅਤੇ ਸ਼ਸ਼ੀ ਪਰਾਸ਼ਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



**ਪੰਜਾਬੀ ਕਲਚਰਲ ਸੁਸਾਇਟੀ ਦੇ ਮੈਂਬਰ ਮੀਟਿੰਗ ਗੁਰਦੁਆਰਾ ਸੱਚਾ ਮਾਰਗ ਵਿਚ ਕਰਕੇ ਸੱਦਾ ਪੱਤਰ ਦਿੰਦੇ ਸਮੇਂ।**

## ਪੰਜਾਬ ਪੁਲਿਸ ਵੱਲੋਂ ਹੈਰੋਇਨ ਦੀ 50 ਕਿਲੋ ਖੇਪ ਵਿਚੋਂ 31.5 ਕਿਲੋ ਹੈਰੋਇਨ ਬਰਾਮਦ : ਡੀ.ਜੀ.ਪੀ. ਗੌਰਵ ਯਾਦਵ

**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)**- ਜਲੰਧਰ ਦਿਹਾਤੀ ਪੁਲਿਸ ਨੇ ਪਾਕਿਸਤਾਨ ਤੋਂ 50 ਕਿਲੋ ਹੈਰੋਇਨ ਦੀ ਖੇਪ ਲਿਆਉਣ ਲਈ ਤਿੰਨ ਤੈਰਾਕਾਂ ਨੂੰ ਭੇਜਣ ਵਾਲੇ ਵੱਡੇ ਤਸਕਰ ਮਲਕੀਅਤ ਸਿੰਘ ਉਰਫ਼ ਕਾਲੀ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਦਰਜ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦੱਸਿਆ ਕਿ ਪੁਲਿਸ ਟੀਮਾਂ ਨੇ ਕਾਲੀ ਕੋਲੋਂ 50 ਕਿਲੋ ਹੈਰੋਇਨ ਦੀ ਖੇਪ ਵਿਚੋਂ 9 ਕਿਲੋ ਹੋਰ ਹੈਰੋਇਨ ਵੀ ਜ਼ਬਤ ਕੀਤੀ ਹੈ।

# ਪੰਜਾਬੀ ਨੌਜਵਾਨ ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)**- ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਨੌਲੀ ਦੇ ਜੰਮਪਲ ਗਗਨਦੀਪ ਸਿੰਘ ਉਰਫ ਗੱਗੂ ਜੋ ਬੀਤੇ ਦਿਨੀਂ 6 ਸਤੰਬਰ ਨੂੰ ਕੈਨੇਡਾ ਦੇ ਟੋਰਾਂਟੋ ਹਵਾਈ ਅੱਡੇ ’ਤੇ ਇਸ ਉਮੀਦ ਨਾਲ ਉਤਰਿਆ ਸੀ ਕਿ ਉਹ ਆਪਣੇ ਮਾਪਿਆ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰੇਗਾ ਪਰ ਹੋਣੀ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਜਦੋਂ ਉਹ 10 ਸਤੰਬਰ ਨੂੰ ਕੈਨੇਡਾ ਦੇ ਓਨਟਾਰੀਓ ਦੇ ਸ਼ਹਿਰ ਬੈਰੀ ਵਿਚ ਚੰਗਾ-ਭਲਾ ਗੱਲਾਂ ਕਰਦਾ-ਕਰਦਾ ਅਚਾਨਕ ਸਦਾ ਲਈ ਸਦੀਵੀ ਵਿਛੋੜਾ ਦੇ ਗਿਆ। ਗਗਨਦੀਪ ਸਿੰਘ ਗੁੱਗੂ ਵਿਆਹਿਆ ਹੋਇਆ ਸੀ। ਉਹ ਪਿੰਡ ਨੌਲੀ ਦੇ ਜਲੰਧਰ ਤੋਂ ਪੰਜਾਬੀ ਟ੍ਰਿਬਿਊਨ ਦੇ ਉੱਘੇ ਪੱਤਰਕਾਰ ਪਾਲ ਸਿੰਘ ਨੌਲੀ ਦਾ ਚਚੇਰਾ ਭਰਾ ਸੀ। ਭਰੇ ਮਨ ਪਾਲ ਸਿੰਘ ਨੌਲੀ ਨੇ ਦੱਸਿਆ ਕਿ ਉਸ ਦੇ ਚਚੇਰੇ ਭਰਾ ਦੀ ਅਚਾਨਕ ਹੋਈ ਮੌਤ ਦੀ ਮਨਹੂਸ ਖ਼ਬਰ ਸੁਣਦਿਆਂ ਹੀ ਪੂਰੇ ਪਿੰਡ ’ਚ ਮਾਤਮ ਛਾ ਗਿਆ। ਗੁੱਗੂ ਮਿਲਣਸਾਰ, ਮਿਲਾਪੜੇ ਸੁਭਾਅ ਅਤੇ ਹਰੇਕ ਇਨਸਾਨ ਦਾ ਅਦਬ, ਸਤਿਕਾਰ ਕਰਨ ਵਾਲਾ ਵਿਅਕਤੀ ਸੀ। ਉਨ੍ਹਾਂ ਦੱਸਿਆ ਕਿ ਜਦੋਂ ਇਹ ਦੁੱਖ ਭਰੀ ਖਬਰ ਪਿੰਡ ਨੌਲੀ ਪਹੁੰਚੀ, ਤਾਂ ਗੱਗੂ ਦੀ ਮਾਤਾ ਦੇ ਵੈਣ ਅਸਮਾਨ ਦਾ ਸੀਨਾ ਪਾੜ ਰਹੇ ਸਨ। ਪਾਲ ਸਿੰਘ ਨੌਲੀ ਨੇ ਦੱਸਿਆ ਕਿ ਗੱਗੂ ਆਪਣੇ ਬਾਪ ਦੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਣ ਲਈ ਕੈਨੇਡਾ ਆਇਆ ਸੀ ਪਰ ਰੱਬ ਨੂੰ ਪਤਾ ਨਹੀਂ ਇਹੋ ਹੀ ਮਨਜ਼ੂਰ ਸੀ।

ਪਰਿਵਾਰ ਵਲੋਂ ਗਗਨਦੀਪ ਸਿੰਘ ਗੁੱਗੂ ਦੀ ਮ੍ਰਿਤਕ ਦੇਹ ਨੂੰ ਪੰਜਾਬ ਉਸ ਦੀ ਜਨਮ ਭੂਮੀ ਪਿੰਡ ਨੌਲੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਉਸ ਦੀ ਮ੍ਰਿਤਕ ਦੇਹ ਪੰਜਾਬ ਪਹੁੰਚਾਉਣ ਲਈ ਮਦਦ ਵਾਸਤੇ ਗੋ ਫੰਡ ਮੀ ਨਾਂ ਦਾ ਪੇਜ ਵੀ ਸਥਾਪਤ ਕੀਤਾ ਗਿਆ ਹੈ। ਜਿੱਥੇ ਪ੍ਰਵਾਸੀ ਭਾਰਤੀਆਂ ਨੂੰ ਉਸ ਦੀ ਦੇਹ ਨੂੰ ਪੰਜਾਬ ਪਹੁੰਚਾਉਣ ਲਈ ਮਦਦ ਕਰਨ ਲਈ ਬੇਨਤੀ ਕੀਤੀ ਗਈ ਹੈ, ਤਾਂ ਜੋ ਉਸ ਦੀਆਂ ਅੰਤਿਮ ਰਸਮਾਂ (ਸੰਸਕਾਰ) ਪਰਿਵਾਰ ਵੱਲੋਂ ਉਸ ਦੀ ਜਨਮ ਭੂਮੀ ਪਿੰਡ ਨੌਲੀ ਵਿਖੇ ਪੂਰੀਆਂ ਕੀਤੀਆਂ ਜਾਣ ਅਤੇ ਪਰਿਵਾਰ ਆਖ਼ਰੀ ਵਾਰ ਉਸ ਦਾ ਮੂੰਹ ਦੇਖ ਸਕੇ।

**■ ਮਹਿਜ਼ 4 ਦਿਨਾਂ ਪਹਿਲਾਂ ਆਇਆ ਸੀ ਕੈਨੇਡਾ**



**ਗਗਨਦੀਪ ਸਿੰਘ ਗੁੱਗੂ ਦੀ ਫ਼ਾਈਲ ਫੋਟੋ।**

# 9/11 ਹਮਲਿਆਂ ’ਚ ਮਾਰੇ ਗਏ ਦੋ ਲੋਕਾਂ ਦੀ 22 ਸਾਲ ਬਾਅਦ ਹੋਈ ਪਛਾਣ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਨਿਊਯਾਰਕ ’ਚ 11 ਸਤੰਬਰ 2001 ਨੂੰ ਵਰਲਡ ਟਰੇਡ ਸੈਂਟਰ ’ਤੇ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਦੋ ਹੋਰ ਲੋਕਾਂ ਦੀ ਹੁਣ ਪਛਾਣ ਹੋ ਗਈ ਹੈ। 9/11 ਵਜੋਂ ਜਾਣੇ ਜਾਂਦੇ ਦਹਿਸ਼ਤੀ ਹਮਲਿਆਂ ਦੀ 22ਵੀਂ ਬਰਸੀ ਤੋਂ ਪਹਿਲਾਂ ਅਧਿਕਾਰੀਆਂ ਨੇ ਡੀ.ਐੱਨ.ਏ. ਟੈਸਟਿੰਗ ਰਾਹੀਂ ਮ੍ਰਿਤਕਾਂ ਦੀ ਪਛਾਣ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਮੇਅਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਦੀ ਬੇਨਤੀ ’ਤੇ ਉਨ੍ਹਾਂ ਦੀ ਪਛਾਣ ਗੁਪਤ ਰੱਖੀ ਹੈ। ਉਸ ਨੂੰ ਹੁਣ ਤੱਕ ਮੌਤ ਦਾ ਨੰਬਰ 1648 ਅਤੇ 1649 ਦਿੱਤਾ ਗਿਆ ਹੈ। ਜਿਨ੍ਹਾਂ ਦੀ ਪਛਾਣ ਹੋਈ ਹੈ, ਉਨ੍ਹਾਂ ਵਿਚ ਇੱਕ ਔਰਤ ਅਤੇ ਇੱਕ ਪੁਰਸ਼ ਸ਼ਾਮਲ ਹੈ। ਡੀ.ਐੱਨ.ਏ. ਟੈਸਟਿੰਗ ਲਈ ਹਾਲ ਹੀ ਵਿਚ ਅਪਣਾਈ ਗਈ ਅਗਲੀ ਪੀੜ੍ਹੀ ਦੀ ਸੀਕਵੈਂਸਿੰਗ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਸੀ, ਜੋ ਕਿ ਮੌਜੂਦਾ ਡੀ.ਐੱਨ.ਏ. ਟੈਸਟਿੰਗ ਟੈਕਨਾਲੋਜੀ ਨਾਲੋਂ ਕਿਤੇ ਜ਼ਿਆਦਾ ਉੱਨਤ ਹੈ। ਅਮਰੀਕੀ ਫੌਜ ਇਸ ਤਕਨੀਕ ਦੀ ਵਰਤੋਂ ਲਾਪਤਾ ਸੈਨਿਕਾਂ ਦੇ ਅਵਸ਼ੇਸ਼ਾਂ ਦੀ ਪਛਾਣ ਕਰਨ ਲਈ ਕਰਦੀ ਹੈ। ਜ਼ਿਕਰਯੋਗ ਹੈ ਕਿ ਇੰਨੀ ਐਡਵਾਂਸ ਡੀ.ਐੱਨ.ਏ. ਟੈਸਟਿੰਗ ਤਕਨੀਕ ਦੇ ਬਾਵਜੂਦ 9/11 ਹਮਲੇ ਵਿਚ ਮਾਰੇ ਗਏ ਲੋਕਾਂ ਵਿਚੋਂ 40 ਫੀਸਦੀ ਯਾਨੀ 1100 ਲੋਕ ਅਜੇ ਵੀ ਅਣਪਛਾਤੇ ਹਨ। ਹਮਲੇ ਦੇ ਸਮੇਂ ਲੋਅਰ ਮੈਨਹਟਨ ਖੇਤਰ ਵਿਚ ਕੁੱਲ 2,753 ਲੋਕ ਲਾਪਤਾ ਦੱਸੇ ਗਏ ਸਨ। ਸਾਰਿਆਂ ਦੇ ਮੌਤ ਦੇ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਨਿਊਯਾਰਕ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ ’ਚ ਮਾਰੇ ਗਏ ਲੋਕਾਂ ਦੀ ਪਛਾਣ ਕਰਨ ਲਈ ਅਮਰੀਕੀ ਇਤਿਹਾਸ ਦੀ ਸਭ ਤੋਂ ਗੁੰਝਲਦਾਰ ਫੋਰੈਂਸਿਕ ਜਾਂਚ ਕਰਵਾਈ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਦੋਵਾਂ ਵਿਅਕਤੀਆਂ ਦੀ ਪਛਾਣ ਹੋਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਕੁਝ ਰਾਹਤ ਮਿਲੇਗੀ। ਦੱਸਣਯੋਗ ਹੈ ਕਿ 11 ਸਤੰਬਰ 2001 ਨੂੰ ਵਰਲਡ ਟਰੇਡ ਸੈਂਟਰ ਨਿਊਯਾਰਕ ’ਤੇ ਹੋਏ ਅੱਤਵਾਦੀ ਹਮਲੇ ਵਿਚ 2996 ਦੇ ਕਰੀਬ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਸਨ।



**ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ : www.punjabmailusa.com**




# ਤਾਹੇਸ਼ਾ ਵੇਅ ਨੇ ਨਿਊਜਰਸੀ ਦੀ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ

**■ ਪਹਿਲੀ ਲੈਫ. ਗਵਰਨਰ ਸ਼ੀਲਾ ਓਲੀਵਰ ਦੀ ਮੌਤ ਹੋ ਜਾਣ ਕਾਰਨ ਹੋਈ ਨਿਯੁਕਤੀ**



ਘੜੂੰਮ ਵਿਖੇ ਧੁੱਸੀ ਬੰਨ੍ਹ ਟੁੱਟਣ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਂਦੇ ਹੋਏ ਡਾਕਟਰ ਓਬਰਾਏ, ਕੈਬਨਿਟ ਮੰਤਰੀ ਲਾਲਜੀਤ ਸਿੰਘ ਅਤੇ ਹੋਰ।

**ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)-** ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਰਾਜ ਦੇ ਅਗਲੀ ਲੈਫਟੀਨੈਂਟ ਗਵਰਨਰ ਵਜੋਂ ਨਿਊਜਰਸੀ ਰਾਜ ਦੇ ਸਕੱਤਰ ਤਾਹੇਸ਼ਾ ਵੇ ਨੂੰ ਨਾਮਜ਼ਦ ਕੀਤਾ ਹੈ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਪਹਿਲੀ ਲੈਫ. ਗਵਰਨਰ ਸ਼ੀਲਾ ਓਲੀਵਰ ਦੀ ਕਿਸੇ ਬਿਮਾਰੀ ਕਾਰਨ ਮੌਤ ਹੋ ਜਾਣ 'ਤੇ ਗਵਰਨਰ ਫਿਲ ਮਰਫੀ ਨੇ ਤਾਹੇਸ਼ਾ ਵੇ ਨੂੰ ਨਿਊਜਰਸੀ ਰਾਜ ਦੀ ਅਗਲੀ ਲੈਫਟੀਨੈਂਟ ਗਵਰਨਰ ਨਿਯੁਕਤੀ ਕੀਤਾ। ਕਿਉਂਕਿ ਰਾਜ ਦੇ ਸੰਵਿਧਾਨ ਨੂੰ ਨਾਮਜ਼ਦਗੀ ਲਈ ਸੈਨੇਟ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਚੀਫ਼ ਜਸਟਿਸ ਸਟੂਅਰਟ ਰਾਬਨਰ ਨੇ ਬੀਤੇ ਸ਼ੁੱਕਰਵਾਰ ਨੂੰ ਗਵਰਨਰ ਦੇ ਦਫ਼ਤਰ ਦੇ ਬਾਹਰ ਉਸ ਨੂੰ ਸਹੁੰ ਚੁਕਾਈ। ਸੰਵਿਧਾਨ ਦੇ ਤਹਿਤ ਲੈਫਟੀਨੈਂਟ ਗਵਰਨਰ ਕੋਲ ਕੈਬਨਿਟ ਦਾ ਅਹੁਦਾ ਵੀ ਹੁੰਦਾ ਹੈ। ਨਵੀਂ ਲੈਫ. ਗਵਰਨਰ ਤਾਹੇਸ਼ਾ ਵੇ, ਆਪਣੀਆਂ ਚਾਰ ਵਿਚੋਂ ਤਿੰਨ ਧੀਆਂ ਅਤੇ ਪਤੀ ਚਾਰਲਸ ਵੇ ਦੇ ਨਾਲ ਪਹੁੰਚੀ ਹੋਈ ਸੀ ਅਤੇ ਸੇਵਾ ਕਰਨ ਦੇ ਮੌਕੇ ਲਈ ਉਸ ਨੇ ਆਪਣਾ ਧੰਨਵਾਦ ਪ੍ਰਗਟ ਕੀਤਾ ਅਤੇ ਜੀਵਨ ਦੀ ਲਾਗਤ ਨੂੰ ਘੱਟ ਰੱਖਣ ਅਤੇ ਬੁਨਿਆਦੀ ਆਜ਼ਾਦੀਆਂ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ। ਆਪਣੇ ਸੰਬੋਧਨ 'ਚ ਤਾਹੇਸ਼ਾ ਵੇ ਨੇ ਕਿਹਾ ਕਿ "ਮੈਂ ਆਪਣੇ ਜੀਵਨ ਦਾ ਹਰ ਦਿਨ ਸਾਡੇ ਰਾਜ ਦੇ ਭੁੱਲੇ ਹੋਏ ਪਰਿਵਾਰਾਂ ਲਈ ਲੜਨ ਲਈ ਸਮਰਪਿਤ ਕਰਾਂਗੀ" ਅਤੇ ਰਾਜ ਦੀ ਸਕੱਤਰ ਹੋਣ ਦੇ ਨਾਤੇ ਸ਼ੁਰੂਆਤੀ ਵਿਅਕਤੀਗਤ ਵੋਟਿੰਗ ਦੇ ਨਾਲ-ਨਾਲ ਉਸ ਨੇ 2020 ਦੀਆਂ ਚੋਣਾਂ ਨੂੰ ਲਾਗੂ ਕਰਨ ਦੀ ਵੀ ਨਿਗਰਾਨੀ ਕੀਤੀ, ਜੋ ਕਿ ਕੋਵਿਡ-19 ਪਾਬੰਦੀਆਂ ਕਾਰਨ ਲਗਭਗ ਪੂਰੀ ਤਰ੍ਹਾਂ ਮੇਲ-ਇਨ ਬੈਲਟ ਨਾਲ ਹੋਈ ਸੀ। ਤਾਹੇਸ਼ਾ ਵੇ, ਗਵਰਨਰ ਮਰਫੀ ਵਰਗੀ ਡੈਮੋਕਰੇਟ ਪਾਰਟੀ ਨਾਲ ਸਬੰਧਤ 2018 ਦੇ ਸ਼ੁਰੂ ਵਿਚ ਮਰਫੀ ਦੇ ਪ੍ਰਸ਼ਾਸਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਰਾਜ ਦੇ ਸਕੱਤਰ ਵਜੋਂ ਸੇਵਾ ਨਿਭਾ ਰਹੀ ਹੈ। ਉਹ ਪਹਿਲਾਂ ਪੈਸੈਕ ਕਾਉਂਟੀ ਬੋਰਡ ਆਫ਼ ਸੋਸ਼ਲ ਸਰਵਿਸਿਜ਼ ਦੀ ਵਿਸ਼ੇਸ਼ ਸਲਾਹਕਾਰ ਵੀ ਰਹੀ ਸੀ। ਉਹ ਬ੍ਰਾਊਨ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸਕੂਲ ਆਫ਼ ਲਾਅ ਦੀ ਗ੍ਰੈਜੂਏਟ ਹੈ ਅਤੇ ਪਹਿਲਾਂ ਪਾਸੈਕ (ਨਿਊਜਰਸੀ) ਵਿਚ ਇੱਕ ਕਾਉਂਟੀ ਅਹੁਦੇਦਾਰ ਅਤੇ ਇੱਕ ਪ੍ਰਸ਼ਾਸਕੀ ਕਾਨੂੰਨ ਜੱਜ ਵਜੋਂ ਕੰਮ ਕਰਦੀ ਰਹੀ ਸੀ।

# ਪੈਨਸਿਲਵਾਨੀਆ ਦੇ ਪੁਲਿਸ ਅਫਸਰ ਵਿਰੁੱਧ ਹੱਤਿਆ ਦੇ ਦੋਸ਼ ਆਇਦ, ਕੀਤਾ ਆਤਮ ਸਮਰਪਣ

**■ ਟਰੈਫਿਕ ਸਟਾਪ 'ਤੇ ਕਾਰ ਡਰਾਈਵਰ ਦੇ ਮਾਰੀਆਂ ਸੀ 6 ਗੋਲੀਆਂ**



ਪੁਲਿਸ ਅਫਸਰ ਮਾਰਕ ਡਾਇਲ (ਵਿਚਾਲੇ) ਫਿਲਾਡੈਲਫੀਆ ਦੇ ਪੁਲਿਸ ਥਾਣੇ 'ਚ ਆਤਮ ਸਮਰਪਣ ਕਰਨ ਜਾਂਦਾ ਹੋਇਆ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪੈਨਸਿਲਵਾਨੀਆ ਦੇ ਇਕ ਪੁਲਿਸ ਅਫਸਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਕਾਰ ਸਵਾਰ ਐਡੀ ਲਰੀਜ਼ਰੀ 'ਤੇ ਚਲਾਈਆਂ ਗੋਲੀਆਂ ਨਾਲ ਉਸ ਦੀ ਮੌਤ ਹੋ ਗਈ ਸੀ, ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਸਬੰਧੀ ਬੌਡੀ ਕੈਮਰਾ ਵੀਡੀਓ ਜਾਰੀ ਕਰਨ ਤੋਂ ਬਾਅਦ ਇਹ ਐਲਾਨ ਫਿਲਾਡੈਲਫੀਆ ਦੇ ਡਿਸਟ੍ਰਿਕਟ ਅਟਾਰਨੀ ਨੇ ਕੀਤਾ। ਜਾਰੀ ਵੀਡੀਓ ਅਨੁਸਾਰ ਪੁਲਿਸ ਅਫਸਰ ਮਾਰਕ ਡਾਇਲ ਨੇ ਲਰੀਜ਼ਰੀ ਉਪਰ ਕਾਰ ਦੇ ਡਰਾਈਵਰ ਵਾਲੇ ਪਾਸੇ ਦੀ ਖਿੜਕੀ ਵਿਚ ਦੀ 6 ਗੋਲੀਆਂ ਚਲਾਈਆਂ। ਇਸ ਉਪਰੰਤ ਲਹੂ ਲੁਹਾਨ ਹੋਏ ਲਰੀਜ਼ਰੀ ਨੂੰ ਕਾਰ ਵਿਚੋਂ ਕੱਢ ਕੇ ਪੁਲਿਸ ਦੀ ਗਸ਼ਤੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਡਿਸਟ੍ਰਿਕਟ ਅਟਾਰਨੀ ਲੈਰੀ ਕਰਾਸਨਰ ਨੇ ਕਿਹਾ ਕਿ ਪਿਛਲੀ ਮਹੀਨੇ ਹੋਈ ਇਸ ਘਟਨਾ ਦੀ ਵੀਡੀਓ ਵੇਖਣ ਤੋਂ ਬਾਅਦ ਲਰੀਜ਼ਰੀ ਦੇ ਪਰਿਵਾਰ ਨੇ ਸਮੁੱਚੀ ਵੀਡੀਓ ਜਾਰੀ ਕਰਨ ਦੀ ਮੰਗ ਕੀਤੀ ਹੈ। ਕਰਾਸਨਰ ਨੇ ਕਿਹਾ ਹੈ ਕਿ ਇਹ ਬੌਡੀ ਕੈਮਰਾ ਵੀਡੀਓ ਨੂੰ ਸੰਭਾਵੀ ਤੌਰ 'ਤੇ ਸ਼ੁਰੂਆਤੀ ਸੁਣਵਾਈ 'ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਵੀਡੀਓ ਇਸ ਮਾਮਲੇ 'ਚ ਅਹਿਮ ਸਬੂਤ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਡਾਇਲ ਦੀ ਜ਼ਮਾਨਤ ਲਈ 5 ਲੱਖ ਡਾਲਰ ਦੀ ਰਾਸ਼ੀ ਨਿਸ਼ਚਿਤ ਹੋਈ ਹੈ। ਉਸ ਨੇ ਜ਼ਮਾਨਤ ਲਈ ਦਰਖਾਸਤ ਦਿੱਤੀ ਹੈ। ਮਾਮਲੇ ਦੀ ਮੁੱਢਲੀ ਸੁਣਵਾਈ ਅਗਲੇ ਮਹੀਨ 26 ਸਤੰਬਰ ਨੂੰ ਹੋਵੇਗੀ। ਇਸ ਦੌਰਾਨ ਬਚਾਅ ਪੱਖ ਦੇ ਵਕੀਲ ਫੋਰਟੂਨਾਟੋ ਪੈਰੀ ਜੂਨੀਅਰ ਨੇ ਇਕ ਬਿਆਨ 'ਚ ਕਿਹਾ ਹੈ ਕਿ ਉਹ ਡਾਇਲ ਵਿਰੁੱਧ ਲੱਗੇ ਦੋਸ਼ਾਂ ਨੂੰ ਰੱਦ ਕਰਵਾਉਣ ਲਈ ਪੂਰੀ ਵਾਹ ਲਾਉਣਗੇ। ਵਕੀਲ ਨੇ ਕਿਹਾ ਕਿ ਆਪਣੀ ਜਾਨ ਨੂੰ ਖਤਰੇ ਦੇ ਮੱਦੇਨਜ਼ਰ ਡਾਇਲ ਵੱਲੋਂ ਚਲਾਈ ਗੋਲੀ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ।

**ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਕੁੱਤਿਆਂ ਦੀਆਂ ਲੜਾਈਆਂ ਕਰਵਾਉਣ ਦਾ ਮਾਮਲਾ**

# ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਵੱਲੋਂ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਨੇ ਨਸ਼ੀਲੇ ਪਦਰਾਥਾਂ ਦੀ ਤਸਕਰੀ ਕਰਨ ਤੇ ਕੁੱਤਿਆਂ ਦੀ ਲੜਾਈ ਕਰਵਾਉਣ ਦੇ ਮਾਮਲਿਆਂ 'ਚ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਣਾਇਆ ਹੈ। ਇਹ ਐਲਾਨ ਇੰਡਿਆਨਾ ਰਾਜ ਦੇ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾ ਦੇ ਦੱਖਣੀ ਜ਼ਿਲੇ ਦੇ ਯੂ.ਐੱਸ. ਅਟਾਰਨੀ ਜ਼ਾਚਰੀ ਮਾਇਰਜ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਇਨ੍ਹਾਂ ਵਿਅਕਤੀਆਂ ਵਿਰੁੱਧ ਹਥਿਆਰ ਬੰਦ ਫੈਂਟਾਨਾਇਲ, ਕੋਕੀਨ ਤੇ ਮੈਥੰਫੈਟਾਮਾਈਨ ਦੀ ਤਸਕਰੀ ਕਰਨ ਤੋਂ ਇਲਾਵਾ ਪੈਸੇ ਨੂੰ ਚਿੱਟਾ ਕਰਨ ਤੇ ਪਸ਼ੂਆਂ ਦੀ ਲੜਾਈ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਇਹ ਦੋਸ਼ 2022 ਤੋਂ ਸ਼ੁਰੂ ਹੋਈ ਜਾਂਚ ਦਾ ਸਿੱਟਾ ਹੈ। ਮਾਇਰਜ ਅਨੁਸਾਰ ਇਹ ਜਾਂਚ ਦੋ ਸ਼ੱਕੀ ਦੋਸ਼ੀਆਂ ਬਾਰੇ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਮੈਕਸੀਕੋ ਤੋਂ ਅਮਰੀਕਾ 'ਚ ਫੈਂਟਾਨਾਇਲ, ਮੈਥੰਫੈਟਾਮਾਈਨ ਤੇ ਕੁਕੀਨ ਦੀ ਤਸਕਰੀ ਕੀਤੀ ਤੇ ਨਸ਼ੀਲੇ ਪਦਾਰਥਾਂ ਨੂੰ ਇੰਡਿਆਨਪੋਲਿਸ ਤੇ ਕੇਂਦਰੀ ਇੰਡਿਆਨਾ ਵਿਚ ਵੰਡਿਆ। ਮਾਇਰਜ ਨੇ ਕਿਹਾ ਕਿ ਭਗੌੜੇ ਗਰੇਗੋਰੀ ਹੈਂਡਸਰਸਨ ਜੂਨੀਅਰ ਸਮੇਤ ਬਾਕੀ ਸ਼ੱਕੀ ਦੋਸ਼ੀਆਂ ਦੇ ਨਾਂ ਦੋਸ਼ ਸੂਚੀ ਵਿਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜਾਂਚਕਾਰਾਂ ਨੇ ਦੋਸ਼ ਸੂਚੀ 'ਚ ਸ਼ਾਮਲ ਸ਼ੱਕੀ ਦੋਸ਼ੀਆਂ ਵੱਲੋਂ ਕੁੱਤਿਆਂ ਦੀ ਲੜਾਈ ਦੇ ਮੁਕਾਬਲੇ ਕਰਵਾਉਣ ਦਾ ਪਰਦਾਫਾਸ਼ ਵੀ ਕੀਤਾ ਹੈ ਤੇ ਤਕਰੀਬਨ 90 ਕੁੱਤੇ ਬਰਾਮਦ ਕੀਤੇ ਹਨ। ਮਾਇਰਜ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਵਿਰੁੱਧ ਲੱਗੇ ਦੋਸ਼ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਇਹ ਵਿਅਕਤੀਗਤ ਲੋਕਾਂ ਦੀ ਖੁਸ਼ੀ ਤੇ ਜੂਏਬਾਜ਼ੀ ਲਈ ਕੁੱਤਿਆਂ ਦੀਆਂ ਬਹੁਤ ਹੀ ਖਤਰਨਾਕ ਲੜਾਈਆਂ ਕਰਵਾਉਂਦੇ ਸਨ। ਇਨ੍ਹਾਂ ਲੜਾਈਆਂ ਦਾ ਮਕਸਦ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਸੀ। ਇਹ ਕੁੱਤਿਆਂ ਦੀਆਂ ਲੜਾਈਆਂ ਵਾਰ-ਵਾਰ ਕਰਵਾਉਂਦੇ ਸਨ, ਤਾਂ ਜੋ ਲੋਕਾਂ ਦਾ ਧਿਆਨ ਇਨ੍ਹਾਂ ਦੁਆਰਾ ਕੀਤੇ ਜਾਂਦੇ ਗਲਤ ਕੰਮਾਂ ਵੱਲ ਨਾ ਜਾਵੇ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਲੋਕ ਸਭਾ ਚੋਣਾਂ 2024 'ਚ ਜਿੱਤ ਯਕੀਨੀ ਬਣਾਉਣ ਲਈ ਸਿਆਸੀ ਪਾਰਟੀਆਂ ਵੱਲੋਂ ਜ਼ੋਰ ਅਜ਼ਮਾਈ ਸ਼ੁਰੂ

**ਪਠਾਨਕੋਟ (ਪੰਜਾਬ ਮੇਲ)-** ਹਾਲ ਹੀ 'ਚ ਵੱਖ-ਵੱਖ ਰਾਜਾਂ ਦੀਆਂ ਕੁੱਲ 7 ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵਿਚ ਜਿੱਥੇ 4 ਸੀਟਾਂ 'ਤੇ ਯੂ.ਪੀ.ਏ. ਤੋਂ 'ਇੰਡੀਆ' ਬਣੇ ਵਿਰੋਧੀ ਦਲ ਦੇ ਖਾਤੇ ਵਿਚ ਆਈਆਂ ਹਨ, ਉਥੇ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਨੂੰ 3 ਸੀਟਾਂ 'ਤੇ ਜਿੱਤ ਕੇ ਸੰਤੁਸ਼ਟ ਹੋਣਾ ਪਿਆ। ਅਜਿਹੇ 'ਚ ਇਨ੍ਹਾਂ ਉਪ ਚੋਣਾਂ ਨੂੰ ਆਉਣ ਵਾਲੇ ਸਾਲ 'ਚ ਹੋਣ ਵਾਲੀਆਂ ਆਮ ਲੋਕ ਸਭਾ ਚੋਣਾਂ ਦਾ ਸੈਮੀਫਾਈਨਲ ਮੰਨਿਆ ਜਾ ਰਿਹਾ ਸੀ। ਭਾਜਪਾ ਮਿਲੇ-ਜੁਲੇ ਨਤੀਜਿਆਂ ਨਾਲ ਨਿਰਾਸ਼ ਤਾਂ ਨਹੀਂ, ਤਾਂ ਉਤਸ਼ਾਹਿਤ ਵੀ ਨਹੀਂ ਹੈ। ਖਾਸ ਕਰਕੇ ਦੇਸ਼ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 80 ਲੋਕ ਸਭਾ ਸੀਟਾਂ ਹਨ। ਕੇਂਦਰ ਵਿਚ ਤੀਜੀ ਵਾਰ ਸੱਤਾ ਵਿਚ ਆਉਣ ਦਾ ਰਾਹ ਇਸੇ ਸੂਬੇ ਤੋਂ ਖੁੱਲ੍ਹਣ ਦੀ ਕਹਾਵਤ ਇੱਥੇ ਪਹਿਲਾਂ ਹੀ ਮਸ਼ਹੂਰ ਹੈ।

■ **2024 'ਚ ਐੱਨ.ਡੀ.ਏ. ਜਿੱਤ ਦੀ ਜ਼ਿੰਮੇਵਾਰੀ ਭਾਜਪਾ 'ਤੇ, 'ਇੰਡੀਆ' ਦੀਆਂ ਉਮੀਦਾਂ ਸਹਿਯੋਗੀ ਪਾਰਟੀਆਂ ਦੇ ਪ੍ਰਦਰਸ਼ਨ 'ਤੇ ਟਿਕੀਆਂ**

ਉਥੇ ਹੀ ਹਿੰਦੀ ਪੱਟੀ ਵਿਚ ਇਸ ਸੂਬੇ ਦੀ ਸਭ ਤੋਂ ਮਸ਼ਹੂਰ ਘੋਸੀ ਵਿਧਾਨ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ 'ਚ ਭਾਜਪਾ ਉਮੀਦਵਾਰ ਦਾਰਾ ਸਿੰਘ ਚੌਹਾਨ ਦੀ ਕਰਾਰੀ ਹਾਰ ਤੋਂ ਭਾਜਪਾ ਹਾਈਕਮਾਂਡ ਯਕੀਨੀ ਤੌਰ 'ਤੇ ਹੈਰਾਨ ਹੈ ਅਤੇ ਦਿਮਾਗੀ ਤੌਰ 'ਤੇ ਵਿਚਾਰ ਕਰਨ ਦੀ ਪ੍ਰਕਿਰਿਆ 'ਚ ਆ ਗਈ ਹੈ। ਜਿੱਥੇ ਸਮਾਜਵਾਦੀ ਪਾਰਟੀ ਇਸ ਉਪ ਚੋਣ ਵਿਚ ਸਪਾ ਉਮੀਦਵਾਰ ਸੁਧਾਕਰ ਸਿੰਘ ਦੀ ਵੱਡੇ ਫਰਕ ਨਾਲ ਹੋਈ ਜਿੱਤ ਤੋਂ ਖੁਸ਼ ਹੈ, ਉੱਥੇ ਵਿਰੋਧੀ ਕਾਂਗਰਸ ਅਤੇ ਸਹਿਯੋਗੀ ਪਾਰਟੀਆਂ ਇਸ ਨੂੰ 'ਇੰਡੀਆ' ਦੀ ਸਾਂਝੀ ਜਿੱਤ ਮੰਨ ਰਹੀਆਂ ਹਨ ਅਤੇ ਭਾਜਪਾ ਦੀ ਹਾਰ ਅਤੇ ਆਪਣੀ ਜਿੱਤ ਦੇ ਜ਼ੋਰ-ਸ਼ੋਰ ਨਾਲ ਦਾਅਵੇ ਕਰ ਰਹੀਆਂ ਹਨ। ਇਨ੍ਹਾਂ ਬਦਲੇ ਹੋਏ ਹਾਲਾਤ ਵਿਚ ਐੱਨ.ਡੀ.ਏ. ਖਾਸ ਕਰਕੇ ਭਾਈਵਾਲਾਂ ਦੇ ਰੱਥ ਦੀ ਅਗਵਾਈ ਕਰ ਰਹੀ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਇਕ ਵਾਰ ਫਿਰ ਤੋਂ ਸਿਆਸੀ ਚੱਕਰਵਿਊ ਰਚਣ ਦੀ ਕੋਸ਼ਿਸ਼ ਕਰਦੀ ਨਜ਼ਰ ਆ ਰਹੀ ਹੈ।

## ਪੰਜਾਬ 'ਚ ਲੋਕ ਸਭਾ ਚੋਣਾਂ ਨੂੰ ਲੈ ਕੇ 'ਆਪ' ਤੇ ਕਾਂਗਰਸ ਦਰਮਿਆਨ ਸ਼ਬਦੀ ਜੰਗ ਭਖੀ

**ਚੰਡੀਗੜ੍ਹ, (ਪੰਜਾਬ ਮੇਲ)-** ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿਚ ਹੁਣ ਸੱਤਾਧਾਰੀ 'ਆਪ' ਤੇ ਵਿਰੋਧੀ ਧਿਰ ਕਾਂਗਰਸ ਦਰਮਿਆਨ ਸ਼ਬਦੀ ਜੰਗ ਭਖ ਗਈ ਹੈ। ਕੌਮੀ ਪੱਧਰ 'ਤੇ 'ਇੰਡੀਆ' ਗੱਠਜੋੜ ਵਿਚ ਇਨ੍ਹਾਂ ਦੋਵਾਂ ਧਿਰਾਂ ਵਿਚ ਸਭ ਅੱਛਾ ਜਾਪਦਾ ਹੈ, ਪਰ ਪੰਜਾਬ ਵਿਚ ਕਾਂਗਰਸ ਅਤੇ 'ਆਪ' ਦੇ ਆਗੂ ਖੁੱਲ੍ਹ ਕੇ ਇਕ ਦੂਜੇ ਖਿਲਾਫ਼ ਬੋਲਣ ਲੱਗੇ ਹਨ। ਸੂਤਰਾਂ ਮੁਤਾਬਕ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਪੰਜਾਬ ਵਿਚ ਇਕੱਲੇ ਲੜਨ ਦੇ ਬਿਆਨ ਨੂੰ ਲੈ ਕੇ 'ਆਪ' ਦੀ ਸੂਬਾਈ ਲੀਡਰਸ਼ਿਪ ਨੇ ਕੌਮੀ ਆਗੂਆਂ ਕੋਲ ਸ਼ਿਕਾਇਤ ਕੀਤੀ ਹੈ। ਉਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਲੜਨ ਦੀ ਤਿਆਰੀ ਕਰਨ ਲਈ ਕਿਹਾ ਹੈ।

## ਕੈਪਟਨ ਵੱਲੋਂ ਸੋਨੀਆ ਗਾਂਧੀ ਨਾਲ ਮੁਲਾਕਾਤ ਦੀ ਅਫ਼ਵਾਹ ਦਾ ਖੰਡਨ

**ਚੰਡੀਗੜ੍ਹ, (ਪੰਜਾਬ ਮੇਲ)-** ਭਾਜਪਾ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਅਫਵਾਹਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਕਿ ਉਨ੍ਹਾਂ ਨੇ ਕਾਂਗਰਸ ਆਗੂ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਅਫ਼ਵਾਹ ਹਨ ਅਤੇ ਸਪੱਸ਼ਟ ਕੀਤਾ ਕਿ ਉਹ ਭਾਜਪਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨਾਲ ਡੱਟ ਕੇ ਖੜ੍ਹੇ ਹਨ।

# ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ) ਬੇਹੱਦ ਸਫ਼ਲ ਰਹੀ

**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬ ਸਾਹਿਤ ਅਕਾਡਮੀ ਦੀ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਵੱਲੋਂ ਬੀਤੇ ਐਤਵਾਰ ਨੂੰ ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਬੇਹੱਦ ਸਫ਼ਲ ਰਹੀ। ਇਸ ਕਾਵਿ ਮਿਲਣੀ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਬਹੁਤ ਨਾਮਵਰ ਕਵੀਆਂ ਅਤੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ। ਇਸ ਕਾਵਿ ਮਿਲਣੀ ਦੀ ਹੋਸਟ ਪ੍ਰਧਾਨ ਰਿੰਟੂ ਭਾਟੀਆ ਸਨ। ਸਰਪ੍ਰਸਤ ਸੁਰਜੀਤ ਕੌਰ ਨੇ ਵੈਬੀਨਾਰ ਵਿਚ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਿਹਾ ਤੇ ਰਿੰਟੂ ਭਾਟੀਆ ਨੂੰ ਪ੍ਰੋਗਰਾਮ ਦਾ ਸੰਚਾਲਨ ਕਰਨ ਲਈ ਕਿਹਾ ਗਿਆ। ਰਿੰਟੂ ਭਾਟੀਆ ਨੇ ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚਾਰ ਸਾਲ ਤੋਂ ਲਗਾਤਾਰ ਹੋ ਰਹੇ ਪ੍ਰੋਗਰਾਮਾਂ ਦੀ ਸੰਖੇਪ ਵਿਚ ਜਾਣਕਾਰੀ ਦਿੱਤੀ।




ਡਾ. ਸਰਬਜੀਤ ਕੌਰ ਸੋਹਲ ਨੇ ਹਾਜ਼ਰੀਨ ਮੈਂਬਰਾਂ ਨੂੰ ਨਿੱਘਾ ਜੀ ਆਇਆਂ ਕਿਹਾ ਤੇ ਆਪਣੀ ਰਚਨਾ ਪੇਸ਼ ਕੀਤੀ। ਡਾ. ਕੁਲਦੀਪ ਸਿੰਘ ਦੀਪ ਤੇ ਸਨੋਬਰ ਚਿੱਬ ਮੁੱਖ ਮਹਿਮਾਨ ਸਨ ਤੇ ਵਿਸ਼ੇਸ਼ ਮਹਿਮਾਨਾਂ ਵਿਚ ਮੇਜਰ ਨਾਗਰਾ, ਕੁਲਦੀਪ, ਪ੍ਰੋ. ਜਸਪਾਲ ਸਿੰਘ, ਬਿਕਰਮ ਸੋਹੀ ਅਤੇ ਨਿਰਮਲ ਕੋਟਲਾ ਸ਼ਾਮਲ ਸਨ। ਹੋਸਟ ਨੇ ਸਭ ਸ਼ਾਇਰਾਂ ਨੂੰ ਪੰਜ ਮਿੰਟ ਦਾ ਸਮਾਂ ਆਪਣੀ ਰਚਨਾ ਪੇਸ਼ ਕਰਨ ਲਈ ਦਿੱਤਾ। ਜ਼ਿਆਦਾਤਰ ਨੇ ਅਧਿਆਪਕ ਦਿਵਸ 'ਤੇ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ। ਡਾ. ਕੁਲਦੀਪ ਸਿੰਘ ਦੀਪ ਨੇ ਅਧਿਆਪਕ ਦਿਵਸ 'ਤੇ ਆਪਣੀ ਰਚਨਾ ਨੂੰ ਪੇਸ਼ ਕੀਤਾ , ਜਿਸਨੇ ਸਭ ਨੂੰ ਬਹੁਤ ਪ੍ਰਭਾਵਿਤ ਕੀਤਾ। ਡਾ. ਕੁਲਦੀਪ ਜੀ ਤੋਂ ਇਲਾਵਾ ਸਾਰੇ ਹੀ ਸ਼ਾਇਰ ਪਹਿਲੀ ਵਾਰ ਆਏ ਸਨ, ਜਿਨ੍ਹਾਂ ਵਿਚ ਕੈਨੇਡਾ, ਪਾਕਿਸਤਾਨ, ਇਟਲੀ, ਅਮਰੀਕਾ ਤੇ ਭਾਰਤ ਤੋਂ ਸ਼ਾਇਰਾਂ ਨੇ ਹਿੱਸਾ ਲਿਆ। ਡਾ. ਦਲਬੀਰ ਸਿੰਘ ਕਥੂਰੀਆ ਨੇ ਮਾਂ-ਬੋਲੀ ਪੰਜਾਬੀ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਚਾਰ ਸਾਂਝਾਂ ਕੀਤੀਆਂ। ਸੁਰਜੀਤ ਕੌਰ ਨੇ ਵੀ ਆਪਣੀ ਰਚਨਾ ਪੇਸ਼ ਕੀਤੀ।

ਇਸ ਤੋਂ ਇਲਾਵਾ ਸ. ਪਿਆਰਾ ਸਿੰਘ ਕੁਦੋਵਾਲ ਚੀਫ ਐਡਵਾਈਜ਼ਰ, ਸਕੱਤਰ ਜਨਰਲ ਅਮਨਬੀਰ ਸਿੰਘ ਧਾਮੀ, ਜਨਰਲ ਸਕੱਤਰ ਰਾਜਬੀਰ ਗਰੇਵਾਲ ਵੀ ਹਾਜ਼ਰ ਸਨ। ਰਮਿੰਦਰ ਰੰਮੀ ਵੱਲੋਂ ਆਏ ਸਾਰੇ ਸਾਰੇ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਕਰਤਾਰਪੁਰ ਲਾਂਘਾ : ਪਾਕਿਸਤਾਨ ਵਾਲੇ ਪਾਸੇ ਪੁਲ ਦਾ ਕੰਮ 97 ਫ਼ੀਸਦੀ ਮੁਕੰਮਲ

**ਡੇਰਾ ਬਾਬਾ ਨਾਨਕ, (ਪੰਜਾਬ ਮੇਲ)-** ਕਰਤਾਰਪੁਰ ਲਾਂਘੇ ਨੇੜਲੇ ਜ਼ੀਰੋ ਲਾਈਨ 'ਤੇ ਪਾਕਿਸਤਾਨ ਵਾਲੇ ਪਾਸੇ ਪੁਲ ਦਾ ਕੰਮ ਲਗਭਗ ਮੁਕੰਮਲ ਕਰ ਲਿਆ ਗਿਆ ਹੈ, ਜਦਕਿ ਭਾਰਤ ਵੱਲੋਂ ਆਪਣੇ ਹਿੱਸੇ ਦਾ ਪੁਲ ਨਵੰਬਰ 2019 'ਚ ਮੁਕੰਮਲ ਕਰ ਲਿਆ ਗਿਆ ਸੀ। ਇਸ ਨਾਲ ਆਉਂਦੇ ਸਮੇਂ ਵਿਚ ਸ਼ਰਧਾਲੂ ਇਸ ਪੁਲ ਰਸਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ। ਇਸ ਵੇਲੇ ਜ਼ੀਰੋ ਲਾਈਨ 'ਤੇ ਆ ਕੇ ਮਿਲਦਾ ਦੋਵਾਂ ਦੇਸ਼ਾਂ ਦਾ ਪੁਲ ਮੁਕੰਮਲ ਨਾ ਹੋਣ ਕਾਰਨ ਸ਼ਰਧਾਲੂ ਇਕ ਅਸਥਾਈ ਰਸਤੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਨ। ਉਧਰ, ਭਾਰਤ-ਪਾਕਿਸਤਾਨ ਆਉਂਦੇ ਦਿਨਾਂ ਵਿਚ ਖੂਬਸੂਰਤ ਦਿੱਖ ਵਾਲਾ ਗੇਟ ਬਣਾਉਣਗੇ, ਜਿਸ ਦੀਆਂ ਤਿਆਰੀਆਂ ਵੀ ਵਿੱਢੀਆਂ ਗਈਆਂ ਹਨ। ਉਂਜ 2019 ਦੇ ਸ਼ੁਰੂਆਤੀ ਦਿਨਾਂ 'ਚ ਦੋਵਾਂ ਦੇਸ਼ਾਂ ਨੂੰ ਜੋੜਨ ਵਾਲੇ ਇਸ ਪੁਲ ਦੇ ਨਿਰਮਾਣ ਲਈ ਭਾਰਤ-ਪਾਕਿ ਦੇ ਉੱਚ ਅਧਿਕਾਰੀਆਂ ਤੇ ਇੰਜੀਨੀਅਰਾਂ ਦੀਆਂ ਅੱਧੀ ਦਰਜਨ ਦੇ ਕਰੀਬ ਮੀਟਿੰਗਾਂ ਵੀ ਹੋਈਆਂ ਸਨ।




# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਪ੍ਰਿੰਟਿੰਗ ਪ੍ਰੈੱਸ ਲਗਾਉਣ ਅਮਰੀਕਾ ਜਾਵੇਗਾ ਸ਼੍ਰੋਮਣੀ ਕਮੇਟੀ ਦਾ ਵਫ਼ਦ

**ਅੰਮ੍ਰਿਤਸਰ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਸ਼ਹਿਰ ਟਰੇਸੀ ’ਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਪਣੀ ਪ੍ਰਿੰਟਿੰਗ ਪ੍ਰੈੱਸ ਲਗਾਉਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਉੱਚ ਪੱਧਰੀ ਵਫ਼ਦ ਛੇਤੀ ਹੀ ਅਮਰੀਕਾ ਜਾਵੇਗਾ। ਇਸ ਵਫ਼ਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਰਨਗੇ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੈਲੀਫੋਰਨੀਆ ਦੇ ਸ਼ਹਿਰ ਟਰੇਸੀ ’ਚ ਆਪਣੀ ਪ੍ਰੀਟਿੰਗ ਪ੍ਰੈੱਸ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਸੰਸਥਾ ਦੇ ਬਾਨੀ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਕੈਨੇਡਾ, ਸਰਪ੍ਰਸਤ ਕਰਨੈਲ ਸਿੰਘ ਸੰਧੂ ਅਮਰੀਕਾ ਅਤੇ ਫਾਊਂਡੇਸ਼ਨ ਦੇ ਪੰਜਾਬ ਪ੍ਰਤੀਨਿਧ ਲਖਵਿੰਦਰ ਸਿੰਘ ਕਾਹਨਕੇ ਨੇ ਇਹ ਪੇਸ਼ਕਸ਼ ਕੀਤੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਵੱਡੀ ਮੰਗ ਕੀਤੀ ਜਾਂਦੀ ਰਹੀ ਹੈ, ਜਿਸ ਨੂੰ ਵੇਖਦਿਆਂ ਪ੍ਰਿੰਟਿੰਗ ਪ੍ਰੈੱਸ ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਲੀਫੋਰਨੀਆ ਦੇ ਟਰੇਸੀ ’ਚ ਸਥਾਪਤ ਕੀਤਾ ਜਾਣ ਵਾਲਾ ਸ਼੍ਰੋਮਣੀ ਕਮੇਟੀ ਦਾ ਇਹ ਕੇਂਦਰ ਸਿਰਫ ਪਾਵਨ ਸਰੂਪਾਂ ਦੀ ਛਪਾਈ ਹੀ ਨਹੀਂ ਕਰੇਗਾ, ਬਲਕਿ ਇਹ ਅਮਰੀਕਾ ਕੈਨੇਡਾ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਤੀਨਿਧਤਾ ਵੀ ਕਰੇਗਾ। ਇਹ ਕੇਂਦਰ ਸ੍ਰੀ ਅਕਾਲ ਤਖ਼ਤ ਦੀ ਅਗਵਾਈ ’ਚ ਕਾਰਜਸ਼ੀਲ ਹੋਵੇਗਾ, ਜਿਸ ਦੀ ਸੇਵਾ ਗਿਆਨ ਸਿੰਘ ਸੰਧੂ, ਕਰਨੈਲ ਸਿੰਘ ਸੰਧੂ, ਸਤਨਾਮ ਸਿੰਘ ਸੰਧੂ ਅਤੇ ਇਕਬਾਲ ਸਿੰਘ ਸੰਧੂ ਵੱਲੋਂ ਕਰਵਾਈ ਜਾਵੇਗੀ। ਜਦਕਿ ਪੰਜਾਬ ’ਚ ਸੰਸਥਾ ਨਾਲ ਇਸ ਦੇ ਤਾਲਮੇਲ ਲਈ ਫਾਊਂਡੇਸ਼ਨ ਦੇ ਨੁਮਾਇੰਦੇ ਲਖਵਿੰਦਰ ਸਿੰਘ ਕਾਹਨੇਕੇ ਸੇਵਾਵਾਂ ਨਿਭਾਉਣਗੇ।

## ਦਿੱਲੀ ’ਚ ਪਟਾਕੇ ਬਣਾਉਣ, ਵੇਚਣ, ਸਟੋਰ ਕਰਨ ਤੇ ਵਜਾਉਣ ’ਤੇ ਪਾਬੰਦੀ ਲਾਗੂ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਰਕਾਰ ਨੇ ਸਰਦੀਆਂ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਯੋਜਨਾ ਤਹਿਤ ਪਟਾਕੇ ਬਣਾਉਣ, ਵੇਚਣ, ਸਟੋਰ ਕਰਨ ਤੇ ਵਜਾਉਣ ’ਤੇ ਪਾਬੰਦੀ ਲਗਾ ਦਿੱਤੀ ਹੈ। ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਦਿੱਲੀ ਪੁਲਿਸ ਨੂੰ ਸ਼ਹਿਰ ਵਿਚ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਨਿਰਦੇਸ਼ ਜਾਰੀ ਕੀਤੇ ਜਾਣਗੇ। ਦਿੱਲੀ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਹਰ ਤਰ੍ਹਾਂ ਦੇ ਪਟਾਕਿਆਂ ’ਤੇ ਪਾਬੰਦੀ ਲਗਾਉਣ ਦੇ ਅਮਲ ’ਤੇ ਚੱਲ ਰਹੀ ਹੈ। ਪਿਛਲੇ ਸਾਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਦੀਵਾਲੀ ’ਤੇ ਸ਼ਹਿਰ ’ਚ ਪਟਾਕੇ ਚਲਾਉਣ ’ਤੇ 6 ਮਹੀਨੇ ਤੱਕ ਦੀ ਕੈਦ ਅਤੇ 200 ਰੁਪਏ ਦਾ ਜ਼ੁਰਮਾਨਾ ਹੋ ਸਕਦਾ ਹੈ।

## ਫ਼ਾਜ਼ਿਲਕਾ ’ਚ ਤੂੜੀ ਨਾਲ ਭਰੀ ਟਰਾਲੀ ’ਚੋਂ 15 ਤੇ ਜਲੰਧਰ ’ਚ 12 ਕਿਲੋ ਹੈਰੋਇਨ ਬਰਾਮਦ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੇ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ 15 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਫ਼ਾਜ਼ਿਲਕਾ ਵਿਚ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਦੀ ਟੀਮ ਨੇ ਇਹ ਗ੍ਰਿਫ਼ਤਾਰੀ ਕੀਤੀ ਹੈ, ਜੋ ਬੀਤੇ ਦਿਨਾਂ ’ਚ 147 ਕਿਲੋ ਹੈਰੋਇਨ ਜ਼ਬਤ ਕਰ ਚੁੱਕੀ ਹੈ। ਸ਼੍ਰੀ ਯਾਦਵ ਨੇ ‘ਐਕਸ’ ’ਤੇ ਪੋਸਟ ’ਚ ਕਿਹਾ, ‘ਸਰਹੱਦ ਪਾਰ ਨਸ਼ਾ ਤਸਕਰੀ ਦੇ ਨੈੱਟਵਰਕ ਖਿਲਾਫ ਮਿਲੀ ਖੁਫੀਆ ਸੂਚਨਾ ਦੇ ਆਧਾਰ ’ਤੇ ਕਾਰਵਾਈ ਕੀਤੀ ਗਈ, ਜਿਸ ਤਹਿਤ ਫਾਜ਼ਿਲਕਾ ’ਚ ਐੱਸ.ਐੱਸ.ਓ.ਸੀ. ਨੇ 15 ਕਿਲੋ ਹੈਰੋਇਨ ਬਰਾਮਦ ਕੀਤੀ ਅਤੇ ਤਸਕਰ ਨੂੰ ਗ੍ਰਿਫਤਾਰ ਕੀਤਾ। ਇਹ




ਬਰਾਮਦਗੀ ਤੂੜੀ ਨਾਲ ਭਰੀ ਟਰੈਕਟਰ-ਟਰਾਲੀ ਦੀ ਤਲਾਸ਼ੀ ਦੌਰਾਨ ਹੋਈ ਹੈ। ਇਸ ਮਾਮਲੇ ਵਿਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ (ਐੱਨ.ਡੀ.ਪੀ.ਐੱਸ.) ਐਕਟ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ।’ ਇਸ ਦੌਰਾਨ ਡੀ.ਜੀ.ਪੀ. ਨੇ ਇਕ ਹੋਰ ਐਕਸ ਸੁਨੇਹੇ ਵਿਚ ਦੱਸਿਆ ਕਿ ਜਲੰਧਰ ਦਿਹਾਤੀ ਪੁਲਿਸ ਨੇ 12 ਕਿਲੋ ਹੈਰੋਇਨ ਬਰਾਮਦ ਕੀਤੀ ਹੈ।

## ਨਵਾਜ਼ ਸ਼ਰੀਫ 21 ਅਕਤੂਬਰ ਨੂੰ ਵਾਪਸ ਪਾਕਿਸਤਾਨ ਪਰਤਣਗੇ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਮੁਖੀ ਨਵਾਜ਼ ਸ਼ਰੀਫ 21 ਅਕਤੂਬਰ ਨੂੰ ਲੰਡਨ ਤੋਂ ਵਾਪਸ ਪਾਕਿਸਤਾਨ ਆਉਣਗੇ। ਉਨ੍ਹਾਂ ਦੇ ਛੋਟੇ ਭਰਾ ਤੇ ਸਾਬਕਾ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਦੱਸਿਆ ਕਿ ਉਹ ਆਗਾਮੀ ਚੋਣਾਂ ’ਚ ਪਾਰਟੀ ਦੀ ਰਾਜਸੀ ਮੁਹਿੰਮ ਦੀ ਅਗਵਾਈ ਕਰਨਗੇ। ਨਵਾਜ਼ ਸ਼ਰੀਫ (73) ਨਵੰਬਰ 2019 ਤੋਂ ਲੰਡਨ ’ਚ ਰਹਿ ਰਹੇ ਹਨ। ਉਨ੍ਹਾਂ ਨੂੰ ਸਾਲ 2018 ਵਿਚ ਅਲ-ਅਜ਼ੀਜ਼ੀਆ ਮਿੱਲਜ਼ ਅਤੇ ਐਵਨਫੀਲਡ ਭ੍ਰਿਸ਼ਟਾਚਾਰ ਕੇਸ ਵਿਚ ਦੋਸ਼ੀ ਮੰਨਿਆ ਗਿਆ ਸੀ।

## ਕੈਨੇਡਾ ’ਚ ਖਾਲਿਸਤਾਨ ਲਈ ਹੋਈ ਰਾਇਸ਼ੁਮਾਰੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ’ਚ ਖਾਲਿਸਤਾਨੀ ਰਾਇਸ਼ਮਾਰੀ ਵਿਚ ਸਿੱਖਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸੇ ਦਿਨ ਆਪਣੇ ਹਮਰੁਤਬਾ ਜਸਟਿਨ ਟਰੂਡੋ ਨੂੰ ਉਨ੍ਹਾਂ ਦੇ ਮੁਲਕ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਬਾਰੇ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ। ਭਾਰਤ ਵਿਚ ਸਿੱਖਾਂ ਲਈ ਵੱਖਰੇ ਮੁਲਕ ਖਾਲਿਸਤਾਨ ਦੇ ਸਮਰਥਨ ਲਈ ਵੋਟਿੰਗ ਐਤਵਾਰ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ’ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ

■ ਪ੍ਰਧਾਨ ਮੰਤਰੀ ਮੋਦੀ ਨੇ ਟਰੂਡੋ ਨੂੰ ਭਾਰਤੀ ਚਿੰਤਾ ਤੋਂ ਕਰਵਾਇਆ ਸੀ ਜਾਣੂ

ਵਿਖੇ ਹੋਈ, ਜਿੱਥੇ ਜੂਨ ਵਿਚ ਇਸ ਦੇ ਸਾਬਕਾ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗਲੋਬਲ ਨਿਊਜ਼ ਚੈਨਲ ਨੇ ਰਿਪੋਰਟ ਦਿੱਤੀ ਕਿ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.), ਜਿਸ ਨੇ ਰਾਇਸ਼ੁਮਾਰੀ ਕਰਵਾਈ, ਨੇ ਕਿਹਾ ਕਿ ਇਸ ਸਮਾਗਮ ਵਿਚ 100,000 ਤੋਂ ਵੱਧ ਲੋਕ ਸ਼ਾਮਲ ਹੋਏ।

## ਯੂ.ਐੱਸ. ਓਪਨ ਟੈਨਿਸ: ਜੋਕੋਵਿਚ ਨੇ ਰਿਕਾਰਡ 24ਵਾਂ ਗਰੈਂਡ ਸਲੈਮ ਜਿੱਤਿਆ

**ਨਿਊਯਾਰਕ, (ਪੰਜਾਬ ਮੇਲ)-** ਨੋਵਾਕ ਜੋਕੋਵਿਚ ਨੇ ਕਰੀਬ ਢਾਈ ਘੰਟੇ ਤੱਕ ਚੱਲੇ ਯੂ.ਐੱਸ. ਓਪਨ ਦੇ ਫਾਈਨਲ ਵਿਚ ਦਾਨਿਲ ਮੇਦਵੇਦੇਵ ਨੂੰ ਹਰਾ ਕੇ ਆਪਣਾ ਰਿਕਾਰਡ 24ਵਾਂ ਸਿੰਗਲ ਗਰੈਂਡ ਸਲੈਮ ਜਿੱਤ ਲਿਆ ਹੈ। ਲਗਭਗ ਇੱਕੋ ਜਿਹੇ ਅੰਦਾਜ਼ ਵਿਚ ਖੇਡਣ ਵਾਲੇ ਦੋਨਾਂ ਖਿਡਾਰੀਆਂ ਦਾ ਮੈਚ ਦਿਲਚਸਪ ਰਿਹਾ। ਦਰਸ਼ਕਾਂ ਨੇ ਇਸ ਦਾ ਖੂਬ ਆਨੰਦ ਮਾਣਿਆ ਅਤੇ ਜਿੱਤ ਤੋਂ ਬਾਅਦ ਜੋਕੋਵਿਚ ਨੇ ਕੋਰਟ ’ਤੇ



ਬੈਠ ਕੇ ਦਰਸ਼ਕਾਂ ਦਾ ਸ਼ੁਭਕਾਮਨਾਵਾਂ ਸਵੀਕਾਰ ਕੀਤਾ। ਜੋਕੋਵਿਚ ਨੇ ਆਪਣੀ ਪੂਰੀ ਊਰਜਾ ਵਰਤਦਿਆਂ 6-3, 7-6, 6-3 ਨਾਲ ਮੈਚ ਤੇ ਖ਼ਿਤਾਬ ਜਿੱਤਿਆ।

## ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਚਾਰ ਆਗੂਆਂ ਨੂੰ ਭਾਜਪਾ ’ਚੋਂ ਕੱਢਿਆ

**ਚੰਡੀਗੜ੍ਹ, (ਪੰਜਾਬ ਮੇਲ)-** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅਨੁਸ਼ਾਸਨੀ ਕਮੇਟੀ ਨਾਲ ਮਸ਼ਵਰੇ ਮਗਰੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਚਾਰ ਭਾਜਪਾ ਆਗੂਆਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿਚੋਂ ਕੱਢ ਦਿੱਤਾ ਹੈ। ਜੀਵਨ ਗੁਪਤਾ ਨੇ ਕਿਹਾ ਕਿ ਸ਼੍ਰੀ ਜਾਖੜ ਵੱਲੋਂ ਸ਼੍ਰੀਮਤੀ ਨਿਮਿਸ਼ਾ ਮਹਿਤਾ, ਦਲਵਿੰਦਰ ਸਿੰਘ ਢਿੱਲੋਂ, ਕੁਲਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਬਰਖਾਸਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਆਗੂ ਅਨੁਸ਼ਾਸਨ ਦੀ ਉਲੰਘਣਾ ਦੇ ਦੋਸ਼ੀ ਪਾਏ ਗਏ ਹਨ ਤੇ ਅਨੁਸ਼ਾਸਨੀ ਕਮੇਟੀ ਨਾਲ ਸਲਾਹ-ਮਸ਼ਵਰਾ ਕਰਕੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਫੈਸਲੇ ਅਨੁਸਾਰ ਇਨ੍ਹਾਂ ਸਾਰਿਆਂ ਨੂੰ ਤੁਰੰਤ ਪ੍ਰਭਾਵ ਨਾਲ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਵੀ ਮੁਕਤ ਕਰ ਦਿੱਤਾ ਗਿਆ ਹੈ।



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

*Loose Fabrics, Groceries, Blankets, Vegetables*



ਵਾਣ ਵਾਲਾ ਮੰਜਾ ਸੇਲ 'ਤੇ ਹੈ



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।



ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ

ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea 900 Gm $ 3.99

Bio Bidet Elite 2 $ 39.99+Tax (Smart Lota)

ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax

ਇੰਡੀਆ ਤੋਂ *Mattress* ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ਼ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ਼ ਖਰੀਦੋ



Hardev Singh Visla    Baksho Kaur Visla

530-671-0439, Fax-530-822-0439
cell- 530-844-3250.

ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕੇਟ ਮੁਫ਼ਤ

- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਵਾਲੀ ਹੁਣ 1.79 ਡਾਲਰ ਪ੍ਰਤੀ ਗਜ਼ ਦੀ ਖਰੀਦੋ

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿੱਚ ਖਰੀਦੋ
buy 5 get one free



# PUNJAB MAIL USA

**TV Channel, Newspaper, Radio**

All over America, Canada, Australia & Europe

## 24 Hours 7 Days

Gold # 2867, Gem # 375, TV Zon # 6888,
Glow TV # 1828, Real TV etc.

You can also watch on our website: PunjabMailUSA.com

For any Information & Advertisement Call at
+1-916-280-8811 or +1-916-320-9444

E-mail: punjabmailtv@gmail.com    Web: punjabmailusa.com



# TAKHAR URGENT CARE & Family Medicine



**Paramjit S. Takhar, M.D.**
**Board Certified Family Medicine**

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

**Onsite Services**



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

**916-688-8888**

**8191 Timberlake Way #400**
**Sacramento, CA 95823**

We Accept Medicare, Medical & Cash Pay



# ਜੀ-20 ਸਿਖਰ ਸੰਮੇਲਨ :
# ਕੀ ਖੱਟਿਆ ਕੀ ਗਵਾਇਆ

- ਸਲਾਮਤੀ ਕੌਂਸਲ ਅਤੇ ਸਾਰੀਆਂ ਆਲਮੀ ਸੰਸਥਾਵਾਂ ਦੇ ਵਿਸਥਾਰ 'ਤੇ ਜ਼ੋਰ
- ਪ੍ਰਧਾਨ ਮੰਤਰੀ ਵੱਲੋਂ ਨਵੰਬਰ ਵਿਚ ਜੀ-20 ਦੇ ਵਰਚੁਅਲ ਸੈਸ਼ਨ ਦੀ ਤਜਵੀਜ਼ ਪੇਸ਼
- ਸਿਖਰ ਸੰਮੇਲਨ 'ਚ ਕਈ ਖੇਤਰੀ ਗਰੁੱਪਾਂ ਦੇ ਅਸਰਦਾਰ ਹੋਣ ਦਾ ਕੀਤਾ ਦਾਅਵਾ
- ਨਵੀਂ ਦਿੱਲੀ ਐਲਾਨਨਾਮਾ ਸਰਬਸੰਮਤੀ ਨਾਲ ਪ੍ਰਵਾਨ
- ਯੂਕਰੇਨ ਜੰਗ ਸਣੇ ਪੇਸ਼ ਸਾਰੇ ਮਤਿਆਂ ਨੂੰ ਦਿੱਤੀ ਪ੍ਰਵਾਨਗੀ
- ਸਾਰੇ ਦੇਸ਼ਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦੇ ਸਿਧਾਂਤ ਕਾਇਮ ਰੱਖਣ ਦਾ ਸੱਦਾ
- ਪੈਰਿਸ ਜਲਵਾਯੂ ਸਮਝੌਤੇ ਦੇ ਟੀਚਿਆਂ ਲਈ 5.9 ਖਰਬ ਡਾਲਰ ਦੀ ਲੋੜ




**ਨਵੀਂ ਦਿੱਲੀ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਅਤੇ ਸਾਰੀਆਂ ਆਲਮੀ ਸੰਸਥਾਵਾਂ ਦੇ ਵਿਸਥਾਰ ਦੀ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਨ੍ਹਾਂ 'ਚ ਦੁਨੀਆਂ ਦੀ ਨਵੀਂ ਹਕੀਕਤ ਝਲਕਣੀ ਚਾਹੀਦੀ ਹੈ ਕਿਉਂਕਿ ਕੁਦਰਤ ਦਾ ਨਿਯਮ ਹੈ ਕਿ ਜੋ ਸਮੇਂ ਦੇ ਨਾਲ ਨਹੀਂ ਬਦਲਦੇ, ਉਹ ਆਪਣੀ ਪ੍ਰਸੰਗਿਕਤਾ ਗੁਆ ਬੈਠਦੇ ਹਨ। ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਮੌਕੇ ਮੋਦੀ ਨੇ ਨਵੰਬਰ ਦੇ ਅਖੀਰ 'ਚ ਗਰੁੱਪ ਦੇ ਵਰਚੁਅਲ ਸੈਸ਼ਨ ਦੀ ਤਜਵੀਜ਼ ਵੀ ਪੇਸ਼ ਕੀਤੀ, ਤਾਂ ਜੋ ਲੀਡਰਜ਼ ਸਮਿਟ ਦੌਰਾਨ ਦਿੱਤੇ ਗਏ ਸੁਝਾਵਾਂ ਅਤੇ ਫ਼ੈਸਲਿਆਂ 'ਤੇ ਅਮਲ ਦਾ ਜਾਇਜ਼ਾ ਲਿਆ ਜਾ ਸਕੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਸਮੇਤ ਹੋਰ ਆਲਮੀ ਆਗੂਆਂ ਨੇ ਰਾਜਘਾਟ 'ਤੇ ਮਹਾਤਮਾ ਗਾਂਧੀ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਰੇ ਆਗੂਆਂ ਨੂੰ ਮੋਦੀ ਨੇ 'ਅੰਗਵਸਤਰਮ' ਜਾਂ ਸ਼ਾਲ ਦੇ ਕੇ ਸਨਮਾਨਿਤ ਕੀਤਾ। ਸਾਰੇ ਆਗੂਆਂ ਨੇ 'ਅਮਨ ਕੰਧ' 'ਤੇ ਆਪਣੇ ਦਸਤਖ਼ਤ ਵੀ ਕੀਤੇ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਇਸ ਮਗਰੋਂ ਵੀਅਤਨਾਮ ਲਈ ਰਵਾਨਾ ਹੋ ਗਏ।



ਜੀ-20 ਸਿਖਰ ਸੰਮੇਲਨ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਕਈ ਖੇਤਰੀ ਗਰੁੱਪ ਉਭਰ ਕੇ ਆਏ ਹਨ ਅਤੇ ਉਹ ਕਈ ਸਾਲਾਂ ਤੋਂ ਅਸਰਦਾਰ ਸਾਬਿਤ ਹੋਏ ਹਨ। ਉਨ੍ਹਾਂ ਆਲਮੀ ਸੰਸਥਾਵਾਂ 'ਚ ਸੁਧਾਰਾਂ ਦੀ ਵਕਾਲਤ ਕਰਦਿਆਂ ਕਿਹਾ, "ਅਫ਼ਰੀਕੀ ਯੂਨੀਅਨ ਨੂੰ ਜੀ-20 ਦਾ ਮੈਂਬਰ ਬਣਾ ਕੇ ਇਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਇਸੇ ਤਰ੍ਹਾਂ ਸਾਨੂੰ ਬਹੁਧਿਰੀ ਵਿਕਾਸ ਬੈਂਕਾਂ ਦੇ ਵਿਸਥਾਰ ਦੀ ਲੋੜ ਹੈ। ਇਸ ਦਿਸ਼ਾ ਵੱਲ ਸਾਡੇ ਫ਼ੈਸਲੇ ਫੌਰੀ ਅਤੇ ਢੁੱਕਵੇਂ ਹੋਣੇ ਚਾਹੀਦੇ ਹਨ।" ਉਨ੍ਹਾਂ ਨਵੰਬਰ ਦੇ ਅਖੀਰ 'ਚ ਵਰਚੁਅਲੀ ਸੈਸ਼ਨ ਦੀ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਇਸ ਸੰਮੇਲਨ 'ਚ ਲਏ ਗਏ ਫ਼ੈਸਲਿਆਂ ਦੀ ਉਸ ਸਮੇਂ ਸਮੀਖਿਆ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਟੀਮਾਂ ਸਾਰਿਆਂ ਨਾਲ ਵੇਰਵੇ ਸਾਂਝੇ ਕਰਨਗੀਆਂ ਅਤੇ ਆਸ ਜਤਾਈ ਕਿ ਉਹ ਸਾਰੇ ਵਰਚੁਅਲੀ ਇਜਲਾਸ 'ਚ ਸ਼ਾਮਲ ਹੋਣਗੇ। ਇਸ ਮਗਰੋਂ ਮੋਦੀ ਨੇ ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਦਾ ਐਲਾਨ ਕੀਤਾ।

ਇਸ ਤੋਂ ਪਹਿਲਾਂ ਜੀ-20 ਸਿਖਰ ਸੰਮੇਲਨ 'ਚ ਭਾਰਤ ਨੂੰ ਇੱਕ ਵੱਡੀ ਕੂਟਨੀਤਕ ਕਾਮਯਾਬੀ ਹਾਸਲ ਹੋਈ, ਜਦੋਂ ਰੂਸ-ਯੂਕਰੇਨ ਜੰਗ 'ਤੇ ਵਖਰੇਵਿਆਂ ਦੇ ਬਾਵਜੂਦ ਇਸ ਪ੍ਰਭਾਵਸ਼ਾਲੀ ਸਮੂਹ ਦੇ ਮੈਂਬਰ ਮੁਲਕਾਂ ਨੇ ਐਲਾਨਨਾਮੇ (ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲੇਰੇਸ਼ਨ) ਨੂੰ ਸਰਬ ਸਹਿਮਤੀ ਨਾਲ ਪ੍ਰਵਾਨ ਕਰ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਐਲਾਨ ਵੀ ਕੀਤਾ ਕਿ ਅਫਰੀਕਨ ਯੂਨੀਅਨ ਨੂੰ ਜੀ-20 ਦਾ ਸਥਾਈ ਮੈਂਬਰ ਬਣਾ ਲਿਆ ਗਿਆ ਹੈ। ਇਹ ਕਹਿੰਦਿਆਂ ਕਿ 'ਅੱਜ ਦਾ ਯੁੱਗ ਜੰਗ ਦਾ ਨਹੀਂ ਹੋਣਾ ਚਾਹੀਦਾ' ਭਾਰਤ ਦੀ ਅਗਵਾਈ ਹੇਠ ਨਵੀਂ ਦਿੱਲੀ ਜੀ-20 ਸਿਖਰ ਸੰਮੇਲਨ ਦੇ ਆਗੂਆਂ ਨੇ ਸਾਰੇ ਰਾਜਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਸਮੇਤ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਅਤੇ ਯੂਕਰੇਨ 'ਚ ਸਥਾਈ ਸ਼ਾਂਤੀ ਦੀ ਵਕਾਲਤ ਕੀਤੀ। ਇਸ ਐਲਾਨਨਾਮੇ 'ਚ ਯੂਕਰੇਨ ਜੰਗ ਤੋਂ ਇਲਾਵਾ ਅੱਤਵਾਦ ਤੇ ਮਨੀ ਲਾਂਡਰਿੰਗ ਖ਼ਿਲਾਫ਼ ਜੰਗ, ਆਰਥਿਕਤਾ ਤੇ ਵਾਤਾਵਰਣ, ਆਲਮੀ ਵਿਕਾਸ, ਬਹੁਪਰਤੀ ਵਿਕਾਸ ਬੈਂਕਾਂ, ਸਰਹੱਦ ਪਾਰੋਂ ਹੋਣ ਵਾਲੀਆਂ ਅਦਾਇਗੀਆਂ, ਸਿੱਖਿਆ, ਖੇਤੀਬਾੜੀ, ਧਰਮ ਅਤੇ ਭ੍ਰਿਸ਼ਟਾਚਾਰ ਸਬੰਧੀ ਮਤੇ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਜੀ-20 ਸਮੂਹ ਦੇ ਸਾਰੇ ਮੈਂਬਰ ਮੁਲਕਾਂ ਨੇ ਸਵੀਕਾਰ ਕਰ ਲਿਆ ਹੈ। ਯੂਕਰੇਨ ਸੰਘਰਸ਼ 'ਤੇ ਵਧਦੇ ਤਣਾਅ ਅਤੇ ਵੱਖ-ਵੱਖ ਵਿਚਾਰਾਂ ਵਿਚਾਲੇ ਭਾਰਤ ਦੀ ਜੀ-20 ਪ੍ਰਧਾਨਗੀ ਹੇਠ ਇਹ ਅਹਿਮ ਕਾਮਯਾਬੀ ਹੈ। ਐਲਾਨਨਾਮੇ 'ਤੇ ਸਰਬ-ਸਹਿਮਤੀ ਅਤੇ ਉਸ ਮਗਰੋਂ ਇਸ ਨੂੰ ਅਪਣਾਉਣ ਦਾ ਐਲਾਨ ਭਾਰਤ ਵੱਲੋਂ ਯੂਕਰੇਨ ਜੰਗ ਦਾ ਜ਼ਿਕਰ ਕਰਨ ਲਈ ਜੀ-20 ਮੁਲਕਾਂ ਨੂੰ ਇੱਕ ਨਵਾਂ ਪਾਠ ਵੰਡਣ ਤੋਂ ਕੁਝ ਘੰਟੇ ਬਾਅਦ ਹੋਇਆ।

ਇਸ ਤੋਂ ਪਹਿਲਾਂ ਜੀ-20 ਦੇਸ਼ਾਂ ਦੇ 'ਨਵੀਂ ਦਿੱਲੀ ਡੈਕਲੇਰੇਸ਼ਨ ਆਫ

## ਪ੍ਰਗਟਾਵੇ ਦੀ ਆਜ਼ਾਦੀ ਤੇ ਸ਼ਾਂਤੀ ਪੂਰਨ ਰੋਸ ਪ੍ਰਦਰਸ਼ਨ ਦੀ ਆਜ਼ਾਦੀ ਦੀ ਰਾਖੀ ਕਰੇਗਾ ਕੈਨੇਡਾ : ਟਰੂਡੋ

**ਨਵੀਂ ਦਿੱਲੀ, (ਪੰਜਾਬ ਮੇਲ)-** ਕੈਨੇਡਾ 'ਚ ਖਾਲਿਸਤਾਨੀ ਤੱਤਾਂ ਦੀਆਂ ਵਧਦੀਆਂ ਗਤੀਵਿਧੀਆਂ 'ਤੇ ਭਾਰਤ ਦੀ ਚਿੰਤਾ ਬਾਰੇ ਪੁੱਛੇ ਜਾਣ 'ਤੇ ਟਰੂਡੋ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਦਾ ਮੁਲਕ ਸ਼ਾਂਤੀਪੂਰਨ ਰੋਸ ਮੁਜ਼ਾਹਰੇ ਦੀ ਆਜ਼ਾਦੀ ਦੀ ਹਮੇਸ਼ਾ ਰਾਖੀ ਕਰੇਗਾ ਪਰ ਨਾਲ ਹੀ ਹਿੰਸਾ ਰੋਕੇਗਾ ਅਤੇ ਨਫਰਤ ਦਾ ਹਮੇਸ਼ਾ ਵਿਰੋਧ ਕਰੇਗਾ। ਉਨ੍ਹਾਂ ਕਿਹਾ, 'ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ ਤੇ ਸ਼ਾਂਤੀ ਪੂਰਨ ਰੋਸ ਪ੍ਰਦਰਸ਼ਨ ਦੀ ਆਜ਼ਾਦੀ ਦੀ ਰਾਖੀ ਕਰੇਗਾ ਅਤੇ ਇਹ ਸਾਡੇ ਲਈ ਬੇਹੱਦ ਅਹਿਮ ਹੈ।' ਟਰੂਡੋ ਨੇ ਕਿਹਾ, 'ਨਾਲ ਹੀ ਅਸੀਂ ਹਿੰਸਾ ਰੋਕਣ ਅਤੇ ਨਫਰਤ ਦਾ ਵਿਰੋਧ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਾਂ। ਮੈਨੂੰ ਲਗਦਾ ਹੈ ਕਿ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਕੁਝ ਲੋਕਾਂ ਦੀਆਂ ਹਰਕਤਾਂ ਪੂਰੇ ਭਾਈਚਾਰੇ ਜਾਂ ਕੈਨੇਡਾ ਦੀ ਨੁਮਾਇੰਦਗੀ ਨਹੀਂ ਕਰਦੀਆਂ।'

## ਰੂਸ ਵੱਲੋਂ ਜੀ-20 ਐਲਾਨਨਾਮਾ 'ਸੰਤੁਲਿਤ' ਕਰਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਰੂਸ ਨੇ ਜੀ-20 ਐਲਾਨਨਾਮੇ ਨੂੰ 'ਸੰਤੁਲਿਤ' ਕਰਾਰ ਦਿੱਤਾ ਹੈ। ਰੂਸ ਨੇ ਐਲਾਨਨਾਮੇ ਦੀ ਸ਼ਲਾਘਾ ਕੀਤੀ ਹੈ, ਜਿਸ ਵਿਚ ਯੂਕਰੇਨ ਨਾਲ ਜੰਗ ਲਈ ਮਾਸਕੋ ਦੀ ਸਿੱਧੇ ਤੌਰ 'ਤੇ ਨੁਕਤਾਚੀਨੀ ਤੋਂ ਪਰਹੇਜ਼ ਕੀਤਾ ਗਿਆ ਹੈ। ਰੂਸ ਨੇ ਕਿਹਾ ਕਿ ਜੀ-20 ਆਗੂਆਂ ਨੇ ਰੂਸ-ਯੂਕਰੇਨ ਵਿਵਾਦ ਨੂੰ ਸੁਲਝਾਉਣ ਦੇ ਹਿੱਤ ਵਿਚ ਕੰਮ ਕੀਤਾ ਹੈ। ਜੀ-20 ਸਿਖਰ ਸੰਮੇਲਨ ਦੇ ਦੂਜੇ ਦਿਨ ਵੀ ਇਸ ਮੁੱਦੇ 'ਤੇ ਵਿਚਾਰ ਚਰਚਾ ਜਾਰੀ ਰਹੀ। ਦੱਸ ਦੇਈਏ ਕਿ ਜੀ-20 ਨੇ ਸ਼ਨਿੱਚਰਵਾਰ ਨੂੰ ਨਵੀਂ ਦਿੱਲੀ 'ਚ ਸਰਬਸੰਮਤੀ ਨਾਲ ਐਲਾਨਨਾਮੇ ਨੂੰ ਅਪਣਾਇਆ ਸੀ, ਜਿਸ ਵਿਚ ਜੰਗ ਲਈ ਰੂਸ ਦੀ ਨਿਖੇਧੀ ਤੋਂ ਪਰਹੇਜ਼ ਕੀਤਾ ਗਿਆ ਸੀ ਪਰ ਯੂਕਰੇਨੀ ਖੇਤਰਾਂ 'ਤੇ ਕਬਜ਼ੇ ਲਈ ਤਾਕਤ ਦੀ ਵਰਤੋਂ ਨਾ ਕਰਨ ਦਾ ਸੱਦਾ ਦਿੱਤਾ ਗਿਆ ਸੀ। ਰੂਸ ਦਾ ਹਾਲਾਂਕਿ ਕਹਿਣਾ ਹੈ ਕਿ ਉਹ ਯੂਕਰੇਨ ਵਿਚ 'ਵਿਸ਼ੇਸ਼ ਫੌਜੀ ਅਪਰੇਸ਼ਨ' ਚਲਾ ਰਿਹਾ ਹੈ।

## ਜੀ-20 ਹਾਲੇ ਵੀ ਸਾਡੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਕੱਢ ਸਕਦੈ : ਬਾਇਡਨ

**ਨਵੀਂ ਦਿੱਲੀ/ਹਾਨੋਈ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਸ ਸਾਲ ਦੇ ਜੀ-20 ਸਿਖਰ ਸੰਮੇਲਨ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਗਰੁੱਪ ਹਾਲੇ ਵੀ ਆਪਣੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਲੱਭ ਸਕਦਾ ਹੈ। ਬਾਇਡਨ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਦਾ ਵੀਅਤਨਾਮ ਦੌਰਾ ਚੀਨ ਨਾਲ 'ਠੰਢੀ ਜੰਗ' ਸ਼ੁਰੂ ਕਰਨ ਦੀ ਕੋਸ਼ਿਸ਼ ਨਹੀਂ ਹੈ ਤੇ ਉਨ੍ਹਾਂ ਦਾ ਉਦੇਸ਼ ਵੀਅਤਨਾਮ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧ ਮਜ਼ਬੂਤ ਬਣਾ ਕੇ ਦੁਨੀਆਂ 'ਚ ਸਥਿਰਤਾ ਲਿਆਉਣਾ ਹੈ।

ਸਿਖਰ ਸੰਮਲੇਨ 'ਚ ਹਿੱਸਾ ਲੈਣ ਆਏ ਬਾਇਡਨ ਮਹਾਤਮਾ ਗਾਂਧੀ ਦੀ ਸਮਾਧ ਰਾਜਘਾਟ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਵੀਅਤਨਾਮ ਰਵਾਨਾ ਹੋ ਗਏ ਸਨ। ਉਨ੍ਹਾਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ, "ਅਜਿਹੇ ਸਮੇਂ 'ਚ ਜਦੋਂ ਆਲਮੀ ਅਰਥਵਿਵਸਥਾ ਜਲਵਾਯੂ ਸੰਕਟ, ਨਾਜ਼ੁਕ ਹਾਲਾਤ ਅਤੇ ਸੰਘਰਸ਼ ਨਾਲ ਜੂਝ ਰਹੀ ਹੈ, ਇਸ ਸਾਲ ਦੇ ਸਿਖਰ ਸੰਮੇਲਨ ਨੇ ਸਾਬਤ ਕਰ ਦਿੱਤਾ ਹੈ ਕਿ ਜੀ-20 ਹਾਲੇ ਵੀ ਸਾਡੇ ਸਭ ਤੋਂ ਅਹਿਮ ਮੁੱਦਿਆਂ ਦਾ ਹੱਲ ਕੱਢ ਸਕਦਾ ਹੈ।"

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਹੇਠਲੇ ਤੇ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਨੂੰ ਵਿੱਤੀ ਸਮਰਥਨ ਦੇਣ ਲਈ ਵਿਸ਼ਵ ਬੈਂਕ ਦੀ ਸਮਰਥਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਹੈ ਅਤੇ ਇਸ ਸਬੰਧ 'ਚ ਜੀ-20 ਦੇਸ਼ਾਂ ਨੂੰ ਇਕਮਤ ਹੋਣ ਲਈ ਕਿਹਾ ਹੈ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ ਬਾਇਡਨ ਨੇ ਸਮੂਹਿਕ ਰੂਪ ਵਿਚ ਵੱਧ ਗੁੰਜਾਇਸ਼ ਅਤੇ ਰਿਆਇਤੀ ਵਿੱਤ ਜੁਟਾਉਣ ਲਈ ਜੀ-20 ਦੇਸ਼ਾਂ ਨੂੰ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ ਹੈ।



ਵੀਅਤਨਾਮ ਰਵਾਨਾ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਦੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਜੋਅ

# ਮਾਪਿਆਂ ਲਈ ਬੱਚਿਆਂ ਨਾਲ ਗੱਲ ਕਰਨ ਦੇ ਦਸ ਮਹੱਤਵਪੂਰਨ ਤਰੀਕੇ



**ਹਰਕੀਰਤ ਕੌਰ**
97791-18066
(Punjab Mail USA)



ਜਦੋਂ ਪਰਿਵਾਰ ਵਿਚ ਇੱਕ ਨਵਾਂ ਬੱਚਾ ਪੈਦਾ ਹੁੰਦਾ ਹੈ, ਤਾਂ ਜਿੱਥੇ ਘਰ ਪਰਿਵਾਰ ਵਿਚ ਖੁਸ਼ੀਆਂ ਦਾ ਮਾਹੌਲ ਸਿਰਜਦਾ ਹੈ, ਉੱਥੇ ਹੀ ਮਾਪਿਆਂ ਉੱਪਰ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਵੀ ਪੈਂਦੀ ਹੈ। ਕੋਈ ਵੀ ਇਨਸਾਨ ਦੁਨੀਆਂ ਵਿਚ ਚੰਗੇ ਜਾਂ ਮਾੜੇ ਕੰਮ ਕਰਦਾ ਹੈ, ਤਾਂ ਸਭ ਤੋਂ ਪਹਿਲਾਂ ਉਸਦਾ ਸਿਹਰਾ ਉਸ ਇਨਸਾਨ ਦੀ ਪਰਵਰਿਸ਼ ਨੂੰ ਹੀ ਜਾਂਦਾ ਹੈ।

ਬਹੁਤਾਤ ਮਾਪਿਆਂ ਲਈ ਪਰਵਰਿਸ਼ ਦੇ ਅਰਥ ਸਿਰਫ਼ ਬੱਚਿਆਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰਨ ਤੱਕ ਸੀਮਤ ਹੁੰਦੇ ਹਨ, ਜਦਕਿ ਪਰਵਰਿਸ਼ ਦਾ ਖੇਤਰ ਬਹੁਤ ਵਿਸ਼ਾਲ ਹੈ। ਬੱਚਿਆਂ ਨਾਲ ਬੈਠ ਸਮਾਂ ਬਿਤਾਉਣਾ, ਉਨ੍ਹਾਂ ਨੂੰ ਸੁਣਨਾ, ਸਮਝਣਾ, ਉਨ੍ਹਾਂ ਦੀ ਮਾਨਸਿਕ ਪਰੇਸ਼ਾਨੀਆਂ ਨੂੰ ਜਾਨਣਾ, ਉਨ੍ਹਾਂ ਨੂੰ ਨੈਤਿਕ ਗੁਣਾਂ ਦੇ ਧਾਰਣੀ ਬਣਾਉਣਾ ਆਦਿ ਸਭ ਪਰਵਰਿਸ਼ ਦੇ ਅਹਿਮ ਹਿੱਸੇ ਹਨ।

ਮੌਜੂਦਾ ਸਮੇਂ ਵਿਚ ਮਾਤਾ-ਪਿਤਾ ਦੋਵੇਂ ਕੰਮਕਾਜ਼ੀ ਹੋਣ ਕਾਰਣ ਉਨ੍ਹਾਂ ਕੋਲ ਬੱਚਿਆਂ ਨਾਲ ਗੱਲ ਕਰਨ ਦਾ ਸਮਾਂ ਬਹੁਤ ਘੱਟ ਹੈ, ਮਾਪੇ ਜੇਕਰ ਸਮਾਂ ਕੱਢਦੇ ਵੀ ਹਨ, ਤਾਂ ਬੱਚਿਆਂ ਨਾਲ ਗੱਲ ਕਰਨ ਦੇ ਸਹੀ ਤਰੀਕਿਆਂ ਦੀ ਵਰਤੋਂ ਨਹੀਂ ਕਰਦੇ। ਭਾਰਤੀ ਸਮਾਜ ਵਿਚ ਮਾਪਿਆਂ ਅਤੇ ਬੱਚਿਆਂ ਵਿਚ ਸੰਚਾਰ ਦਾ ਇੱਕ ਬਹੁਤ ਵੱਡਾ ਪਾੜਾ ਰਿਹਾ ਹੈ, ਬੱਚੇ ਮਾਪਿਆਂ ਦੇ ਭੈਅ, ਡਰ ਦੇ ਕਾਰਣ ਕਦੇ ਵੀ ਉਨ੍ਹਾਂ ਨੂੰ ਆਪਣੇ ਦੋਸਤ ਨਹੀਂ ਬਣਾ ਪਾਉਂਦੇ। ਜਿਸ ਕਾਰਣ ਮਾਪੇ ਬੱਚੇ ਦੀਆਂ ਭਾਵਨਾਵਾਂ, ਗੱਲਾਂ, ਵਿਚਾਰਾਂ ਨੂੰ ਜਾਨਣ ਵਿਚ ਅਸਫ਼ਲ ਰਹਿੰਦੇ ਹਨ ਅਤੇ ਬੱਚੇ ਇਕੱਲਤਾ, ਮਾਨਸਿਕ ਪਰੇਸ਼ਾਨੀਆਂ ਨਾਲ ਜੂਝਦੇ ਰਹਿੰਦੇ ਹਨ ਜਾਂ ਗਲਤ ਸੰਗਤ ਕਰਨ ਲੱਗਦੇ ਹਨ।

ਅਜਿਹੀ ਸਥਿਤੀ ਵਿਚ ਮਾਪਿਆਂ ਨੂੰ ਕੁਝ ਖਾਸ ਤਰੀਕਿਆਂ ਨਾਲ ਬੱਚਿਆਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਬੱਚੇ ਬਿਨਾਂ ਕਿਸੇ ਡਰ, ਭੈਅ ਦੇ ਮਾਪਿਆਂ ਨਾਲ ਖੁੱਲ੍ਹ ਕੇ ਗੱਲ ਕਰ ਸਕਣ। ਜਿਨ੍ਹਾਂ ਵਿਚ ਕੁਝ ਇਸ ਤਰ੍ਹਾਂ ਹਨ:-

1. **ਇੱਕ ਚੰਗੇ ਸਰੋਤੇ ਬਣੋ:** ਜਦੋਂ ਤੁਹਾਡਾ ਬੱਚਾ ਤੁਹਾਡੇ ਨਾਲ ਗੱਲ ਕਰ ਰਿਹਾ ਹੋਵੇ, ਤਾਂ ਉਸ 'ਤੇ ਆਪਣਾ ਪੂਰਾ ਧਿਆਨ ਦਿਓ ਅਤੇ ਉਸ ਨੇ ਜੋ ਕਹਿਣਾ ਹੈ, ਉਸ ਵਿਚ ਦਿਲਚਸਪੀ ਦਿਖਾਓ। ਉਸਦੀ ਗੱਲ ਨੂੰ ਅਣਸੁਣਿਆਂ ਜਾਂ ਅਣਗੌਲਿਆ ਨਾ ਕੀਤਾ ਜਾਵੇ। ਬੱਚੇ ਨੂੰ ਬੋਲਣ ਦਾ ਪੂਰਾ ਮੌਕਾ ਦਿਓ। ਉਸਨੂੰ ਇਹ ਮਹਿਸੂਸ ਕਰਵਾਉ ਕਿ ਤੁਸੀਂ ਉਸ ਦੀ ਗੱਲ ਨੂੰ ਸੁਣਨਾ ਚਾਹੁੰਦੇ ਹੋ ਅਤੇ ਬੱਚੇ ਦੀ ਹਰ ਗੱਲ ਤੁਹਾਡੇ ਲਈ ਜ਼ਰੂਰੀ ਹੈ।

2. **ਖੁੱਲ੍ਹੇ-ਡੁੱਲ੍ਹੇ ਸਵਾਲਾਂ ਦੀ ਵਰਤੋਂ ਕਰੋ:** ਹਾਂ ਜਾਂ ਨਾਂਹ ਵਿਚ ਸਵਾਲ ਪੁੱਛਣ ਦੀ ਬਜਾਏ, ਅਜਿਹੇ ਸਵਾਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਵਧੇਰੇ ਵਿਸਤਾਰ ਵਿਚ ਦੱਸਣ ਅਤੇ ਸਾਂਝਾ ਕਰਨ ਲਈ ਉਤਸ਼ਾਹਿਤ ਕਰਦੇ ਹੋਣ। ਜਦੋਂ ਵੀ ਬੱਚਿਆਂ ਨੂੰ ਸਵਾਲ ਪੁੱਛੋ ਉਸ ਵਿਚ ਤੁਹਾਡਾ ਤਾਨਾਸ਼ਾਹੀ ਰੂਪ ਨਹੀਂ ਝਲਕਣਾ ਚਾਹੀਦਾ ਹੈ। ਇੱਕ ਟੁੱਕ ਜਵਾਬ ਮੰਗਣ ਦੀ ਬਜਾਇ ਬੱਚੇ ਨੂੰ ਆਪਣੇ ਤਰੀਕੇ ਨਾਲ ਗੱਲ ਕਰਨ ਦਾ ਮੌਕਾ ਦਿਓ।

3. **ਇੱਕ ਸੁਰੱਖਿਅਤ ਅਤੇ ਨਿਰਣਾਇਕ ਮਾਹੌਲ ਬਣਾਓ:** ਯਕੀਨੀ ਬਣਾਓ ਕਿ ਤੁਹਾਡਾ ਬੱਚਾ ਆਲੋਚਨਾ ਜਾਂ ਸਜ਼ਾ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਪ੍ਰਗਟ ਕਰਨ ਵਿਚ ਅਰਾਮਦਾਇਕ ਮਹਿਸੂਸ ਕਰੇ।

4. **ਉਮਰ-ਮੁਤਾਬਕ ਭਾਸ਼ਾ ਦੀ ਵਰਤੋਂ ਕਰੋ:** ਬੱਚੇ ਨਾਲ ਗੱਲ ਕਰਦੇ ਸਮੇਂ ਆਪਣੀ ਸੰਚਾਰ ਸ਼ੈਲੀ ਨੂੰ ਆਪਣੇ ਬੱਚੇ ਦੀ ਉਮਰ ਅਤੇ ਸਮਝ ਅਨੁਸਾਰ ਚੁਣੋ। ਉਨ੍ਹਾਂ ਸ਼ਬਦਾਂ ਅਤੇ ਸੰਕਲਪਾਂ ਦੀ ਵਰਤੋਂ ਕਰੋ, ਜੋ ਉਹ ਆਸਾਨੀ ਨਾਲ ਸਮਝ ਸਕਦੇ ਹੋਣ। ਉਨ੍ਹਾਂ ਨੂੰ ਆਸਾਨ ਅਤੇ ਦਿਲਚਸਪ ਤਰੀਕੇ ਨਾਲ ਸਮਝਾਉਣ ਦਾ ਯਤਨ ਕਰੋ।

5. **ਧੀਰਜ ਅਤੇ ਸਮਝਦਾਰੀ ਰੱਖੋ:** ਬੱਚੇ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਸਮਾਂ ਲੈ ਸਕਦੇ ਹਨ ਜਾਂ ਸਹੀ ਸ਼ਬਦ ਲੱਭਣ ਲਈ ਸੰਘਰਸ਼ ਕਰ ਸਕਦੇ ਹਨ। ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਲਈ ਲੋੜੀਂਦੀ ਥਾਂ ਅਤੇ ਸਮਾਂ ਦੋਵੇਂ ਜ਼ਰੂਰੀ ਹਨ। ਕਾਹਲ ਨਾ ਕਰਕੇ ਧੀਰਜ ਅਤੇ ਸਮਝਦਾਰੀ ਨਾਲ ਬੱਚਿਆਂ ਨੂੰ ਸੁਣਿਆ ਜਾਵੇ।

6. **ਹਮਦਰਦੀ ਦਿਖਾਓ:** ਆਪਣੇ ਬੱਚੇ ਦੇ ਨਜ਼ਰੀਏ ਨੂੰ ਸਮਝਣ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖੋ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਸਮਝਦੇ ਹੋ ਅਤੇ ਉਨ੍ਹਾਂ ਦੀ ਪਰਵਾਹ ਕਰਦੇ ਹੋ ਕਿ ਉਹ ਕਿਸ ਸਥਿਤੀ ਵਿਚੋਂ ਲੰਘ ਰਹੇ ਹਨ।

7. **ਸਕਾਰਾਤਮਕ ਮਜ਼ਬੂਤੀ ਦੀ ਵਰਤੋਂ ਕਰੋ:** ਆਪਣੇ ਬੱਚੇ ਦੇ ਸਵੈ-ਮਾਣ ਨੂੰ ਵਧਾਉਣ ਅਤੇ ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਬੱਚੇ ਦੇ ਯਤਨਾਂ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰੋ ਅਤੇ ਉਨ੍ਹਾਂ ਨੂੰ ਸਵੀਕਾਰ ਕਰੋ। ਬੱਚੇ ਦਾ ਆਤਮ ਵਿਸ਼ਵਾਸ ਵਧਾਉਣ ਲਈ ਉਸਦੇ ਛੋਟੇ-ਛੋਟੇ ਯਤਨਾਂ ਦੀ ਸ਼ਲਾਘਾ ਕਰੋ।

8. **ਗੱਲਬਾਤ ਲਈ ਸਮਰਪਿਤ ਸਮਾਂ ਰੱਖੋ:** ਇੱਕ ਰੁਟੀਨ ਬਣਾਓ ਜਿੱਥੇ ਤੁਸੀਂ ਅਤੇ ਤੁਹਾਡੇ ਬੱਚੇ ਨੂੰ ਬਿਨਾਂ ਕਿਸੇ ਰੁਕਾਵਟ ਦੇ ਗੱਲ ਕਰਨ ਅਤੇ ਜੁੜਨ ਲਈ ਨਿਯਮਿਤ ਤੌਰ 'ਤੇ ਸਮਾਂ ਹੋਵੇ। ਇਸ ਸਮੇਂ ਦੌਰਾਨ ਤੁਸੀਂ ਬੱਚੇ ਦੇ ਸਾਰੇ ਦਿਨ ਦੇ ਕੰਮਾਂ ਅਤੇ ਰੁਟੀਨ ਬਾਰੇ ਗੱਲ ਕਰ ਸਕਦੇ ਹੋ।

9. **ਇੱਕ ਰੋਲ ਮਾਡਲ ਬਣੋ:** ਆਪਣੇ ਬੱਚੇ ਨਾਲ ਆਦਰਯੋਗ, ਇਮਾਨਦਾਰ ਅਤੇ ਖੁੱਲ੍ਹ ਕੇ ਗੱਲਬਾਤ ਕਰਨ ਦੇ ਪ੍ਰਭਾਵਸ਼ਾਲੀ ਹੁਨਰ ਦਾ ਪ੍ਰਦਰਸ਼ਨ ਕਰੋ। ਇਸ ਨਾਲ ਤੁਹਾਡੇ ਬੱਚਿਆਂ ਵਿਚ ਤੁਹਾਡੇ ਪ੍ਰਤੀ ਪਿਆਰ ਅਤੇ ਸਤਿਕਾਰ ਹੋਰ ਵਧੇਗਾ।

10. **ਸਹਾਇਕ ਬਣੋ:** ਆਪਣੇ ਬੱਚੇ ਨੂੰ ਆਪਣੇ ਆਪ ਨੂੰ ਇਮਾਨਦਾਰੀ ਨਾਲ ਪ੍ਰਗਟ ਕਰਨ ਲਈ ਉਤਸ਼ਾਹਿਤ ਕਰੋ, ਭਾਵੇਂ ਉਸ ਦੇ ਵਿਚਾਰ ਜਾਂ ਭਾਵਨਾਵਾਂ ਤੁਹਾਡੇ ਤੋਂ ਵੱਖਰੀਆਂ ਹੋਣ। ਉਨ੍ਹਾਂ ਦੇ ਸਹਾਇਕ ਬਣ ਉਨ੍ਹਾਂ ਦੀ ਹਰ ਗੱਲ ਸੁਣੋ।

ਇਹ ਕੁਝ ਅਜਿਹੇ ਤਰੀਕੇ ਜਾਂ ਵਿਵਹਾਰ ਹਨ, ਜਿਨ੍ਹਾਂ ਰਾਹੀਂ ਮਾਪੇ ਆਪਣੇ ਬੱਚਿਆਂ ਦੇ ਚੰਗੇ ਦੋਸਤ ਬਣ ਸਕਦੇ ਹਨ, ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਇੱਕ ਚੰਗੇ ਨਾਗਰਿਕ ਬਣਾ ਸਕਦੇ ਹਨ। ਜਿੰਨਾਂ ਬੱਚੇ ਤੁਹਾਡੇ ਨਾਲ ਗੱਲਾਂ ਸਾਂਝੀਆਂ ਕਰਨਗੇ, ਉਨੇ ਹੀ ਉਹ ਤੁਹਾਡੇ ਨੇੜੇ ਅਤੇ ਸੁਰੱਖਿਅਤ ਰਹਿਣਗੇ। ਮਾਪੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਬੱਚੇ ਦੀਆਂ ਬੁਨਿਆਦੀਂ ਲੋੜਾਂ ਤੋਂ ਵੀ ਅਹਿਮ ਹੈ ਬੱਚੇ ਨੂੰ ਸਮਾਂ ਦੇਣਾ ਅਤੇ ਉਸ ਨਾਲ ਗੱਲਾਂ ਕਰਨੀਆਂ, ਤਾਂ ਜੋ ਤੁਸੀਂ ਆਪਣੇ ਬੱਚੇ ਦਾ ਸਹੀ ਮਾਰਗ ਦਰਸ਼ਨ ਕਰ ਸਕੋ। ਤੁਹਾਡਾ ਅਜਿਹੇ ਤਰੀਕੇ ਨਾਲ ਬੱਚੇ ਨਾਲ ਗੱਲਬਾਤ ਕਰਨਾ ਬੱਚੇ ਨੂੰ ਕਈ ਮਾਨਸਿਕ ਪਰੇਸ਼ਾਨੀਆਂ ਅਤੇ ਗਲਤ ਸੰਗਤ ਤੋਂ ਬਚਾਇਆ ਜਾ ਸਕਦਾ ਹੈ। ਤੁਹਾਡਾ ਅਜਿਹਾ ਵਿਵਹਾਰ ਹੀ ਬੱਚੇ ਨੂੰ ਪਰਿਵਾਰ ਦਾ ਇੱਕ ਸਮਝਦਾਰ ਮੈਂਬਰ ਅਤੇ ਸਮਾਜ ਦਾ ਇੱਕ ਜ਼ਿੰਮੇਵਾਰ ਨਾਗਰਿਕ ਬਣਾ ਸਕਦਾ ਹੈ।







# ਨਾਟਕਕਾਰ ਜਗਦੀਸ਼ ਸਚਦੇਵਾ

ਅੰਗਰੇਜ ਸਿੰਘ ਵਿਰਦੀ
63, ਗੰਡਾ ਸਿੰਘ ਕਲੌਨੀ,
ਤਰਨਤਾਰਨ ਰੋਡ, ਅੰਮ੍ਰਿਤਸਰ
ਮੋਬ :- 94646-28857
(Punjab Mail USA)










ਜਗਦੀਸ਼ ਸਚਦੇਵਾ ਪੰਜਾਬੀ ਰੰਗਮੰਚ ਦੀ ਦੁਨੀਆਂ ਦਾ ਇੱਕ ਐਸਾ ਸ਼ਾਹਸਵਾਰ ਹਨ, ਜਿਨ੍ਹਾਂ ਦਾ ਸ਼ੁਮਾਰ ਪੰਜਾਬੀ ਨਾਟਕਕਾਰਾਂ ਦੀ ਚੌਥੀ ਪੀੜ੍ਹੀ ਵਿਚ ਕੀਤਾ ਜਾਂਦਾ ਹੈ। ਆਪਣੇ ਨਾਟਕਾਂ ਦੇ ਜ਼ਰੀਏ ਬਹੁਪਰਤੀ ਸਮਾਜਿਕ ਜੀਵਨ, ਮਨੁੱਖ ਦੇ ਅੰਤਰੀਵ ਮਨੋਭਾਵਾਂ ਅਤੇ ਯਥਾਰਥ ਦੀਆਂ ਵਿਭਿੰਨ ਤੰਦਾਂ ਨੂੰ ਫੜਨ ਦਾ ਯਤਨ ਕਰਨ ਵਾਲੇ ਜਗਦੀਸ਼ ਸਚਦੇਵਾ ਨੇ ਪਿਛਲੇ ਚਾਰ ਦਹਾਕਿਆ ਤੋਂ ਰੰਗਮੰਚ ਉਤੇ ਅਦਾਕਾਰੀ ਤੋਂ ਲੈ ਕੇ ਨਾਟ ਨਿਰਦੇਸ਼ਨ, ਨਾਟਕਕਾਰ, ਕਵੀ, ਫ਼ਿਲਮੀ ਪਟਕਥਾ ਅਤੇ ਸੰਵਾਦ ਲੇਖਕ ਦੇ ਤੌਰ 'ਤੇ ਕਲਾ ਦੇ ਖੇਤਰ ਵਿਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਚੌਂਕ ਢੋਲੀਆਂ, ਘੁੱਗੂ ਘੋੜੇ ਬੰਦੇ, ਸਾਵੀ ਅਤੇ ਸ਼ੂਗਰ ਫ੍ਰੀ ਜਿਹੇ ਬੇਹਤਰੀਨ ਨਾਟਕ ਲਿਖ ਕੇ ਨਾਮਣਾ ਖੱਟ ਚੁੱਕੇ ਜਗਦੀਸ਼ ਸਚਦੇਵਾ ਨੂੰ ਪੰਜਾਬੀ ਸਾਹਿਤ ਅਤੇ ਰੰਗਮੰਚ ਵਿਚ ਪਾਏ ਬੇਹਤਰੀਨ ਯੋਗਦਾਨ ਬਦਲੇ ਰਾਗ ਮੈਗਜ਼ੀਨ ਵੱਲੋਂ ਵੱਕਾਰੀ ਰਾਗ ਕਲਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ

**ਜਨਮ ਅਤੇ ਪਰਿਵਾਰਿਕ ਪਿਛੋਕੜ:-** ਜਗਦੀਸ਼ ਜੀ ਦਾ ਜਨਮ ਅੰਮ੍ਰਿਤਸਰ ਵਿਖੇ 15 ਅਪ੍ਰੈਲ ਸੰਨ 1958 ਨੂੰ ਪਿਤਾ ਸ. ਇੰਦਰ ਸਿੰਘ ਸਚਦੇਵਾ ਅਤੇ ਮਾਤਾ ਸਰਦਾਰਨੀ ਪ੍ਰਕਾਸ਼ ਕੌਰ ਜੀ ਦੇ ਘਰ ਹੋਇਆ। ਸ਼ਾਹੂਕਾਰਾ ਅਤੇ ਵਣਜ ਵਪਾਰ ਕਰਨ ਵਾਲੇ ਜਗਦੀਸ਼ ਸਚਦੇਵਾ ਜੀ ਦੇ ਵੱਡੇ-ਵਡੇਰੇ ਲਾਹੌਰ ਤੋਂ ਤਕਰੀਬਨ 187 ਕਿਲੋਮੀਟਰ ਦੂਰ ਉੱਤਰ ਪੱਛਮ ਵੱਲ ਪੈਂਦੇ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਮਸ਼ਹੂਰ ਸ਼ਹਿਰ ਸਰਗੋਧਾ ਵਿਖੇ ਆਬਾਦ ਸਨ। ਸੰਨ 47 ਦੀ ਵੰਡ ਤੋਂ ਬਾਅਦ ਹੱਲਿਆ ਵੇਲੇ ਜਗਦੀਸ਼ ਦੇ ਮਾਤਾ-ਪਿਤਾ ਵੀ ਆਪਣੇ ਪਰਿਵਾਰ ਸਮੇਤ ਜੱਦੀ ਸ਼ਹਿਰ ਸਰਗੋਧਾ ਦਾ ਭਰਿਆ-ਭਰਾਇਆ ਘਰ ਛੱਡ ਖਾਲੀ ਹੱਥ ਹਿਜ਼ਰਤ ਕਰ ਗੁਰੂ ਨਗਰੀ ਅੰਮ੍ਰਿਤਸਰ ਦੇ ਸ਼ਰੀਫ ਪੁਰਾ ਇਲਾਕੇ ਵਿਖੇ ਆ ਵੱਸੇ, ਜਿੱਥੇ ਆ ਕੇ ਪਰਿਵਾਰ ਦੇ ਗੁਜ਼ਰ ਬਸਰ ਲਈ ਜਗਦੀਸ਼ ਦੇ ਪਿਤਾ ਜੀ ਨੂੰ ਕਰਿਆਨੇ ਦੀ ਦੁਕਾਨ ਚਲਾਉਣੀ ਪਈ। ਚਾਰ ਭਰਾਵਾਂ ਤੇ ਦੋ ਭੈਣਾਂ ਵਿਚੋਂ ਪੰਜਵੇਂ ਨੰਬਰ 'ਤੇ ਆਉਂਦੇ ਜਗਦੀਸ਼ ਨੂੰ ਛੋਟੇ ਹੁੰਦੇ ਤੋਂ ਹੀ ਨਾਟ ਕਲਾ ਨਾਲ ਮੋਹ ਪੈ ਗਿਆ ਸੀ। ਸ਼ਰੀਫ਼ਪੁਰੇ ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕ ਸਮੇਂ-ਸਮੇਂ 'ਤੇ ਪੰਜਾਬ ਦੀਆਂ ਮਸ਼ਹੂਰ ਨਾਟ ਮੰਡਲੀਆਂ ਨੂੰ ਸੱਦ ਕੇ ਨਾਟਕ ਕਰਵਾਇਆ ਕਰਦੇ ਸਨ, ਜਿਨ੍ਹਾਂ ਵਿਚ ਹਰਭਾਲ ਟਿਵਾਣਾ, ਨੀਨਾ ਟਿਵਾਣਾ, ਨਿਰਮਲ ਰਿਸ਼ੀ, ਕੈਲਾਸ਼ ਕੌਰ, ਜਤਿੰਦਰ ਕੌਰ, ਹਰਭਜਨ ਜੱਬਲ, ਗੁਰਸ਼ਰਨ ਸਿੰਘ ਅਤੇ ਹਰਚਰਨ ਸਿੰਘ ਜਹੇ ਨਾਮੀ ਰੰਗਕਰਮੀ ਭਾਗ ਲਿਆ ਕਰਦੇ ਸਨ, ਜਿਨ੍ਹਾਂ ਦੇ ਨਾਟਕਾਂ ਨੂੰ ਜਗਦੀਸ਼ ਵੀ ਆਪਣੇ ਪਿਤਾ ਜੀ ਨਾਲ ਵੇਖਣ ਜਾਇਆ ਕਰਦਾ ਸੀ। ਬਸ ਉਨ੍ਹਾਂ ਨਾਟਕਾਂ ਨੂੰ ਵੇਖ-ਵੇਖ ਕੇ ਹੀ ਜਗਦੀਸ਼ ਦੇ ਅੰਦਰ ਵੀ ਕਲਾ ਦੀ, ਅਦਾਕਾਰੀ ਦੀ ਚਿਣਗ ਉੱਠਣ ਲੱਗੀ। ਇਨ੍ਹਾਂ ਨਾਟਕਾਂ ਨੂੰ ਵੇਖਣ ਤੋਂ ਬਾਅਦ ਜਗਦੀਸ਼ 'ਤੇ ਨਾਟਕਾਂ ਦਾ ਏਨਾ ਅਸਰ ਹੋਣਾ ਕਿ ਸਾਰਾ-ਸਾਰਾ ਦਿਨ ਨਾਟਕਾਂ ਵਿਚ ਬੋਲੋ ਸੰਵਾਦਾਂ ਨੂੰ ਯਾਦ ਕਰਕੇ ਸ਼ੀਸ਼ੇ ਸਾਹਮਣੇ ਬੋਲਦੇ ਰਹਿਣਾ।

**ਰੰਗਮੰਚ ਤੇ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ:-** ਸ਼ਰੀਫ਼ ਪੁਰੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਜਮਾਤ ਪਾਸ ਕਰਕੇ ਜਗਦੀਸ਼ ਉਸ ਵੇਲੇ ਦੇ ਸ਼ਹਿਰ ਦੇ ਨਾਮੀ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਊਨ ਹਾਲ ਵਿਖੇ ਜਾ ਦਾਖਲ ਹੋਏ, ਜਿਥੋਂ ਇਨ੍ਹਾਂ ਨੇ ਮੈਟ੍ਰਿਕ ਅਤੇ ਫਿਰ ਹਾਇਰ ਸੈਕੰਡਰੀ ਦੀ ਪ੍ਰੀਖਿਆ ਪਾਸ ਕੀਤੀ। ਸਕੂਲ ਸਮੇਂ ਤੋਂ ਹੀ ਜਗਦੀਸ਼ ਨੂੰ ਗਾਉਣ ਦਾ ਵੀ ਸ਼ੌਂਕ ਸੀ ਤੇ ਅਕਸਰ ਸਕੂਲ ਵਿਚ ਹੋਣ ਵਾਲੀਆਂ ਬਾਲ ਸਭਾਵਾਂ ਵਿਚ ਜਗਦੀਸ਼ ਗਾਇਆ ਕਰਦੇ ਸਨ। ਜੇਕਰ ਰੰਗਮੰਚ 'ਤੇ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ ਦੀ ਗੱਲ ਕਰੀਏ, ਤਾਂ 80 ਦੇ ਦਹਾਕੇ ਦੇ ਸ਼ੁਰੂਆਤੀ ਵਰ੍ਹਿਆਂ ਵਿਚ ਜਗਦੀਸ਼ ਦੀ ਮੁਲਾਕਾਤ ਸ: ਸੰਤੋਖ ਸਿੰਘ ਤਪੱਸਵੀ ਜੋ ਉਨ੍ਹੀਂ ਦਿਨੀ ਮਾਨ ਸਰੋਵਰ ਨਾਂ ਦਾ ਇੱਕ ਪੰਜਾਬੀ ਅਖਬਾਰ ਪ੍ਰਕਾਸ਼ਿਤ ਕਰਿਆ ਕਰਦੇ ਸਨ, ਨਾਲ ਹੋਈ, ਜੋ ਥੀਏਟਰ ਵਿਚ ਵੀ ਵਾਹਵਾ ਦਿਲਚਸਪੀ ਰੱਖਦੇ ਸਨ। ਉਨ੍ਹਾਂ ਨੇ ਮਾਨ ਸਰੋਵਰ ਕਲਾ ਕੇਂਦਰ ਨਾਂ 'ਤੇ ਇੱਕ ਨਾਟ ਮੰਡਲੀ ਬਣਾਈ, ਜਿਸ ਵਿਚ ਬਤੌਰ ਅਦਾਕਾਰ ਸ਼ਾਮਲ ਹੋਣ ਲਈ ਉਨ੍ਹਾਂ ਜਗਦੀਸ਼ ਨੂੰ ਵੀ ਸੱਦਾ ਦਿੱਤਾ, ਜੋ ਇਨ੍ਹਾਂ ਕਬੂਲ ਕਰ ਲਿਆ। ਮਾਨ ਸਰੋਵਰ ਨਾਟ ਕਲਾ ਕੇਂਦਰ ਵੱਲੋਂ ਖੇਡਿਆ ਨਾਟਕ 'ਦਾਰੇ ਦਾ ਠੇਕਾ' ਜਗਦੀਸ਼ ਦਾ ਬਤੌਰ ਅਦਾਕਾਰ ਪਹਿਲਾ ਨਾਟਕ ਸੀ ਅਤੇ ਇਸ ਤੋਂ ਬਾਅਦ ਇੱਕ ਹੋਰ ਨਾਟਕ 'ਰੱਬ ਦੇ ਰੰਗ' ਵਿਚ ਵੀ ਜਗਦੀਸ਼ ਨੇ ਅਦਾਕਾਰੀ ਕੀਤੀ, ਜਿਸ ਵਿਚ ਇਨ੍ਹਾਂ ਵੱਲੋਂ ਨਿਭਾਏ ਭੰਗੀ ਦੇ ਕਿਰਦਾਰ ਨੂੰ ਵੇਖ ਕੇ ਜਗਦੀਸ਼ ਦੇ ਪਿਤਾ ਜੀ ਉਸ ਵੇਲੇ ਕਾਫੀ ਨਾਰਾਜ਼ ਹੋ ਗਏ ਸਨ। ਜਗਦੀਸ਼ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਹ ਨਾਟਕਾਂ ਵਿਚ ਵਧੀਆ ਕਿਰਦਾਰ ਅਦਾ ਕਰੇ। ਇਸ ਨਾਟਕ ਮੰਡਲੀ ਵਿਚ ਨਾਟਕ ਖੇਡਦਿਆਂ ਦੇਖ ਕੇ ਨਾਮੀ ਰੰਗਕਰਮੀ ਅਦਾਕਾਰ ਹਰਭਜਨ ਜੱਬਲ ਨੇ ਜਗਦੀਸ਼ ਨੂੰ ਆਪਣੀ ਨਾਟਕ ਮੰਡਲੀ ਲੋਕ ਰੰਗਮੰਚ ਵਿਚ ਸ਼ਾਮਲ ਕਰ ਲਿਆ। ਉਨ੍ਹੀਂ ਦਿਨੀਂ ਇਸ ਨਾਟਕ ਮੰਡਲੀ ਦਾ ਰੰਗਮੰਚ 'ਤੇ ਬਹੁਤ ਨਾਂ ਹੋਇਆ ਕਰਦਾ ਸੀ। ਥੀਏਟਰ ਦੇ ਨਾਮੀ ਚਿਹਰੇ ਵੇਦ ਸ਼ਰਮਾ, ਜਤਿੰਦਰ ਕੌਰ, ਇੰਦਰਜੀਤ ਸਹਾਰਨ, ਬਲਵਿੰਦਰ ਭਾਰਤੀ, ਸੁਖਬੀਰ ਬਾਠ, ਸੁਦਰਸ਼ਨ ਸ਼ਰਮਾ ਵਰਗੇ ਦਿੱਗਜ ਅਦਾਕਾਰ ਇਸ ਗਰੁੱਪ ਨਾਲ ਜੁੜੇ ਹੋਏ ਸਨ। ਹਰਭਜਨ ਜੱਬਲ ਜੀ ਦੀ ਇਸ ਲੋਕ ਰੰਗਮੰਚ ਨਾਟ ਮੰਡਲੀ ਵੱਲੋਂ ਖੇਡੇ ਜਾਂਦੇ ਪ੍ਰਸਿੱਧ ਨਾਟਕ 'ਰੱਤਾ ਸਾਲੂ', 'ਏਹ ਲਹੂ ਕਿਸਦਾ ਹੈ', 'ਨਿਓਟਿਆ ਦੀ ਓਟ' ਅਤੇ ਹੋਰ ਬਹੁਤ ਸਾਰਿਆਂ ਵਿਚ ਜਗਦੀਸ਼ ਵੀ ਬਤੌਰ ਅਦਾਕਾਰ ਅਦਾਕਾਰੀ ਕਰਦਾ ਰਿਹਾ। ਇਸ ਨਾਟ ਮੰਡਲੀ ਨਾਲ ਰਹਿ ਕੇ ਜਗਦੀਸ਼ ਨੇ ਰੰਗਮੰਚ ਦੀਆਂ ਬਾਰੀਕੀਆਂ ਸਿੱਖੀਆਂ।

**ਰੰਗਮੰਚ ਦੇ ਨਾਟਕਾਂ ਦੇ ਨਿਰਦੇਸ਼ਨ ਦਾ ਜ਼ਿੰਮਾ ਸੰਭਾਲਣਾ:-** ਥੀਏਟਰ ਗਰੁੱਪ ਲੋਕ ਰੰਗਮੰਚ ਵਿਚ ਨਾਟਕ ਖੇਡਦਿਆਂ ਜਗਦੀਸ਼ ਸਚਦੇਵਾ ਨੇ ਆਪਣੀ ਸੂਝ-ਬੂਝ ਨਾਲ ਥੀਏਟਰ ਦੇ ਹਰ ਪਹਿਲੂ ਨੂੰ ਡੂੰਘਾ ਵਾਚਿਆ ਅਤੇ ਇਨ੍ਹਾਂ ਦੀ ਥੀਏਟਰ ਪ੍ਰਤੀ ਲਗਨ, ਗਿਆਨ ਅਤੇ ਸੂਝ-ਬੂਝ ਨੂੰ ਦੇਖਦਿਆਂ ਛੇਤੀ ਹੀ ਲੋਕ ਰੰਗਮੰਚ ਦੇ ਬਹੁਤ ਸਾਰੇ ਨਾਟਕਾਂ ਦੇ ਨਿਰਦੇਸ਼ਨ ਦਾ ਜ਼ਿੰਮਾ ਹਰਭਜਨ ਜੱਬਲ ਜੀ ਨੇ ਇਨ੍ਹਾਂ ਦੇ ਹਵਾਲੇ ਕਰ ਦਿੱਤਾ। ਪੰਜਾਬੀ ਸਾਹਿਤ ਪੜ੍ਹਨ ਵਿਚ ਵੀ ਜਗਦੀਸ਼ ਦੀ ਡੂੰਘੀ ਦਿਲਚਸਪੀ ਰਹੀ ਤੇ ਬਹੁਤ ਸਾਰੇ ਪੰਜਾਬੀ ਨਾਵਲਕਾਰਾਂ, ਕਹਾਣੀਕਾਰਾਂ ਅਤੇ ਵਾਰਤਕਕਾਰਾਂ ਦੀਆਂ ਰਚਨਾਵਾਂ ਨੂੰ ਇਨ੍ਹਾਂ ਨੇ ਨਾ ਸਿਰਫ ਪੜ੍ਹਿਆ, ਬਲਕਿ ਉਨ੍ਹਾਂ ਦਾ ਨਾਟਕੀ ਰੂਪਾਂਤਰਨ ਵੀ ਕੀਤਾ। ਸੰਨ 1990 ਵਿਚ ਪਹਿਲੀ ਵਾਰ ਨਿਰਦੇਸ਼ਕ ਦੇ ਤੌਰ 'ਤੇ ਜਿਸ ਨਾਟਕ ਨੂੰ ਜਗਦੀਸ਼ ਸਚਦੇਵਾ ਨੇ ਖੇਡਣ ਦਾ ਫੈਸਲਾ ਕੀਤਾ, ਉਹ ਵੀ ਸਾਹਿਤ ਵਿਚ ਉੱਚਾ ਮੁਕਾਮ ਰੱਖਦਾ ਸ: ਖੁਸ਼ਵੰਤ ਸਿੰਘ ਦਾ ਮਸ਼ਹੂਰ ਨਾਵਲ 'ਟ੍ਰੇਨ ਟੂ ਪਾਕਿਸਤਾਨ' ਸੀ, ਜਿਸ ਦਾ ਨਾਟਕੀ ਰੂਪਾਂਤਰਨ ਵੀ ਜਗਦੀਸ਼ ਨੇ ਹੀ ਕੀਤਾ ਸੀ। ਅੰਮ੍ਰਿਤਸਰ ਸ਼ਹਿਰ ਦੇ ਗੁਰੂ ਨਾਨਕ ਭਵਨ ਦੇ ਵੱਡੇ ਹਾਲ ਵਿਚ ਖੇਡੇ ਇਸ ਨਾਟਕ ਵਿਚ ਸ਼ਹਿਰ ਦੇ 28 ਨਾਮਵਰ ਕਲਾਕਾਰਾਂ ਨੇ ਅਦਾਕਾਰੀ ਕੀਤੀ ਸੀ। ਸੰਨ 1991 ਵਿਚ ਜਗਦੀਸ਼ ਨੇ ਇੱਕ ਹੋਰ ਸਾਹਿਤਕ ਰਚਨਾ ਮਸ਼ਹੂਰ ਲੇਖਕ ਭੀਸ਼ਮ ਸਾਹਨੀ ਜੀ ਦੀ ਲਿਖਤ 'ਕਬੀਰਾ ਖੜ੍ਹਾ ਬਜ਼ਾਰ ਮੇਂ' ਦਾ ਨਾਟਕੀ ਰੂਪਾਂਤਰਨ ਕੀਤਾ। ਇਸ ਨਾਟਕ ਨੂੰ ਵੀ ਜਗਦੀਸ਼ ਸਚਦੇਵਾ ਦੀ ਨਿਰਦੇਸ਼ਨਾਂ ਵਿਚ ਖੇਡਿਆ ਗਿਆ, ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਇਸ ਤੋਂ ਇਲਾਵਾ ਕਰਤਾਰ ਸਿੰਘ ਦੁੱਗਲ ਦੀ ਕਹਾਣੀ ਪੱਧਰ ਹੋਣ ਤੋਂ ਪਹਿਲਾਂ ਦਾ ਨਾਟਕੀ ਰੁਪਾਂਤਰਨ ਇਸ ਜਗ੍ਹਾ ਇੱਕ ਪਿੰਡ ਸੀ, ਸਆਦਤ ਹਸਨ ਮੰਟੋ ਦੀ ਕਹਾਣੀ ਲਾਇਸੈਂਸ ਦਾ ਨਾਟਕੀ ਰੂਪਾਂਤਰਨ, ਮਨਮੋਹਣ ਬਾਵਾ ਦੀ ਕਹਾਣੀ ਕਮਲ ਦਾ ਨਾਟਕੀ ਰੁਪਾਂਤਰਨ ਅਤੇ ਗੁਰਦਿਆਲ ਦਲਾਲ ਦੀ ਕਹਾਣੀ ਬੁਲਡੋਜ਼ਰ ਦਾ ਨਾਟਕੀ ਰੁਪਾਂਤਰਨ ਵੀ ਜਗਦੀਸ਼ ਜੀ ਨੇ ਕੀਤਾ ਤੇ ਇਨ੍ਹਾਂ ਸਾਰਿਆ ਨਾਟਕਾਂ ਨੂੰ ਮੰਚ 'ਤੇ ਨਿਰਦੇਸ਼ਿਤ ਵੀ ਕੀਤਾ। ਜਤਿੰਦਰ ਬਰਾੜ ਜੀ ਦੇ ਪ੍ਰਸਿੱਧ ਨਾਟਕ ਕੁਦੇਸਨ ਦੇ ਪਹਿਲੇ ਇਕਵੰਜਾ ਸ਼ੋਅ ਦੀ ਨਿਰਦੇਸ਼ਨਾਂ ਵੀ ਜਗਦੀਸ਼ ਸਚਦੇਵਾ ਨੇ ਹੀ ਕੀਤੀ। ਅਨਿਲ ਬਰਵੇ ਦਾ ਪ੍ਰਸਿੱਧ ਨਾਟਕ ਹਮੀਦਾ ਬਾਈ ਕੀ ਕੋਠੀ ਵੀ ਇਨ੍ਹਾਂ ਦੀ ਅਗਵਾਈ ਵਿਚ ਨਾਟਸ਼ਾਲਾ ਅੰਮ੍ਰਿਤਸਰ ਦੇ ਮੰਚ 'ਤੇ ਅਨੇਕਾਂ ਵਾਰ ਖੇਡਿਆ ਗਿਆ।

**ਨਾਟਕ ਲਿਖਣ ਵੱਲ ਝੁਕਾਅ ਹੋਣਾ:-** ਪੰਜਾਬੀ ਥੀਏਟਰ ਵਿਚ ਪੁਰਾਣੇ ਲਿਖੇ ਨਾਟਕਾਂ ਦਾ ਹੀ ਵਾਰ-ਵਾਰ ਮੰਚਣ ਹੁੰਦਾ ਵੇਖ ਕੇ ਜਗਦੀਸ਼ ਨੇ ਸਮੇਂ ਦੇ ਹਾਣੀ ਤੇ ਲੋਕਾਂ ਨੂੰ ਦਰਪੇਸ਼ ਨਵੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਖੁਦ ਨਵੇਂ ਨਾਟਕ ਲਿਖਣ ਦਾ ਫੈਸਲਾ ਕੀਤਾ। ਅੰਮ੍ਰਿਤਸਰ ਦੇ ਅੰਦਰੂਨ ਸ਼ਹਿਰ ਵਿਚ ਵਸਦੇ ਢੋਲੀਆਂ ਦੀ ਜ਼ਿੰਦਗੀ 'ਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਬਿਆਨ ਕਰਦਾ ਜਗਦੀਸ਼ ਨੇ ਆਪਣਾ ਪਹਿਲਾ ਨਾਟਕ ਸੰਨ 1991 ਵਿਚ 'ਚੌਂਕ ਢੋਲੀਆਂ' ਲਿਖਿਆ। ਆਪਣੇ ਪਹਿਲੇ ਲਿਖੇ ਨਾਟਕ ਨਾਲ ਹੀ ਜਗਦੀਸ਼ ਨੇ ਥੀਏਟਰ ਦੀ ਦੁਨੀਆਂ ਵਿਚ ਆਪਣੀ ਬਤੌਰ ਨਾਟਕਕਾਰ ਪਹਿਚਾਣ ਸਥਾਪਿਤ ਕਰ ਲਈ। ਉਸੇ ਸਾਲ ਇਸ ਨਾਟਕ ਨੂੰ ਜਲੰਧਰ ਦੂਰਦਰਸ਼ਨ 'ਤੇ ਵੀ ਵਿਖਾਇਆ ਗਿਆ, ਜਿਸ ਨੇ ਜਗਦੀਸ਼ ਨੂੰ ਟੈਲੀਵਿਜ਼ਨ 'ਤੇ ਵੀ ਬੇਹੱਦ ਪ੍ਰਸਿੱਧੀ ਦਿਵਾਈ। ਇਸ ਨਾਟਕ ਤੋਂ ਬਾਅਦ ਪਹਿਲਵਾਨਾਂ ਦੀ ਜ਼ਿੰਦਗੀ ਦੇ ਜ਼ਰੀਏ ਦੇਸ਼ ਦੇ ਰਾਜਨੀਤਿਕ ਹਾਲਾਤਾਂ ਨੂੰ ਬਿਆਨ ਕਰਦਾ ਨਾਟਕ ਅਖਾੜਾ ਲਿਖਿਆ ਗਿਆ। ਇਨ੍ਹਾਂ ਤੋਂ ਇਲਾਵਾ ਬੇਰੁਜ਼ਗਾਰ ਨੌਜਵਾਨਾਂ ਦੀ ਜ਼ਿੰਦਗੀ 'ਤੇ ਆਧਾਰਿਤ ਨਾਟਕ 'ਖੁਸਰੇ', ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਨੂੰ ਚਿਤਰਿਤ ਕਰਦਾ ਨਾਟਕ 'ਘੁੱਗੂ ਘੋੜੇ ਬੰਦੇ', ਖੁਦ ਤਮਾਸ਼ਾ ਬਣ ਕੇ ਜ਼ਿੰਦਗੀ 'ਚੋਂ ਸਕੂਨ ਤਲਾਸ਼ ਕਰ ਰਹੇ ਨੌਕਰੀ ਤੋਂ ਸਸਪੈਂਡ ਕੀਤੇ ਡਾਕਟਰ ਦੀ ਕਹਾਣੀ ਬਿਆਨ ਕਰਦਾ ਨਾਟਕ 'ਵਣਜਾਰਾ' ਵੀ ਜਗਦੀਸ਼ ਦੀ ਕਲਮ ਵਿਚੋਂ ਨਿਕਲੇ ਬੇਹਤਰੀਨ ਨਾਟਕ ਹਨ। ਜਿਸ ਨਾਟਕ ਨੇ ਜਗਦੀਸ਼ ਨੂੰ ਸਭ ਤੋਂ ਵੱਧ ਪ੍ਰਸਿੱਧੀ ਦਿਲਵਾਈ ਅਤੇ ਜੋ ਨਾਟਕ ਇੱਕ ਕਲਾਸਿਕ ਨਾਟਕ ਹੋਣ ਦਾ ਮਾਦਾ ਰੱਖਦਾ, ਉਹ ਨਾਟਕ ਹੈ 'ਸਾਵੀ', ਜਿਸ 'ਤੇ ਆਧਾਰਿਤ ਇੱਕ ਹਿੰਦੀ ਫ਼ਿਲਮ 'ਏਕ ਅਨੋਖੀ ਦੁਲਹਨ ਸਾਵੀ' ਵੀ ਬਣ ਚੁੱਕੀ ਹੈ। ਸੰਨ 2000 ਵਿਚ ਲਿਖੇ ਇਸ ਨਾਟਕ ਵਿਚ ਗੁੱਜਰਾਂ ਦੀ ਜ਼ਿੰਦਗੀ ਨੂੰ ਬਿਆਨ ਕੀਤਾ ਗਿਆ ਹੈ। ਵੱਟੇ-ਸੱਟੇ ਦੇ ਵਿਆਹ ਦੀ ਪ੍ਰੰਪਰਾ ਨੂੰ ਨਿਭਾਉਣ ਵਾਲੇ ਕਬੀਲੇ ਦੀ ਇੱਕ ਲੜਕੀ ਸਾਵੀ ਦੀ ਭਰ ਜਵਾਨੀ ਵਿਚ ਇੱਕ ਪੰਜ ਸਾਲ ਦੇ ਮੁੰਡੇ ਨਾਲ ਵਿਆਹ ਕਰ ਦਿੱਤਾ ਜਾਂਦਾ, ਜੋ ਉਸ ਦੇ ਜਵਾਨ ਹੋਣ ਦੀ ਉਡੀਕ ਕਰਦੀ। ਔਰਤ ਦੇ ਮਨ ਦੀ ਵੇਦਨਾ, ਉਸ ਦੀ ਸਮਾਜਿਕ ਸਥਿਤੀ, ਉਸ ਦੇ ਅਸੀਮ ਦੁੱਖਾਂ ਨੂੰ ਬਿਆਨ ਕਰਦਾ ਇਹ ਇੱਕ ਸ਼ਾਹਕਾਰ ਨਾਟਕ ਹੈ। ਇਸ ਨਾਟਕ ਤੋਂ ਬਾਅਦ ਜਗਦੀਸ਼ ਦਾ ਇੱਕ ਹੋਰ ਨਾਟਕ ਸ਼ੂਗਰ ਫ੍ਰੀ ਜੋ ਬਜ਼ੁਰਗਾਂ ਦੀ ਓਲਡ ਏਜ ਹੋਮ ਵਿਚ ਬੀਤਦੀ ਜ਼ਿੰਦਗੀ 'ਤੇ ਲਿਖਿਆ ਗਿਆ, ਵੀ ਇੱਕ ਚਰਚਿਤ ਨਾਟਕ ਹੈ। ਜਗਦੀਸ਼ ਦੇ ਲਿਖੇ ਹਰੇਕ ਨਾਟਕ ਵਿਚ ਅੰਮ੍ਰਿਤਸਰ ਸ਼ਹਿਰ ਦੇ ਰਹਿਣ-ਸਹਿਣ ਅਤੇ ਉੱਥੋਂ ਦੇ ਅਮੀਰ ਸੱਭਿਆਚਾਰ ਦੀ ਝਲਕ ਬਾਖੂਬੀ ਮਿਲਦੀ ਹੈ।

**ਪੰਜਾਬੀ ਸਾਹਿਤ ਵਿਚ ਯੋਗਦਾਨ:-** ਜਗਦੀਸ਼ ਸਚਦੇਵਾ ਨੇ ਪੰਜ ਨਾਟ ਪੁਸਤਕਾਂ 'ਚੌਂਕ ਢੋਲੀਆਂ', 'ਘੁੱਗੂ ਘੋੜੇ ਬੰਦੇ', 'ਸਾਵੀ', 'ਸ਼ੂਗਰ ਫ੍ਰੀ' ਅਤੇ 'ਮੇਰੇ ਦਸ ਨਾਟਕ' ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਇਸ ਤੋਂ ਇਲਾਵਾ ਇਨ੍ਹਾਂ ਦੇ ਨਾਟਕਾਂ ਨੂੰ ਨਾਮਵਰ ਲੇਖਕਾਂ ਨੇ ਆਪਣੀਆਂ ਸੰਪਾਦਤ ਪੁਸਤਕਾਂ ਵਿਚ ਵੀ ਸ਼ਾਮਲ ਕੀਤਾ, ਜਿਨ੍ਹਾਂ ਵਿਚ ਪ੍ਰਮੁੱਖ ਹਨ, ਪ੍ਰੋ. ਆਤਮਜੀਤ ਦੁਆਰਾ ਸੰਪਾਦਤ ਅੰਗ੍ਰੇਜ਼ੀ ਪੁਸਤਕ 'ਨਿਊ ਵੇਵ ਪੰਜਾਬੀ ਡਰਾਮਾ ਅਤੇ ਪਲੇਅ ਫਰੋਮ ਏ ਫਰੈਕਚਰਡ ਲੈਂਡ', ਡਾ: ਸ਼ਤੀਸ਼ ਕੁਮਾਰ ਵਰਮਾ ਅਤੇ ਡਾ: ਜਸਵਿੰਦਰ ਸਿੰਘ ਸੈਣੀ ਦੀ ਪੁਸਤਕ 'ਵਾਹਗੇ ਦੇ ਆਰ ਪਾਰ', ਡਾ: ਨਰੇਸ਼ ਦੀ ਪੁਸਤਕ 'ਜਗਦੀਸ਼ ਸਚਦੇਵਾ ਦਾ ਰੰਗਮੰਚ ਸੰਸਾਰ', ਗੁਰਮਨਦੀਪ ਕੌਰ ਦੀ ਪੁਸਤਕ 'ਜਗਦੀਸ਼ ਸਚਦੇਵਾ ਦੇ ਨਾਟਕੀ ਸਰੋਕਾਰ' ਅਤੇ ਕਵਿਤਾ ਰਾਣੀ ਦੀ ਪੁਸਤਕ 'ਜਗਦੀਸ਼ ਸਚਦੇਵਾ ਦੀ ਨਾਟਕ ਕਲਾ'। ਪੰਜਾਬੀ ਰੰਗਮੰਚ ਅਤੇ ਸਾਹਿਤਕ ਹਲਕਿਆ ਵਿਚ ਸੱਭਿਆਚਾਰਕ ਅਤੇ ਥੀਏਟਰ ਦੀਆਂ ਸਰਗਰਮੀਆਂ ਲਈ ਹੋਂਦ ਵਿਚ ਆਏ ਅੰਮ੍ਰਿਤਸਰ ਵਿਰਸਾ ਵਿਹਾਰ ਨਾਲ ਵੀ ਜਗਦੀਸ਼ ਜੀ ਮੁੱਢ ਤੋਂ ਜੁੜੇ ਰਹੇ, ਜਿਸ ਵਿਚ ਇਨ੍ਹਾਂ ਨੇ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ।

**ਫ਼ਿਲਮਾਂ ਵਿਚ ਆਮਦ:-** ਥੀਏਟਰ, ਸਾਹਿਤ ਅਤੇ ਟੈਲੀਵਿਜ਼ਨ ਤੋਂ ਬਾਅਦ ਜਗਦੀਸ਼ ਜੀ ਨੂੰ ਫ਼ਿਲਮਾਂ ਵਿਚ ਵੀ ਅਦਾਕਾਰੀ ਕਰਨ ਦਾ ਮੌਕਾ ਮਿਲਿਆ, ਜਿਸ ਵਿਚ ਇਨ੍ਹਾਂ ਨੇ ਪੰਜਾਬੀ ਫ਼ਿਲਮ '47 ਤੋਂ 84 ਤੱਕ', ਸ਼ਾਹਿਦ ਕਪੂਰ ਦੀ ਬੌਲੀਵੁੱਡ ਫ਼ਿਲਮ 'ਜਰਸੀ' ਅਤੇ ਹਾਲ ਹੀ ਵਿਚ ਓ.ਟੀ.ਟੀ. 'ਤੇ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਜੱਟੂ ਨਿਖੱਟੂ', ਜਿਸ ਦੀ ਇਨ੍ਹਾਂ ਪਟਕਥਾ ਅਤੇ ਸੰਵਾਦ ਵੀ ਲਿਖੇ, ਵਿਚ ਵਧੀਆ ਕਿਰਦਾਰ ਅਦਾ ਕੀਤੇ।

**ਪਰਿਵਾਰਿਕ ਜ਼ਿੰਦਗੀ:-** ਜਗਦੀਸ਼ ਸਚਦੇਵਾ ਦੇ ਸਾਹਿਤ ਅਤੇ ਰੰਗਮੰਚ ਦੇ ਸਫ਼ਰ ਵਿਚ ਇਨ੍ਹਾਂ ਦੀ ਪਤਨੀ ਨਿਰਮਲਜੀਤ ਕੌਰ ਦਾ ਭਰਪੂਰ ਸਾਥ ਰਿਹਾ। ਦੋ ਪੁੱਤਰ ਸ. ਪੁਨੀਤ ਸਿੰਘ ਸਚਦੇਵਾ ਅਤੇ ਗੁਲਮੋਹਰ ਸਿੰਘ ਸਚਦੇਵਾ ਅਤੇ ਪੋਤਰੇ ਅਵੀਤਾਜ ਸਿੰਘ ਸਚਦੇਵਾ ਨਾਲ ਅੰਮ੍ਰਿਤਸਰ ਵਿਖੇ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਹੇ ਜਗਦੀਸ਼ ਜੀ ਅੱਜਕੱਲ੍ਹ ਆਪਣੇ ਨਵੇਂ ਨਾਟਕ ਮੇਮ ਨੂੰ ਰੰਗਮੰਚ 'ਤੇ ਮੰਚਿਤ ਕਰਨ ਦੀ ਤਿਆਰੀ ਕਰ ਰਹੇ ਹਨ ਅਤੇ ਨਾਲ ਦੀ ਨਾਲ ਫ਼ਿਲਮਾਂ ਦੀ ਸਕਰਿਪਟ ਵੀ ਲਿਖ ਰਹੇ ਹਨ। ਪ੍ਰਮਾਤਮਾ ਆਪ ਜੀ ਨੂੰ ਤੰਦਰੁਸਤ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖੇ।

## 'ਜੋ ਦਿਖਾ, ਸੋ ਲਿਖਾ'

# ਭਾਰਤ ਵਿਚ ਲੋਕ ਸਭਾ ਚੋਣਾਂ ਲਈ ਤਿਕੜਮਬਾਜ਼ੀ ਤੇਜ਼

## ਪੰਜਾਬ ਵਿਚ ਕਾਂਗਰਸ ਅਤੇ 'ਆਪ' ਵਿਚਕਾਰ ਰੇੜਕਾ ਜਾਰੀ






**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)


ਬੇਸ਼ੱਕ ਲੋਕ ਸਭਾ ਚੋਣਾਂ ਵਿਚ ਅਜੇ ਛੇ ਮਹੀਨੇ ਤੋਂ ਵੱਧ ਦਾ ਸਮਾਂ ਬਾਕੀ ਹੈ, ਪਰ ਸੱਤਾਧਾਰੀ ਬੀ.ਜੇ.ਪੀ. ਦਾ ਐੱਨ.ਡੀ.ਏ. ਅਤੇ ਵਿਰੋਧੀ ਪਾਰਟੀਆਂ ਦਾ 'ਇੰਡੀਆ' ਗਠਜੋੜ ਪੂਰੀ ਤੇਜ਼ੀ ਨਾਲ ਚੋਣਾਂ ਲਈ ਕੇਡਰ ਨੂੰ ਸਰਗਰਮ ਕਰਨ ਵਿਚ ਜੁੱਟ ਚੁੱਕਾ ਹੈ। ਉਂਝ ਅਠਾਰਵੀਂ ਲੋਕ ਸਭਾ ਦੀ ਮਿਆਦ ਮਈ 2024 ਵਿਚ ਸਮਾਪਤ ਹੋਣੀ ਹੈ। ਪ੍ਰੰਤੂ ਹੁਣ 26 ਵਿਰੋਧੀ ਪਾਰਟੀਆਂ ਵੱਲੋਂ ਆਈ.ਐੱਨ.ਡੀ.ਆਈ.ਏ. (ਇੰਡੀਆ) ਨਾਮ ਦਾ ਗੱਠਜੋੜ ਬਣਨ ਤੋਂ ਘਬਰਾਈ ਬੀ.ਜੇ.ਪੀ. ਦੀ ਕੇਂਦਰੀ ਸਰਕਾਰ ਵੱਲੋਂ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਉਣ ਦੇ ਆਮ ਚਰਚੇ ਸ਼ੁਰੂ ਹੋ ਚੁੱਕੇ ਨੇ। ਸੱਤਾਧਾਰੀ ਐੱਨ.ਡੀ.ਏ. ਅਤੇ ਵਿਰੋਧੀ "ਇੰਡੀਆ" ਵਲੋਂ ਆਪਣੀਆਂ ਸਾਰੀਆਂ ਭਾਈਵਾਲ ਪਾਰਟੀਆਂ ਨਾਲ ਸੀਟਾਂ ਦੀ ਵੰਡ ਅਤੇ ਸਾਂਝੀ ਮੁਹਿੰਮ ਚਲਾਉਣ ਲਈ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। 2019 ਚੋਣਾਂ 'ਚ ਬੀ.ਜੇ.ਪੀ. ਨੇ 542 'ਚੋਂ 303 ਸੀਟਾਂ ਜਿੱਤੀਆਂ ਅਤੇ ਕਾਂਗਰਸ ਹਿੱਸੇ ਸਿਰਫ 52 ਸੀਟਾਂ ਆਈਆਂ ਸਨ। ਬੀ.ਜੇ.ਪੀ. ਦਾ 37.76% ਅਤੇ ਬੀ.ਜੇ.ਪੀ. ਵਿਰੁੱਧ 62% ਵੋਟ ਪਏ ਸਨ। ਲੋਕ ਸਭਾ ਚੋਣਾਂ ਤੋਂ ਪਹਿਲਾਂ 5 ਅਹਿਮ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਨੇ। ਇਨ੍ਹਾਂ ਨੂੰ ਲੋਕ ਸਭਾ ਚੋਣਾਂ ਦੇ ਸੈਮੀ ਫਾਇਨਲ ਸਮਝਿਆ ਜਾ ਰਿਹੈ। ਇਨ੍ਹਾਂ ਦੇ ਨਤੀਜੇ ਲੋਕ ਸਭਾ ਚੋਣਾਂ ਦੀ ਦਸ਼ਾ ਅਤੇ ਦਿਸ਼ਾ ਤੈਅ ਕਰਨਗੇ। ਪਿਛਲੇ ਦਿਨੀਂ ਵਿਧਾਨ ਸਭਾਵਾਂ ਦੀਆਂ 7 ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿਚੋਂ ਇੰਡੀਆ ਗਠਜੋੜ 4 ਸੀਟਾਂ ਜਿੱਤ ਕੇ ਕਾਫੀ ਉਤਸ਼ਾਹਿਤ ਹੈ ਅਤੇ ਬੀ.ਜੇ.ਪੀ. ਸਿਰਫ 3 ਸੀਟਾਂ ਹੀ ਜਿੱਤ ਸਕੀ ਹੈ।

### ਇੰਡੀਆ ਗੱਠਜੋੜ ਦੀ ਸਰਗਰਮੀ

ਮੁੰਬਈ ਵਿਖੇ ਹੋਈ ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਨੇ 2024 ਦੀਆਂ ਲੋਕ ਸਭਾ ਚੋਣਾਂ ਭਾਜਪਾ ਨੂੰ ਟੱਕਰ ਦੇਣ ਲਈ ਮਿਲ ਕੇ ਲੜਨ ਦਾ ਫੈਸਲਾ ਕੀਤਾ ਹੈ। ਵਿਰੋਧੀ ਧਿਰਾਂ ਦੇ ਆਗੂਆਂ ਦਾ ਕਹਿਣੈ ਕਿ ਸੂਬਿਆਂ 'ਚ ਸੀਟਾਂ ਦੀ ਵੰਡ 'ਲੈਣ-ਦੇਣ' ਦੀ ਭਾਵਨਾ ਨਾਲ ਹੋਵੇਗੀ। 'ਇਕ ਰਾਸ਼ਟਰ, ਇਕ ਚੋਣ' ਦੀ ਸੰਭਾਵਨਾ ਸਬੰਧੀ ਸਰਕਾਰ ਵੱਲੋਂ ਕਮੇਟੀ ਦੇ ਗਠਨ ਪਿੱਛੋਂ ਚੋਣਾਂ ਛੇਤੀ ਕਰਾਉਣ ਦੀਆਂ ਚਰਚਾਵਾਂ ਦਰਮਿਆਨ ਇੰਡੀਆ ਗਠਜੋੜ ਨੇ ਸੀਟਾਂ ਦੀ ਵੰਡ ਲਈ 14 ਮੈਂਬਰੀ ਤਾਲਮੇਲ ਕਮੇਟੀ ਬਣਾਈ ਹੈ। ਕਮੇਟੀ 'ਚ ਕਾਂਗਰਸ ਦੇ ਕੇ.ਸੀ. ਵੇਣੂਗੋਪਾਲ, ਡੀ.ਐੱਮ.ਕੇ. ਦੇ ਟੀ.ਆਰ. ਬਾਲੂ, ਐੱਨ.ਸੀ.ਪੀ. ਦੇ ਸ਼ਰਦ ਪਵਾਰ ਅਤੇ ਸ਼ਿਵ ਸੈਨਾ (ਯੂ.ਬੀ.ਟੀ.) ਦੇ ਸੰਜੈ ਰਾਊਤ, ਜੇ.ਐੱਮ.ਐੱਮ. ਦੇ ਹੇਮੰਤ ਸੋਰੇਨ, 'ਆਪ' ਦੇ ਰਾਘਵ ਚੱਢਾ, ਸੀ.ਪੀ.ਆਈ. ਦੇ ਡੀ ਰਾਜਾ, ਐੱਸ.ਪੀ. ਦੇ ਜਾਵੇਦ ਅਲੀ ਖਾਨ, ਆਰ.ਜੇ.ਡੀ. ਦੇ ਤੇਜਸਵੀ ਯਾਦਵ, ਜੇ.ਡੀ.ਯੂ. ਦੇ ਲੱਲਨ ਸਿੰਘ, ਟੀ.ਐੱਮ.ਸੀ. ਦੇ ਅਭਿਸ਼ੇਕ ਬੈਨਰਜੀ, ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ, ਪੀ.ਡੀ.ਪੀ. ਦੀ ਮਹਿਬੂਬਾ ਮੁਫਤੀ ਅਤੇ ਇਕ ਨੁਮਾਇੰਦਾ ਸੀ.ਪੀ.ਐੱਮ. ਦਾ ਸ਼ਾਮਲ ਕੀਤਾ ਗਿਆ ਹੈ। ਗਠਜੋੜ ਦੀ ਅਗਲੀ ਮੀਟਿੰਗ ਦਿੱਲੀ 'ਚ ਹੋਣੀ ਹੈ। ਸੀਟਾਂ ਦੀ ਵੰਡ 30 ਸਤੰਬਰ ਤੱਕ ਹੋਵੇਗੀ। ਗਠਬੰਧਨ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਜਨਤਕ ਮੁੱਦਿਆਂ 'ਤੇ ਰੈਲੀਆਂ ਦਾ ਵੀ ਫੈਸਲਾ ਕੀਤਾ ਗਿਆ। 'ਇੰਡੀਆ' ਗੱਠਜੋੜ ਦਾ ਨਾਹਰਾ 'ਜੁੜੇਗਾ ਭਾਰਤ, ਜਿੱਤੇਗਾ ਇੰਡੀਆ' ਅਤੇ 'ਭਾਜਪਾ ਹਟਾਓ ਦੇਸ਼ ਬਚਾਓ' ਹੋਵੇਗਾ। ਵੱਖ-ਵੱਖ ਭਾਸ਼ਾਵਾਂ 'ਚ ਮੀਡੀਆ ਰਣਨੀਤੀ ਅਤੇ ਪ੍ਰਚਾਰ ਮੁਹਿੰਮ ਇਕੱਠਿਆਂ ਚਲਾਉਣ ਦਾ ਵੀ ਫੈਸਲਾ ਹੋਇਆ ਹੈ। ਵਿਰੋਧੀ ਲੀਡਰਾਂ ਨੇ ਖਦਸ਼ਾ ਪ੍ਰਟਾਇਆ ਕਿ ਗੱਠਜੋੜ ਦਾ ਆਧਾਰ ਵਧਣ 'ਤੇ ਭਾਜਪਾ ਸਰਕਾਰ ਉਨ੍ਹਾਂ ਖ਼ਿਲਾਫ਼ ਏਜੰਸੀਆਂ ਦੀ ਦੁਰਵਰਤੋਂ ਕਰੇਗੀ। ਕਾਂਗਰਸ ਪ੍ਰਧਾਨ ਖੜਗੇ ਦਾ ਕਹਿਣੈ ਕਿ ਭਾਜਪਾ ਅਤੇ ਆਰ.ਐੱਸ.ਐੱਸ. ਨੇ ਪਿਛਲੇ ਨੌਂ ਸਾਲਾਂ ਤੋਂ ਦੇਸ਼ ਵਿਚ ਫਿਰਕੂ ਜ਼ਹਿਰ ਫੈਲਾਇਆ ਹੈ। ਵਿਰੋਧੀਆਂ ਦਾ ਇਲਜ਼ਾਮ ਹੈ ਕਿ ਘਬਰਾਈ ਬੀ.ਜੇ.ਪੀ. ਦੇਸ਼ ਦੇ ਨਾਮ ਵਿਚੋਂ 'ਇੰਡੀਆ' ਸ਼ਬਦ ਹਟਾਉਣ ਦੀ ਪ੍ਰੀਕਿਰਿਆ ਸ਼ੁਰੂ ਕਰ ਚੁੱਕੀ ਹੈ। ਗਠਜੋੜ ਅਜੇ ਤੱਕ ਅਗਵਾਈ ਲਈ ਕਿਸੇ ਇਕ ਨਾਮ 'ਤੇ ਸਹਿਮਤ ਨਹੀਂ ਹੋ ਸਕਿਆ। 'ਨਫਤਰ ਖ਼ਿਲਾਫ਼ ਮੁਹਬੱਤ ਦੀ ਦੁਕਾਨ' ਅਤੇ ਕਾਰਪੋਰੇਟ ਦੋਸਤਾਂ ਨੂੰ ਦੌਲਤ ਲੁਟਾਉਣ ਦੇ ਮੁੱਦੇ ਉਠਾ ਕੇ ਭਾਰਤ ਜੋੜੋ ਯਾਤਰਾ ਰਾਹੀਂ ਰਾਹੁਲ ਦਾ ਅਕਸ ਕਾਫੀ ਨਿਖਰਿਆ ਜਾਪਦੈ।

### ਬੀ.ਜੇ.ਪੀ. ਦਾ ਐੱਨ.ਡੀ.ਏ.

ਵਿਰੋਧੀ ਪਾਰਟੀਆਂ ਵੱਲੋਂ 'ਇੰਡੀਆ' ਗੱਠਜੋੜ ਬਣਨ ਤੋਂ ਬੀ.ਜੇ.ਪੀ. ਕਾਫੀ ਘਬਰਾਹਟ ਵਿਚ ਦਿਖਾਈ ਦਿੰਦੀ ਹੈ ਅਤੇ ਉਸ ਨੇ ਤੇਜ਼ੀ ਨਾਲ ਲੋਕ ਸਭਾ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਨੇ। ਪਿਛਲੇ ਦਿਨੀਂ ਬੀ.ਜੇ.ਪੀ. ਵਲੋਂ ਯੂਨੀਫਾਰਮ ਸਿਵਲ ਕੋਡ ਅਤੇ 'ਇਕ ਨੇਸ਼ਨ ਇਕ ਚੋਣ' ਦੇ ਮੁੱਦੇ ਵੀ ਉਛਾਲੇ ਗਏ। ਕੇਂਦਰ ਸਰਕਾਰ ਵਲੋਂ 18 ਤੋਂ 22 ਸਤੰਬਰ ਨੂੰ ਬਗੈਰ ਏਜੰਡਾ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਹੈ। ਚਰਚਾ ਹੈ ਕਿ ਵਿਰੋਧੀਆਂ ਨੂੰ ਭੁਚਾਨੀ ਦੇਣ ਲਈ ਲੋਕ ਸਭਾ ਚੋਣਾਂ ਇਸੇ ਸਾਲ ਹੋਣ ਵਾਲੀਆਂ 5 ਰਾਜਾਂ ਦੀਆਂ ਚੋਣਾਂ ਦੇ ਨਾਲ ਹੀ ਕਰਵਾ ਲਈਆਂ ਜਾਣ। ਇਸ ਤੋਂ ਇਲਾਵਾ ਬੀ.ਜੇ.ਪੀ. ਜੀ-20 ਸੰਮੇਲਨ ਦੀ ਸਫਲਤਾ ਦਾ ਲਾਭ ਲੈਣ ਦੇ ਯਤਨ ਵਿਚ ਹੈ। ਇਸ ਸਮੇਂ ਵਿਰੋਧੀ ਪਾਰਟੀਆਂ ਪਾਸ ਨਰੇਂਦਰ ਮੋਦੀ ਦੇ ਕੱਦ ਦਾ ਇਕ ਵੀ ਲੀਡਰ ਦਿਖਾਈ ਨਹੀਂ ਦਿੰਦਾ। ਚੋਣਾਂ ਦੀ ਗੰਭੀਰਤਾ ਨਾਲ ਤਿਆਰੀ ਕਰਦੇ ਬੀ.ਜੇ.ਪੀ. ਪ੍ਰਚਾਰ ਲਈ ਹਰ ਸੂਬੇ ਵਿਚ ਦੋ ਕਾਲ ਸੈਂਟਰ ਸਥਾਪਤ ਕਰ ਰਹੀ ਹੈ, ਜਿਨ੍ਹਾਂ ਵਿਚ 20000 ਸੋਸ਼ਲ ਮੀਡੀਆ ਦੇ ਮਾਹਿਰ ਨਿਯੁਕਤ ਹੋਣਗੇ, ਜੋ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨਗੇ ਅਤੇ ਵਿਰੋਧੀਆਂ ਦੀਆਂ ਰੈਲੀਆਂ ਫੇਲ ਕਰਨ ਦੀ ਵਿਉਂਤਬੰਦੀ ਕਰਨਗੇ। ਇਸ ਤੋਂ ਇਲਾਵਾ ਬੀ.ਜੇ.ਪੀ. ਲਈ ਕਮਜ਼ੋਰ ਸਮਝੀਆਂ ਜਾਂਦੀਆਂ 160 ਲੋਕ ਸਭਾ ਸੀਟਾਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਜਿਨ੍ਹਾਂ ਵਿਚ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਵੀ ਸ਼ੁਰੂ ਕੀਤੀ ਗਈ ਹੈ, ਤਾਂ ਕਿ ਉਮੀਦਵਾਰ ਹਲਕੇ ਵਿਚ ਆਪਣੀ ਪਛਾਣ ਬਣਾ ਸਕਣ। ਪਾਰਟੀ ਨੇ 127 ਰੈਲੀਆਂ ਕਰਨ ਦਾ ਵੀ ਫੈਸਲਾ ਲਿਆ ਹੈ, ਜਿਨ੍ਹਾਂ ਨੂੰ ਪੀ.ਐੱਮ. ਮੋਦੀ ਸਮੇਤ ਸੀਨੀਅਰ ਬੀ.ਜੇ.ਪੀ. ਲੀਡਰ ਸੰਬੋਧਨ ਕਰਨਗੇ। ਦੇਸ਼ ਅੰਦਰ ਚੋਣ ਸਰਗਰਮੀਆਂ ਵਿਚ ਕਾਫੀ ਤੇਜ਼ੀ ਆ ਚੁੱਕੀ ਹੈ। ਬੀ.ਜੇ.ਪੀ. ਆਪਣੇ ਐੱਨ.ਡੀ.ਏ. ਖੇਮੇ ਨੂੰ ਮਜ਼ਬੂਤ ਕਰਨ ਲਈ ਹੋਰ ਖੇਤਰੀ ਪਾਰਟੀਆਂ ਨਾਲ ਵੀ ਸੰਪਰਕ ਕਰ ਰਹੀ ਹੈ। ਅਜੇ ਆਉਣ ਵਾਲੇ ਸਮੇਂ ਵਿਚ ਕਈ ਨਵੇਂ ਸਿਆਸੀ ਸਮੀਕਰਣ ਵੀ ਬਣਦੇ ਦਿੱਖਣਗੇ।

### ਪੰਜਾਬ ਵਿਚ ਭੰਬਲਭੂਸਾ

'ਇੰਡੀਆ' ਗਠਜੋੜ ਵਿਚ ਸ਼ਾਮਲ ਪੰਜਾਬ ਦੀਆਂ ਦੋਵੇਂ ਮੁੱਖ ਪਾਰਟੀਆਂ 'ਆਪ' ਅਤੇ ਕਾਂਗਰਸ ਇਕ ਦੂਜੇ ਨਾਲ ਉਲਝ ਰਹੀਆਂ ਨੇ। ਦੋਵਾਂ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਵਲੋਂ ਇਕੱਠੇ ਚੋਣ ਲੜਨ ਦੇ ਐਲਾਨ ਦੇ ਬਾਵਜੂਦ ਸੂਬਾਈ ਲੀਡਰ ਇਕੱਲੇ ਲੜਨ ਦੇ ਰਾਗ ਵਿਰੁੱਧ ਅਲਾਪ ਰਹੇ ਨੇ। ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਅਤੇ ਸੂਬਾ ਪ੍ਰਧਾਨ ਰਾਜਾ ਵੜਿੰਗ ਸ਼ੁਰੂ ਤੋਂ ਹੀ ਇੱਕਠੇ ਲੜਨ ਦਾ ਵਿਰੋਧ ਕਰ ਰਹੇ ਨੇ। ਇਸ ਸੰਬੰਧੀ ਉਹ ਕਈ ਵਾਰ ਕੇਂਦਰੀ ਲੀਡਰਸ਼ਿਪ ਨੂੰ ਮਿਲ ਚੁੱਕੇ ਨੇ। ਨਵਜੋਤ ਸਿੱਧੂ ਨੇ ਕੌਮੀ ਲੀਡਰਸ਼ਿਪ ਦੇ ਫੈਸਲੇ ਨਾਲ ਚੱਲਣ ਦੀ ਵਕਾਲਤ ਕੀਤੀ ਹੈ। ਪਹਿਲਾਂ ਮੁੱਖ ਮੰਤਰੀ ਦੇਸ਼ ਦੇ ਵੱਡੇ ਹਿੱਤ ਵਿਚ ਇਕੱਠੇ ਲੜਨ ਦੀ ਗੱਲ ਕਰਦੇ ਰਹੇ, ਪਰ ਮੁੰਬਈ ਮੀਟਿੰਗ ਵਿਚ ਇਕੱਲੇ 13 ਸੀਟਾਂ 'ਤੇ ਲੜਨ ਦਾ ਦਾਅਵਾ ਪੇਸ਼ ਕਰ ਦਿੱਤਾ। 2019 ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਨੇ 9 ਸੀਟਾਂ ਜਿੱਤੀਆਂ ਸਨ, ਪਰ ਆਪ ਇਕ ਵੀ ਨਹੀਂ ਸੀ ਜਿੱਤ ਸਕੀ। ਹੁਣ ਜਲੰਧਰ ਜ਼ਿਮਨੀ ਚੋਣ ਜਿੱਤ ਕੇ 'ਆਪ' ਇਕ ਸੀਟ 'ਤੇ ਕਾਬਜ ਹੈ। ਦੂਜੇ ਪਾਸੇ 2022 ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ 92 ਅਤੇ ਕਾਂਗਰਸ ਨੇ ਸਿਰਫ 18 ਜਿੱਤੀਆਂ ਸਨ। ਜੇਕਰ ਦੋਵੇਂ ਪਾਰਟੀਆਂ ਇਕੱਠੇ ਲੜਦੀਆਂ ਨੇ, ਤਾਂ ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ਦੇ ਆਧਾਰ 'ਤੇ ਸੀਟਾਂ ਦੀ ਵੰਡ ਦਾ ਰੇੜਕਾ ਫਸੇਗਾ। ਦੋਵਾਂ ਪਾਰਟੀਆਂ ਦੀ ਕੌਮੀ ਲੀਡਰਸ਼ਿਪ ਬੀ.ਜੇ.ਪੀ. ਨੂੰ ਹਰਾਉਣ ਲਈ ਹਰ ਹੀਲੇ ਇਕੱਠੇ ਲੜਨਾ ਚਾਹੁੰਦੀ ਹੈ, ਪਰ ਸੂਬਾਈ ਆਗੂ ਵੱਖ-ਵੱਖ ਲੜਨ ਲਈ ਬਜ਼ਿੱਦ ਨੇ। ਉਧਰ ਇਸ ਸਮੇਂ ਦੂਜੀਆਂ ਦੋ ਪਾਰਟੀਆਂ ਅਕਾਲੀ ਦਲ ਅਤੇ ਬੀ.ਜੇ.ਪੀ. ਇਸ ਸਮੇਂ ਮੁਕਾਬਲੇ ਤੋਂ ਬਾਹਰ ਹੀ ਦਿਖਾਈ ਦਿੰਦੀਆਂ ਨੇ, ਪਰ ਕਾਂਗਰਸ ਅਤੇ 'ਆਪ' ਦੇ ਇਕੱਠੇ ਹੋਣ ਨਾਲ ਇਨ੍ਹਾਂ ਦੇ ਮੁੜ ਗਠਜੋੜ ਦੀ ਸੰਭਾਵਨਾ ਵਧੇਗੀ। ਅਜਿਹੇ ਵਿਚ ਅਕਾਲੀ-ਬੀ.ਜੇ.ਪੀ. ਗਠਜੋੜ ਆਪਣਾ ਖੋਇਆ ਆਧਾਰ ਸਥਾਪਤ ਕਰਨ 'ਚ ਸਫਲ ਹੋ ਸਕਦਾ ਹੈ।

ਇੱਕ ਵਾਰ ਤਾਂ ਇੰਡੀਆ ਗਠਜੋੜ ਬਣਨ ਨਾਲ ਬੀ.ਜੇ.ਪੀ. ਪੂਰੀ ਤਰ੍ਹਾਂ ਘਬਰਾਈ ਨਜ਼ਰ ਆ ਰਹੀ ਹੈ। ਇੰਡੀਆ ਗਠਜੋੜ ਦੀਆਂ ਪਾਰਟੀਆਂ ਅੱਗੇ ਵੱਡਾ ਮਸਲਾ ਵੱਖ-ਵੱਖ ਸੂਬਿਆਂ 'ਚ ਆਪਸੀ ਟਕਰਾਅ ਦੇ ਮਾਮਲਿਆਂ ਨੂੰ ਸੁਲਝਾ ਕੇ ਹਰ ਸੀਟ 'ਤੇ ਸਾਂਝਾ ਉਮੀਦਵਾਰ ਦੇਣ ਦਾ ਹੋਵੇਗਾ, ਜਿਸ ਤੋਂ ਬਗੈਰ ਮਜ਼ਬੂਤ ਬੀ.ਜੇ.ਪੀ. ਵਲੋਂ ਐੱਨ.ਡੀ.ਏ. ਦੀ ਮੁੜ ਸੱਤਾ ਵਿਚ ਵਾਪਸੀ ਨੂੰ ਰੋਕਣਾ ਦੂਰ ਦੀ ਕੌਡੀ ਸਾਬਿਤ ਹੋਵੇਗਾ।




# ਬਾਂਦਰ ਵਰਗੀ ਕੋਸ਼ਿਸ਼ ਕਰਨ ਦਾ ਕੋਈ ਫਾਇਦਾ ਨਹੀਂ

## 2 ਮਿੰਨੀ ਕਹਾਣੀਆਂ




ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


ਕਈ ਵਾਰ ਕੋਈ ਦੁਖਿਆਰਾ ਕਿਸੇ ਲੀਡਰ, ਅਫਸਰ ਜਾਂ ਮੋਹਤਬਰ ਕੋਲ ਆਪਣੀ ਮੁਸੀਬਤ ਦੇ ਹੱਲ ਲਈ ਬੜੀ ਆਸ ਨਾਲ ਜਾਂਦਾ ਹੈ। ਅੱਗੋਂ ਉਸ ਬੰਦੇ ਦੀ ਔਕਾਤ ਨਹੀਂ ਹੁੰਦੀ ਕਿ ਉਹ ਉਸ ਦਾ ਮਸਲਾ ਹੱਲ ਕਰ ਸਕੇ। ਪਰ ਫਿਰ ਵੀ ਉਹ ਦੁਖਿਆਰੇ ਨੂੰ ਮੂਰਖ ਬਣਾਉਣ ਲਈ ਇਹ ਵਿਖਾਵਾ ਕਰਦਾ ਹੈ ਕਿ ਉਹ ਹੀ ਉਸ ਦੀ ਮੁਸ਼ਕਿਲ ਦਾ ਹੱਲ ਕਰ ਸਕਦਾ ਹੈ। ਕਿਸੇ ਜੰਗਲ ਦੇ ਰਾਜੇ ਸ਼ੇਰ ਦੀਆਂ ਜ਼ਿਆਦਤੀਆਂ ਤੋਂ ਦੁਖੀ ਹੋ ਕੇ ਜਨਤਾ ਨੇ ਬਗਾਵਤ ਕਰ ਦਿੱਤੀ ਤੇ ਉਸ ਨੂੰ ਗੱਦੀ ਤੋਂ ਉਤਾਰ ਕੇ ਲੋਕ ਰਾਜ ਦੀ ਸਥਾਪਨਾ ਕਰ ਲਈ। ਕੁਝ ਦਿਨਾਂ ਬਾਅਦ ਚੋਣਾਂ ਹੋਈਆਂ, ਤਾਂ ਇੱਕ ਚਲਾਕ ਬਾਂਦਰ ਸਭ ਉਮੀਦਵਾਰਾਂ ਨੂੰ ਹਰਾ ਕੇ ਜੰਗਲ ਦਾ ਪ੍ਰਧਾਨ ਮੰਤਰੀ ਬਣ ਗਿਆ। ਬਾਂਦਰ ਨੂੰ ਅਜੇ ਰਾਜ ਸੱਤਾ ਦਾ ਸੁੱਖ ਭੋਗਦੇ ਕੁਝ ਹੀ ਦਿਨ ਹੋਏ ਸਨ ਕਿ ਤਖਤ ਬਰਦਾਰ ਹੋਏ ਸ਼ੇਰ ਨੇ ਬਾਂਦਰ ਨੂੰ ਉਸ ਦੀ ਔਕਾਤ ਵਿਖਾਉਣ ਲਈ ਇੱਕ ਹਿਰਨੀ ਦਾ ਬੱਚਾ ਪਕੜ ਲਿਆ। ਉਸ ਨੇ ਹਿਰਨੀ ਨੂੰ ਕਿਹਾ ਕਿ ਜਾ ਕੇ ਬਾਂਦਰ ਨੂੰ ਕਹਿ ਕਿ ਜੇ ਉਸ ਵਿਚ ਹਿੰਮਤ ਹੈ, ਤਾਂ ਬੱਚੇ ਨੂੰ ਮੇਰੇ ਪੰਜਿਆਂ ਵਿਚੋਂ ਬਚਾ ਕੇ ਵਿਖਾਵੇ।

ਹਿਰਨੀ ਭੱਜੀ-ਭੱਜੀ ਬਾਂਦਰ ਕੋਲ ਪਹੁੰਚੀ ਜੋ ਇੱਕ ਦਰਖਤ ਹੇਠ ਬੈਠਾ ਕੈਬਨਿਟ ਮੀਟਿੰਗ ਕਰ ਰਿਹਾ ਸੀ ਕਿ ਕਿਵੇਂ ਟੈਕਸ ਵਧਾ ਕੇ ਜਨਤਾ ਦਾ ਕਚੂੰਮਰ ਕੱਢਣਾ ਹੈ। ਹਿਰਨੀ ਨੇ ਆਪਣਾ ਬੱਚਾ ਬਚਾਉਣ ਲਈ ਫਰਿਆਦ ਕੀਤੀ, ਤਾਂ ਬਾਂਦਰ ਕਹਿੰਦਾ ਕਿ ਗੱਲ ਹੀ ਕੋਈ ਨਹੀਂ, ਹੁਣੇ ਛੁਡਾ ਦਿੰਦੇ ਹਾਂ। ਸ਼ੇਰ ਦੀ ਕੀ ਹਿੰਮਤ ਜੋ ਮੇਰੇ ਰਾਜ ਵਿਚ ਅਜਿਹੀ ਬਦਮਾਸ਼ੀ ਕਰ ਸਕੇ। ਸੁਣ ਕੇ ਸਾਰੇ ਮੰਤਰੀਆਂ ਨੇ ਖੁਸ਼ੀ ਨਾਲ ਤਾੜੀਆਂ ਵਜਾਈਆਂ ਤੇ ਬਾਂਦਰ ਟਪੂਸੀ ਮਾਰ ਕੇ ਦਰੱਖਤ 'ਤੇ ਚੜ੍ਹ ਗਿਆ। ਕਦੇ ਇੱਕ ਟਾਹਣੀ 'ਤੇ ਕੁੱਦੇ ਤੇ ਕਦੇ ਦੂਸਰੀ ਟਾਹਣੀ 'ਤੇ ਲਟਕੇ। ਕੁਝ ਮਿੰਟਾਂ ਬਾਅਦ ਸਾਹੋ-ਸਾਹੀ ਹੋਇਆ ਹੇਠਾਂ ਉੱਤਰ ਆਇਆ। ਹਿਰਨੀ ਕੁਰਲਾਉਣ ਲੱਗੀ ਕਿ ਪ੍ਰਧਾਨ ਮੰਤਰੀ ਸਾਹਿਬ ਟਪੂਸੀਆਂ ਮਾਰਨ ਦੀ ਬਜਾਏ ਮੇਰੇ ਨਾਲ ਚੱਲ ਕੇ ਮੇਰੇ ਬੱਚੇ ਨੂੰ ਬਚਾਉ। ਇਹ ਸੁਣ ਕੇ ਬਾਂਦਰ ਦੁਬਾਰਾ ਦਰਖਤ 'ਤੇ ਜਾ ਚੜ੍ਹਿਆ ਤੇ ਅੱਗੇ ਨਾਲੋਂ ਵੀ ਜ਼ਿਆਦਾ ਟਪੂਸੀਆਂ ਮਾਰ ਕੇ ਆਪਣੇ ਆਸਨ 'ਤੇ ਜਾ ਬੈਠਾ। ਹਿਰਨੀ ਜਦੋਂ ਫਿਰ ਕੁਝ ਬੋਲਣ ਲੱਗੀ, ਤਾਂ ਉਸ ਨੂੰ ਵਿਚੋਂ ਹੀ ਟੋਕ ਕੇ ਬਾਂਦਰ ਨੇ ਕਿਹਾ, "ਬੀਬੀ ਗੱਲ ਇਹ ਆ ਕਿ ਮੈਂ ਜੋ ਕਰ ਸਕਦਾ ਸੀ, ਉਹ ਕਰ ਰਿਹਾ ਹਾਂ। ਮੇਰੀ ਮਿਹਨਤ ਵਿਚ ਕੋਈ ਕਸਰ ਹੈ ਤਾਂ ਦੱਸ? ਹੁਣ ਤੇਰਾ ਬੱਚਾ ਬਚਦਾ ਹੈ ਕਿ ਮਰਦਾ ਹੈ ਰੱਬ ਦੀ ਮਰਜ਼ੀ, ਮੈਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦਾ।"

# ਜੇਬਕਤਰਾ

ਜ਼ਿੰਦਗੀ ਵਿਚ ਕਈ ਅਜਿਹੇ ਬੰਦੇ ਮਿਲਦੇ ਹਨ, ਜੋ ਸਾਨੂੰ ਬਹੁਤ ਵੱਡੇ ਸ਼ੁੱਭਚਿੰਤਕ ਲੱਗਦੇ ਹਨ, ਪਰ ਬਾਅਦ ਵਿਚ ਪਤਾ ਚਲਦਾ ਹੈ ਕਿ ਹੁਣ ਤੱਕ ਸਾਡੀਆਂ ਜੜ੍ਹਾਂ ਵੱਢਣ ਵਾਲਾ ਉਹ ਕਥਿਤ ਸ਼ੁੱਭਚਿੰਤਕ ਹੀ ਸੀ। ਅਜਿਹੀ ਹੀ ਇੱਕ ਜੱਗਬੀਤੀ ਹੈ ਕਿ ਦੇਬਾ ਨਾਮ ਦਾ ਇੱਕ ਬੰਦਾ ਅੰਮ੍ਰਿਤਸਰ ਤੋਂ ਤਰਨ ਤਾਰਨ ਜਾਣ ਵਾਲੀ ਬੱਸ ਵਿਚ ਬੈਠ ਗਿਆ। ਜਦੋਂ ਕੰਡਕਟਰ ਨੇ ਟਿਕਟ ਕਟਾਉਣ ਲਈ ਕਿਹਾ, ਤਾਂ ਉਸ ਨੇ ਆਪਣੀ ਪੈਂਟ ਦੀ ਪਿਛਲੀ ਜੇਬ ਵਿਚ ਹੱਥ ਮਾਰਿਆ, ਤਾਂ ਪਤਾ ਲੱਗਾ ਕਿ ਬਟੂਆ ਗਾਇਬ ਹੈ। ਜਦੋਂ ਉਸ ਨੇ ਕੰਡਕਟਰ ਨੂੰ ਦੱਸਿਆ ਕਿ ਮੇਰੀ ਜੇਬ ਕੱਟੀ ਗਈ ਹੈ, ਤਾਂ ਅੱਗੋਂ ਕੰਡਕਟਰ ਉਸ ਨੂੰ ਖਿਝ ਕੇ ਪਿਆ ਕਿ ਸਾਡਾ ਰੋਜ਼ਾਨਾ ਤੇਰੇ ਵਰਗਿਆਂ ਨਾਲ ਹੀ ਵਾਹ ਪੈਂਦਾ ਹੈ, ਜਾਂ ਤਾਂ ਪੈਸੇ ਕੱਢ, ਨਹੀਂ ਥੱਲੇ ਉੱਤਰ। ਕਿਉਂਕਿ ਰਾਤ ਦਾ ਸਮਾਂ ਹੋਣ ਕਾਰਨ ਤਰਨ ਤਾਰਨ ਜਾਣ ਵਾਲੀ ਇਹ ਆਖਰੀ ਬੱਸ ਸੀ, ਇਸ ਲਈ ਉਸ ਨੇ ਕੰਡਕਟਰ ਦੇ ਬਹੁਤ ਤਰਲੇ ਕੱਢੇ ਪਰ ਉਹ ਨਾ ਮੰਨਿਆ। ਇਹ ਵੇਖ ਕੇ ਉਸ ਦੇ ਨਾਲ ਬੈਠੇ ਬੰਦੇ ਨੇ ਕਿਹਾ ਕਿ ਕੋਈ ਗੱਲ ਨਹੀਂ, ਇਸ ਦਾ ਕਿਰਾਇਆ ਮੈਂ ਦੇ ਦਿੰਦਾ ਹਾਂ।

ਉਸ ਨੇ ਕੰਡਕਟਰ ਨੂੰ ਪੈਸੇ ਦੇ ਦਿੱਤੇ ਤੇ ਦੇਬੇ ਨੇ ਉਸ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਨਾਲ ਬੈਠੀਆਂ ਸਵਾਰੀਆਂ ਵਿਚ ਵੀ ਘੁਸਰ-ਮੁਸਰ ਹੋਣ ਲੱਗ ਪਈ ਕਿ ਕਿੰਨਾ ਚੰਗਾ ਬੰਦਾ ਹੈ, ਧਰਤੀ ਅਜਿਹੇ ਦਾਨਵੀਰਾਂ ਦੇ ਸਿਰ 'ਤੇ ਹੀ ਖੜ੍ਹੀ ਹੈ। ਜਦੋਂ ਬੱਸ ਨੇ ਚਾਟੀਵਿੰਡ ਗੇਟ ਅੱਡੇ 'ਤੇ ਸਵਾਰੀਆਂ ਲੈਣ ਲਈ ਕੁਝ ਮਿੰਟਾਂ ਲਈ ਬਰੇਕ ਮਾਰੀ, ਤਾਂ ਇੱਕ ਮੁਰਮੁਰਾ ਵੇਚਣ ਵਾਲਾ ਬੱਸ ਵਿਚ ਚੜ੍ਹ ਗਿਆ। ਦੇਬੇ ਦੀ ਟਿਕਟ ਕਟਾਉਣ ਵਾਲੇ ਬੰਦੇ ਨੇ ਬਟੂਆ ਕੱਢਿਆ ਤੇ ਵੀਹ ਰੁਪਏ ਦਾ ਮੁਰਮੁਰਾ ਲੈ ਲਿਆ। ਬਟੂਆ ਵੇਖ ਕੇ ਦੇਬਾ ਅੱਗ ਬਬੂਲਾ ਹੋ ਗਿਆ। ਉਸ ਨੇ ਇੱਕ ਹੱਥ ਨਾਲ ਬਟੂਆ ਖੋਹ ਲਿਆ ਤੇ ਦੂਸਰੇ ਹੱਥ ਨਾਲ ਦੇ ਥੱਪੜ 'ਤੇ ਥੱਪੜ। ਟਿਕਟ ਕਟਾਉਣ ਵਾਲਾ ਬੰਦਾ ਕੁੱਟ ਖਾਂਦਾ-ਖਾਂਦਾ ਬੱਸ 'ਚੋਂ ਨਿਕਲ ਕੇ ਫਰਾਰ ਹੋ ਗਿਆ। ਆਸ-ਪਾਸ ਦੀਆਂ ਸਵਾਰੀਆਂ ਦੇਬੇ ਨੂੰ ਲਾਹਨਤਾਂ ਪਾਉਣ ਲੱਗੀਆਂ ਕਿ ਤੂੰ ਕਿੰਨਾ ਘਟੀਆ ਬੰਦਾ ਆਂ। ਜਿਸ ਨੇ ਰਹਿਮ ਕਰ ਕੇ ਤੇਰੀ ਟਿਕਟ ਕਟਵਾਈ ਸੀ, ਉਸ ਨੂੰ ਹੀ ਕੁੱਟ ਦਿੱਤਾ। ਲੋਕਾਂ ਦੀਆਂ ਗੱਲਾਂ ਸੁਣ ਕੇ ਦੇਬੇ ਨੇ ਬਟੂਏ ਵਿਚੋਂ ਆਪਣਾ ਅਧਾਰ ਕਾਰਡ ਕੱਢ ਕੇ ਵਿਖਾਇਆ ਤੇ ਬੋਲਿਆ, "ਇਹ ਦਾਨਵੀਰ ਕਰਣ ਹੀ ਜੇਬਕਤਰਾ ਸੀ। ਭੂਤਨੀ ਦੇ ਨੇ ਮੇਰੀ ਹੀ ਜੇਬ ਕੱਟ ਕੇ, ਮੇਰੀ ਟਿਕਟ ਕਟਾ ਕੇ ਮੇਰੇ 'ਤੇ ਹੀ ਅਹਿਸਾਨ ਕਰ ਦਿੱਤਾ।"

**-ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ : 95011-00062**

# ਔਰਤਾਂ ਲਈ ਇਨਸਾਫ਼ ’ਚ ਦੇਰੀ - ਬੰਦੇ ਦੇ ਬਿਰਖ ਹੋਣ ਵਾਂਗਰ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤ ਵਿਚ ਔਰਤਾਂ ਲਈ ਅਦਾਲਤੀ ਇਨਸਾਫ਼ ਦੀ ਤਸਵੀਰ ਇਨ੍ਹਾਂ ਦੋ ਅਦਾਲਤੀ ਫ਼ੈਸਲਿਆਂ ਤੋਂ ਵੇਖੀ ਜਾ ਸਕਦੀ ਹੈ:

ਕੁੱਝ ਸਮਾਂ ਪਹਿਲਾਂ ਮੁੰਬਈ ਉੱਚ ਅਦਾਲਤ (ਹਾਈਕੋਰਟ) ਵੱਲੋਂ ਅੱਸੀ ਸਾਲਾਂ ਤੋਂ ਚੱਲ ਰਹੇ ਜਾਇਦਾਦ ਦੇ ਮਾਮਲੇ ਵਿਚ ਫ਼ੈਸਲਾ ਲੈਂਦਿਆਂ ਇੱਕ 93 ਸਾਲ ਦੀ ਔਰਤ ਨੂੰ ਦੋ ਫਲੈਟ ਸੌਂਪਣ ਦਾ ਫ਼ੈਸਲਾ ਕੀਤਾ, ਜੋ ਇਸਦੀ ਅਸਲੀ ਮਾਲਕ ਸੀ। ਉਹ 80 ਸਾਲ ਅਦਾਲਤਾਂ ਵਿਚ ਧੱਕੇ ਖਾਂਦੀ ਰਹੀ, ਉਸਦੀ ਪੂਰੀ ਜ਼ਿੰਦਗੀ ਭਾਰਤੀ ਕਾਨੂੰਨ ਵਿਵਸਥਾ, ਇਸਦੀਆਂ ਉਲਝਣਾਂ ਅਤੇ ਹੌਲੀ ਮਟਕੀਲੀ ਤੌਰ ਦੇ ਲੇਖੇ ਲੱਗ ਗਈ।

ਪਿਛਲੇ ਦਿਨੀਂ ਦੇਸ਼ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਦੀ ਇੱਕ ਟਿੱਪਣੀ ਧਿਆਨ ਮੰਗਦੀ ਹੈ:

ਇਹ ਟਿੱਪਣੀ ਕਾਨੂੰਨੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ। ਇਸਦੀ ਦੇਸ਼ ਭਰ ਵਿਚ ਚਰਚਾ ਹੋਈ। ਅਸਲ ਵਿਚ ਸੁਪਰੀਮ ਕੋਰਟ ਨੇ ਗੁਜਰਾਤ ਹਾਈਕੋਰਟ ਦੇ ਇੱਕ ਉਸ ਫੈਸਲੇ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ, ਜੋ ਔਰਤ ਦੇ ਗਰਭਵਤੀ ਹੋਣ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਔਰਤ ਨਾਲ ਬਲਾਤਕਾਰ ਹੋਇਆ ਸੀ, ਉਸਦੇ ਗਰਭ ਵਿਚ ਬੱਚਾ ਸੀ। ਉਹ ਇਸ ਨਾਜਾਇਜ਼ ਬੱਚੇ ਨੂੰ ਸਮਾਂ ਰਹਿੰਦਿਆਂ ਪੇਟ ਵਿਚੋਂ ਖ਼ਤਮ ਕਰਨ ਦੀ ਅਦਾਲਤ ਤੋਂ ਆਗਿਆ ਮੰਗ ਰਹੀ ਸੀ।

ਹਾਈਕੋਰਟ ਨੇ ਇਸ ਮਾਮਲੇ ਨੂੰ ਲਟਕਾਈ ਰੱਖਿਆ। ਸੁਣਵਾਈ ਲਈ ਮਾਮਲਾ ਸੂਚੀਬੱਧ ਕਰਨ ਲਈ ਹੀ 12 ਦਿਨ ਲਗਾ ਦਿੱਤੇ। ਜਦਕਿ ਹਰ ਦਿਨ ਦੀ ਦੇਰੀ ਇਸ ਅਵਸਥਾ ਵਿਚ ਬੱਚੇ ਨੂੰ ਗਿਰਾਉਣ ਵਿਚ ਔਰਤ ਦੀ ਜਾਨ ਦਾ ਖੌਅ ਬਣ ਸਕਦੀ ਸੀ। ਇਹ ਔਰਤ 26 ਹਫ਼ਤਿਆਂ ਤੋਂ ਗਰਭਵਤੀ ਸੀ। ਇਸ ਔਰਤ ਦੀ ਬੇਨਤੀ ਉੱਚ ਅਦਾਲਤ ਵਲੋਂ ਕੋਈ ਹੁਕਮ ਜਾਰੀ ਕੀਤੇ ਬਿਨਾਂ ਹੀ ਖਾਰਜ ਕਰ ਦਿੱਤੀ। ਇਹ ਔਰਤ ਸਰੀਰਕ ਤੌਰ ’ਤੇ ਤਾਂ ਪ੍ਰੇਸ਼ਾਨ ਸੀ ਹੀ, ਮਾਨਸਿਕ ਤੌਰ ’ਤੇ ਬੁਰੀ ਤਰ੍ਹਾਂ ਪੀੜਾ ਹੰਢਾ ਰਹੀ ਸੀ।

ਘਟਨਾ ਅਪਰਾਧਿਕ ਹੋਵੇ ਜਾਂ ਬਲਾਤਕਾਰ ਨਾਲ ਸਬੰਧਿਤ, ਔਰਤਾਂ ਦੇ ਇਹੋ ਜਿਹੇ ਮਾਮਲਿਆਂ ਵਿਚ ਸੁਣਵਾਈ ਲਈ ਦੇਰੀ ਉਨ੍ਹਾਂ ਲਈ ਬੇਹੱਦ ਕਸ਼ਟਦਾਇਕ ਹੈ। ਉਨ੍ਹਾਂ ਲਈ ਨਿੱਤਪ੍ਰਤੀ ਗੰਭੀਰ ਸਥਿਤੀਆਂ ਅਤੇ ਸਮੱਸਿਆਵਾਂ ਪੈਦਾ ਕਰਦੀ ਹੈ। ਕਈ ਵਾਰ ਇਹੋ ਜਿਹੀਆਂ ਸਥਿਤੀਆਂ ਵਿਚ ਮਾਪੇ ਅਣਸੁਰੱਖਿਅਤ ਗਰਭਪਾਤ ਦਾ ਫ਼ੈਸਲਾ ਲੈਂਦੇ ਹਨ, ਜਿਸ ਨਾਲ ਔਰਤਾਂ, ਲੜਕੀਆਂ ਦੀ ਜਾਨ ਤੱਕ ਚਲੀ ਜਾਂਦੀ ਹੈ।

ਭਾਰਤ ’ਚ ਅਣਸੁਰੱਖਿਅਤ ਗਰਭਪਾਤ ਦੇ ਅੰਕੜੇ ਤਾਂ ਪਹਿਲਾਂ ਹੀ ਬਹੁਤ ਤਕਲੀਫ਼ਦੇਹ ਹਨ। 2022 ਵਿਚ ਸੰਯੁਕਤ ਰਾਸ਼ਟਰ ਨੇ ਵਿਸ਼ਵ ਜਨਸੰਖਿਆ ਰਿਪੋਰਟ ਛਾਪੀ ਹੈ। ਜਿਸ ਅਨੁਸਾਰ ਭਾਰਤ ਵਿਚ ਹਰ ਦਿਨ ਅੱਠ ਔਰਤਾਂ ਅਣਸੁਰੱਖਿਅਤ ਗਰਭਪਾਤ ਦੇ ਕਾਰਨ ਮੌਤ ਦੇ ਮੂੰਹ ਵਿਚ ਚਲੀਆਂ ਜਾਂਦੀਆਂ ਹਨ।

ਭਾਰਤ ਵਿਚ ਪਰਿਵਾਰ ਸਿਹਤ ਸਰਵੇ-5 ਦੇ ਅੰਕੜੇ ਵੀ ਡਰਾਉਣੇ ਹਨ। ਉਸ ਅਨੁਸਾਰ ਦੇਸ਼ ਵਿਚ ਜੋ ਕੁੱਲ ਗਰਭਪਾਤ ਹੁੰਦਾ ਹੈ, ਉਸ ਦਾ ਚੌਥਾ ਹਿੱਸਾ ਘਰਾਂ ਵਿਚ ਹੀ ਹੁੰਦਾ ਹੈ, ਇਹ ਸਥਾਨਕ ਦਾਈਆਂ ਕਰਦੀਆਂ ਹਨ। ਇਹੋ ਜਿਹੇ ਹਾਲਾਤਾਂ ਵਿਚ ਇਹ ਸਮਝਣਾ ਔਖਾ ਨਹੀਂ ਕਿ ਯੌਨ ਹਿੰਸਾ ਦੀਆਂ ਸ਼ਿਕਾਰ ਔਰਤਾਂ, ਲੜਕੀਆਂ ਨੂੰ ਅਣਸੁਰੱਖਿਅਤ ਗਰਭਪਾਤ ਦਾ ਰਸਤਾ ਹੀ ਚੁਣਨਾ ਪੈਂਦਾ ਹੈ। ਕਈ ਔਰਤਾਂ, ਲੜਕੀਆਂ ਜਿਹੜੀਆਂ ਯੌਨ ਹਿੰਸਾ, ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉਹ ਸਮਾਜਿਕ ਡਰ ਅਤੇ ਬਦਨਾਮੀ ਦੇ ਡਰੋਂ ਖ਼ੁਦਕੁਸ਼ੀ ਦੇ ਰਾਹ ਹੀ ਪੈ ਜਾਂਦੀਆਂ ਹਨ। ਇਹ ਅਤਿ ਦੁਖਦਾਈ ਹੈ।

ਦੇਸ਼ ਵਿਚ ਬਲਾਤਕਾਰ ਪੀੜਤਾਂ ਲਈ ਕਾਨੂੰਨ ਹੈ, ਜਿਸ ਅਨੁਸਾਰ ਗਰਭਪਾਤ ਦੇ 24 ਹਫ਼ਤਿਆਂ ਦੇ ਸਮੇਂ ਦੌਰਾਨ ਗਰਭਪਾਤ ਦੀ ਇਜਾਜ਼ਤ ਹੈ। ਪਰ ਜੇਕਰ ਇਹ ਸਮਾਂ 24 ਹਫ਼ਤਿਆਂ ਤੋਂ ਉੱਪਰ ਹੋ ਜਾਂਦਾ ਹੈ ਤਾਂ ਅਦਾਲਤ ਵਲੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਸਾਲ 2022 ਵਿਚ ਕੇਰਲ ਉੱਚ ਅਦਾਲਤ ਨੇ ਇਕ ਨਾਬਾਲਗ ਪੀੜਤਾ ਦੇ ਕੇਸ ਵਿਚ 28 ਹਫ਼ਤਿਆਂ ਦੇ ਗਰਭਪਾਤ ਖ਼ਤਮ ਕਰਨ ਦੀ ਆਗਿਆ ਦਿੱਤੀ।

ਦਿੱਲੀ ਅਦਾਲਤ ਨੇ 26 ਹਫ਼ਤਿਆਂ ਦੀ 13 ਸਾਲਾਂ ਬਲਾਤਕਾਰ ਪੀੜਤ ਲੜਕੀ ਨੂੰ ਇਹ ਕਹਿੰਦਿਆਂ ਗਰਭਪਾਤ ਆਗਿਆ ਦਿੱਤੀ ਕਿ ਉਹ ਇਸ ਉਮਰ ਵਿਚ ਮਾਂ ਬਣਨ ਦਾ ਭਾਰ ਨਹੀਂ ਚੁੱਕ ਸਕਦੀ। ਉਸ ਨੂੰ ਮਾਂ ਬਣਨ ਦੇਣਾ ਉਸਦੇ ਦੁੱਖਾਂ ਅਤੇ ਪੀੜਾਂ ਵਿਚ ਵਾਧਾ ਕਰਨ ਬਰਾਬਰ ਹੋਵੇਗਾ।

ਔਰਤਾਂ ਨਾਲ ਘਰ ਵਿਚ ਜਾਂ ਬਾਹਰ ਹਿੰਸਕ ਵਰਤਾਰਾ ਵੱਧ ਰਿਹਾ ਹੈ। ਉਨ੍ਹਾਂ ਪ੍ਰਤੀ ਅਪਰਾਧਿਕ ਮਾਮਲੇ, ਯੌਨ ਹਿੰਸਾ ਤੇਜ਼ੀ ਨਾਲ ਵਧ ਰਹੀ ਹੈ ਪਰ ਦੂਜੇ ਪਾਸੇ ਕਾਨੂੰਨੀ ਮੋਰਚੇ ’ਤੇ ਫੈਸਲਿਆਂ ਨੂੰ ਲੈ ਕੇ ਸੁਣਵਾਈ ਵਿਚ ਦੇਰੀ ਉਨ੍ਹਾਂ ਦੇ ਦੁੱਖਾਂ ਦਾ ਕਾਰਨ ਬਣਦੀ ਹੈ। ਦਰਦਨਾਕ ਸਥਿਤੀ ਵੇਖੋ, ਸਮੂਹਿਕ ਬਲਾਤਕਾਰ ਮਾਮਲਿਆਂ ਵਿਚ ਅਦਾਲਤਾਂ ਵਿਚ ਕੇਸ ਸਾਲਾਂਬੱਧੀ ਲਟਕਦੇ ਹਨ, ਤਾਰੀਖ ਦਰ ਤਾਰੀਖ ਅਤੇ ਫੈਸਲਿਆਂ ਦੀ ਉਡੀਕ ਬੰਦੇ ਨੂੰ ਬਿਰਖ ਜਿਹਾ ਕਰ ਦਿੰਦੀ ਹੈ। ਪ੍ਰਸਿੱਧ ਕਵੀ ਸੁਰਜੀਤ ਪਾਤਰ ਦਾ ਸ਼ਿਅਰ “ਇਸ ਅਦਾਲਤ ’ਚ ਬੰਦੇ ਬਿਰਖ ਹੋ ਗਏ, ਫ਼ੈਸਲਾ ਸੁਣਦਿਆਂ ਸੁਣਦਿਆਂ ਸੁਕ ਗਏ”। ਐਨਾਂ ਢੁੱਕਵਾਂ ਹੈ ਕਿ ਅਦਾਲਤੀ ਪ੍ਰਕਿਰਿਆ ਦੀ ਸਹੀ ਹਾਲਤ ਦਾ ਵਰਣਨ ਕਰਦਾ ਹੈ।

ਅਦਾਲਤੀ ਪ੍ਰਕਿਰਿਆ ਤਾਂ ਹੈ ਹੀ ਐਸੀ ਅਤੇ ਪੇਚੀਦਾ, ਪਰ ਵਿਡੰਬਨਾ ਇਹ ਵੀ ਹੈ ਦੇਸ਼ ਵਿਚ ਹਰ ਚਾਰ ਵਿਚੋਂ ਇੱਕ ਮਾਮਲੇ ਵਿਚ ਹੀ ਅਜਿਹਾ ਅਪਰਾਧਿਕ ਸਿੱਧ ਹੋ ਪਾਉਂਦਾ ਹੈ। ਅਦਾਲਤਾਂ ਦੇ ਗੁੰਝਲਦਾਰ ਅਤੇ ਲੰਮੇ ਝੰਜਟ ਵਿਚ ਹੀ ਗਵਾਹ ਮੁੱਕਰ ਜਾਂਦੇ ਹਨ, ਜਾਂ ਮੁਕਰਾ ਦਿੱਤੇ ਜਾਂਦੇ ਹਨ, ਅਤੇ ਦੋਸ਼ੀ ਸ਼ੱਕ ਦਾ ਫ਼ਾਇਦਾ ਲੈ ਕੇ ਬਰੀ ਹੋ ਜਾਂਦੇ ਹਨ। ਇਹੋ ਜਿਹੇ ਬਲਾਤਕਾਰੀ ਦੋਸ਼ੀ ਜਦੋਂ ਸ਼ਰੇਆਮ ਮੁੜ ਸਮਾਜ ਵਿਚ ਵਿਚਰਦੇ ਹਨ ਅਤੇ ਔਰਤਾਂ ਖ਼ਾਸਕਰ ਪੀੜਤ ਔਰਤਾਂ ਲਈ ਹੋਰ ਵੀ ਪੀੜਾਂ ਦੁੱਖਾਂ ਦਾ ਕਾਰਨ ਬਣਦੇ ਹਨ।

ਇਹੋ ਜਿਹੇ ਹਾਲਾਤ ਵੇਖਦਿਆਂ ਅਤੇ ਸਮਾਜ ਵਿਚ ਔਰਤਾਂ, ਲੜਕੀਆਂ ਨਾਲ ਹੁੰਦੇ ਵਰਤਾਓ ਅਤੇ ਹੰਢਾਏ ਜਾਂਦੇ ਸੰਤਾਪ ਦੇ ਮੱਦੇਨਜ਼ਰ ਉੱਚ ਅਦਾਲਤ ਨੇ ਟਿੱਪਣੀ ਕੀਤੀ ਸੀ ਕਿ ਯੌਨ ਸ਼ੋਸ਼ਣ, ਬਲਾਤਕਾਰ ਦੇ ਅਪਰਾਧੀਆਂ ਦੇ ਮਾਮਲੇ ਵਿਚ ਭਾਰਤੀ ਸੰਸਦ ਵਿਚ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ। ਅਦਾਲਤ ਬਹੁਤੀ ਵਾਰ ਦੇਸ਼ ਵਿਚ ਬਣੇ ਹੋਏ ਕਾਨੂੰਨਾਂ ਦੀਆਂ ਹੱਦਾਂ ਨਾਪਦਿਆਂ ਫ਼ੈਸਲੇ ਕਰਦੀ ਹੈ, ਭਾਵੇਂ ਕਿ ਉਹ ਕਦੇ ਵੀ ਵਹਿਸ਼ੀ ਦਰਿੰਦਿਆਂ ਦੇ ਹੱਕ ਵਿਚ ਨਹੀਂ ਹੁੰਦੇ।

ਜਿਸ ਕਿਸਮ ਦੀ ਪੀੜਾ ਬਲਾਤਕਾਰ ਦੌਰਾਨ, ਉਪਰੰਤ ਮਾਪਿਆਂ ਅਤੇ ਸਬੰਧੀਆਂ ਦੇ ਵਿਵਹਾਰ ਦੇ ਰੂਪ ਵਿਚ ਜਾਂ ਸਮਾਜ ਵਿਚ ਇਸ ਘਟਨਾ ਦੇ ਵਾਪਰਨ ਬਾਅਦ, ਫਿਰ ਅਦਾਲਤ ਵਿਚ ਇਨਸਾਫ਼ ਲਈ ਚੱਕਰਾਂ ਜਾਂ ਹੋਰ ਥਾਵਾਂ ਉੱਤੇ ਔਰਤਾਂ, ਲੜਕੀਆਂ ਨੂੰ ਝੱਲਣੀ ਪੈਂਦੀ ਹੈ, ਉਸ ਦਾ ਅਹਿਸਾਸ ਸ਼ਾਇਦ ਹੀ ਮਰਦ ਪ੍ਰਧਾਨ ਸਮਾਜ ਵਿਚ ਮਰਦ ਜੱਜਾਂ ਨੂੰ ਹੋਏਗਾ। ਔਰਤਾਂ ਜੱਜਾਂ ਇਸ ਸਥਿਤੀ ਨੂੰ ਸਮਝਣ ਲਈ ਸਾਰਥਿਕ ਇਨਸਾਫ਼ ਦੇ ਸਕਦੀਆਂ ਹਨ ਪਰ ਦੇਸ਼ ਵਿਚ ਕਿੰਨੀਆਂ ਮਹਿਲਾ ਜੱਜ ਹਨ, ਉਨ੍ਹਾਂ ਵਿਚੋਂ ਵੀ ਕਿੰਨੀਆਂ ਸਾਹਮਣੇ ਬਲਾਤਕਾਰ ਦੇ ਕੇਸ ਪੇਸ਼ ਕੀਤੇ ਜਾਂਦੇ ਹਨ? ਇਹ ਵੇਖਣਾ ਬਣਦਾ ਹੈ।

ਦੇਸ਼ ਦੀਆਂ ਹਾਈ ਕੋਰਟਾਂ ਵਿਚ 788 ਜੱਜ ਹਨ, ਜਿਨ੍ਹਾਂ ਵਿਚੋਂ 107 ਮਹਿਲਾ ਜੱਜ ਹਨ ਅਤੇ ਜੂਨ 2023 ਦੇ ਮਿਲੇ ਅੰਕੜਿਆਂ ਅਨੁਸਾਰ ਕੋਈ ਵੀ ਮਹਿਲਾ ਜੱਜ ਕਿਸੇ ਵੀ ਹਾਈਕੋਰਟ ਦੀ ਮੁੱਖ ਜੱਜ ਨਹੀਂ ਹੈ। ਆਜ਼ਾਦੀ ਦੇ 73 ਸਾਲਾਂ ਵਿਚ ਸੁਪਰੀਮ ਕੋਰਟ ਦੇ 268 ਜੱਜ ਬਣੇ ਹਨ, ਉਨ੍ਹਾਂ ਵਿਚੋਂ 11 ਮਹਿਲਾ ਜੱਜ ਹੀ ਸੁਪਰੀਮ ਕੋਰਟ ਦੀਆਂ ਜੱਜ ਬਣਨ ਦਾ ਮੌਕਾ ਲੈ ਸਕੀਆਂ। ਸੁਪਰੀਮ ਕੋਰਟ ਦੀ ਕੋਈ ਜੱਜ ਮੁੱਖ ਜੱਜ ਨਹੀਂ ਬਣ ਸਕੀ। ਤੁਛ ਜਿਹੀ ਮਹਿਲਾ ਜੱਜਾਂ ਦੀ ਗਿਣਤੀ ਦੇ ਹੁੰਦਿਆਂ, ਔਰਤਾਂ ਦੇ ਮਾਮਲਿਆਂ ਦੀ ਸੰਵੇਦਨਸ਼ੀਲਤਾ, ਬਲਾਤਕਾਰਾਂ, ਘਰੇਲੂ ਹਿੰਸਾ, ਔਰਤਾਂ ਉੱਪਰ ਹੋ ਰਹੇ ਅਪਰਾਧਾਂ ਨੂੰ ਸਮਝਣ ਦੀ ਕਮੀ ਕਾਰਨ ਕੀ ਔਰਤਾਂ ਨੂੰ ਪੂਰਾ ਇਨਸਾਫ਼ ਮਿਲ ਸਕਦਾ ਹੈ, ਜਿਸ ਦੀ ਤਵੱਕੋ ਇਨਸਾਫ਼ ਦੀ ਤੱਕੜੀ ਤੋਂ ਕੀਤੀ ਜਾਂਦੀ ਹੈ।

ਮਨੀਪੁਰ ਵਿਚ ਔਰਤਾਂ ਨੂੰ ਨੰਗਿਆਂ ਕਰਕੇ ਭੀੜ ਵੱਲੋਂ ਘੁਮਾਉਣ ਦੀ ਘਟਨਾ ਅਤੇ ਸਮੂਹਿਕ ਬਲਾਤਕਾਰ ਦੀਆਂ ਹਿਰਦੇ ਵੇਦਿਕ ਘਟਨਾਵਾਂ ਸਮਾਜ ਦੇ ਮੱਥੇ ’ਤੇ ਕਲੰਕ ਵਾਂਗਰ ਜੁੜੀਆਂ ਨਜ਼ਰ ਆਉਂਦੀਆਂ ਹਨ ਅਤੇ ਇਨਸਾਫ਼ ਦੀ ਮੰਗ ਕਰਦੀਆਂ ਹਨ। ਪਰ ਸਮਾਜ ਵਿਚ ਕਠੋਰਤਾ, ਮਰਦਊਪੁਣਾਂ, ਭਿਅੰਕਰ ਅੱਖੜਪੁਣਾ, ਕੁਸੈਲਾ ਸੁਭਾਅ, ਫਿਰਕੂ ਹਵਾਵਾਂ, ਜਦੋਂ ਸ਼ੁੱਧ ਹਵਾ ਵਿਚ ਫੈਲਦੀਆਂ ਹਨ, ਤਾਂ ਹਵਾ ਗੰਧਲੀ ਹੋ ਜਾਂਦੀ ਹੈ ਅਤੇ ਇਸਦਾ ਸਿੱਧਾ ਅਤੇ ਪਹਿਲਾ ਪ੍ਰਭਾਵ ਔਰਤਾਂ ਉੱਤੇ ਪੈਂਦਾ ਹੈ। ਇਹ ਭਾਵੇਂ ਦੋ ਦੇਸ਼ਾਂ ਵਿਚ ਜੰਗ ਹੋਵੇ, ਦੋ ਫ਼ਿਰਕਿਆਂ ਵਿਚ ਟੱਕਰ ਹੋਵੇ ਜਾਂ ਦੋ ਧਿਰਾਂ ਵਿਚ ਆਪਸੀ ਖਹਿਬਾਜ਼ੀ।

ਭਾਰਤ ਵਿਚ ਬਲਾਤਕਾਰ ਦੇ ਮਾਮਲੇ 2005 ਤੋਂ 2021 ਤੱਕ ਧਿਆਨ ਮੰਗਣਯੋਗ ਹਨ। ਸਾਲ 2005 ਵਿਚ ਬਲਾਤਕਾਰਾਂ ਦੀ ਗਿਣਤੀ 18359 ਸੀ, ਜੋ ਸਾਲ 2021 ਵਿਚ 31,677 ਹੋ ਗਈ ਹੈ। ਕੀ ਇਹ ਕਥਿਤ ਧਰਮੀ ਦੇਸ਼ ਦੇ ਮੱਥੇ ਉੱਤੇ ਕਲੰਕ ਨਹੀਂ? ਕੀ ਇਹ ਮਨੁੱਖ ਦੀ ਦਰਿਦਰਤਾ ਦੀ ਨਿਸ਼ਾਨੀ ਨਹੀਂ? ਕੀ ਇਹ ਉਹ ਦੇਸ਼ ਲਈ ਵੱਡਾ ਸਵਾਲ ਨਹੀਂ, ਜਿੱਥੇ 80 ਫੀਸਦੀ ਲੋਕ ਦੇਵੀ, ਦੇਵਤਿਆਂ ਦੀ ਪੂਜਾ ਕਰਦੇ ਹਨ। ਕੀ ਉੱਥੇ ਉਧਾਲੇ, ਬਲਾਤਕਾਰ, ਘਰੇਲੂ ਹਿੰਸਾ ਲਈ ਕੋਈ ਥਾਂ ਹੋਣੀ ਚਾਹੀਦੀ ਹੈ?

ਸਾਲ 2021 ਵਿਚ 43000 ਕੇਸ ਔਰਤਾਂ ਵਿਰੁੱਧ ਅੱਤਿਆਚਾਰ, ਅਪਰਾਧ ਆਦਿ ਦੇ ਦਰਜ਼ ਹੋਏ ਅਤੇ ਇਨਸਾਫ਼ ਦੀ ਉਡੀਕ ਵਿਚ ਮਾਸੂਮ, ਮਾਯੂਸ ਅੱਖਾਂ ਅਦਾਲਤੀ ਦਰਵਾਜਿਆਂ ਦਾ ਰੁਖ਼ ਕਰੀ ਬੈਠੀਆਂ ਹਨ।

ਸਾਲ 1992 ਦੀ ਘਟਨਾ ਹੈ। ਇੱਕ ਆਦਿਵਾਸੀ ਕੁੜੀ ਜੋ ਗੂੰਗੀ ਬੋਲੀ ਸੀ, ਉਹ ਆਪਣੀ ਰੋਜ਼ੀ-ਰੋਟੀ ਲਈ ਮਜ਼ਦੂਰੀ ਕਰਿਆ ਕਰਦੀ ਸੀ। ਇਸ ਨੰਨ੍ਹੀ ਬਾਲਕਾ ਦਾ ਬਲਾਤਕਾਰ ਹੋਇਆ। ਨਿਰਭੈ ਦਾ ਦਿੱਲੀ ਦੀਆਂ ਸੜਕਾਂ ’ਤੇ ਬਲਾਤਕਾਰ ਅਤੇ ਕਤਲ ਕਿਸ ਨੂੰ ਯਾਦ ਨਹੀਂ। ਨਿੱਤ ਦਿਹਾੜੇ ਪੇਂਡੂ ਭਾਰਤ ਜਿਸਦੀ ਆਬਾਦੀ 70 ਫੀਸਦੀ ਹੈ, ਉੱਥੇ ਬਲਾਤਕਾਰ ਹੁੰਦੇ ਹਨ, ਕਤਲ ਹੁੰਦੇ ਹਨ, ਸੁਪਨੇ ਕਤਲ ਹੁੰਦੇ ਹਨ, ਲੜਕੀਆਂ ਨੂੰ ਕਈ ਹਾਲਾਤਾਂ ਵਿਚ ਦੋਸ਼ੀ ਗਰਦਾਨਿਆਂ ਜਾਂਦਾ ਹੈ ਅਤੇ ਉਨ੍ਹਾਂ ਦੇ ਮੂੰਹ ’ਤੇ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ, ਸਮਾਜ ਵਿਚ ਬਦਨਾਮੀ ਦੇ ਡਰ ਦੀ ਪੱਟੀ! ਉਸ ਵੇਲੇ ਆਖਿਰ ਕੁਦਰਤੀ ਇਨਸਾਫ਼ ਕਿੱਥੇ ਚਲਾ ਜਾਂਦਾ ਹੈ? ਉੱਥੇ ਪੰਚਾਇਤੀ ਇਨਸਾਫ਼ ਵੀ ਔਰਤਾਂ ਦੇ ਵਿਰੁੱਧ ਕਿਉਂ ਹੋ ਜਾਂਦਾ ਹੈ?

ਦੇਸ਼ ਦੀਆਂ ਵੱਡੀਆਂ ਅਦਾਲਤਾਂ ਪੇਚੀਦਾ ਪ੍ਰਕਿਰਿਆ ਅਤੇ ਪੰਚਾਇਤੀ ਅਦਾਲਤਾਂ ਦੀ ਚੁੱਪ ’ਤੇ ਸਾਜਿਸ਼ੀ ਦੰਭੀ ਪ੍ਰਕਿਰਿਆ ਔਰਤਾਂ ਦੇ ਜੀਵਨ ਦਾ ਰਾਹ ਹੀ ਬਦਲ ਦਿੰਦੀ ਹੈ। ਜ਼ਿੰਦਗੀ ਭਰ ਅਸਹਿਜਤਾ, ਮਨ ਉੱਤੇ ਮਣਾਂ ਮੂੰਹੀ ਭਾਰ ਚੁੱਕੀ ਫਿਰਦੀਆਂ ਇਹ ਬੇਕਸੂਰ ਔਰਤਾਂ ਕਈ ਹਾਲਾਤਾਂ ਵਿਚ ਆਪਣੇ ਆਪ ਨੂੰ ਸਮਾਜ ਤੇ ਭਾਰ ਸਮਝਣ ਲਗਦੀਆਂ ਹਨ।

ਦੁੱਖ ਦੀ ਗੱਲ ਹੈ ਕਿ ਬਲਾਤਕਾਰ ਜਿਹੇ ਕੇਸ ਪੁਖਤਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਮਾਮਲਿਆਂ ਨੂੰ ਸਿੱਧ ਕਰਨਾ ਔਖਾ ਹੋਣ ਕਾਰਨ ਅਤੇ ਬਦਨਾਮੀ ਦੇ ਡਰੋਂ ਪੁਲਿਸ ਥਾਣੇ ਵਿਚ ਇਹੋ ਜਿਹੇ ਕੇਸਾਂ ਦੀ ਰਪਟ ਵੀ ਦਰਜ਼ ਨਹੀਂ ਕਰਵਾਈ ਜਾਂਦੀ। ਇਹੋ ਜਿਹੇ ਮਾਮਲਿਆਂ ਵਿਚ ਕਈ ਵਾਰ ਸਬੰਧਿਤਾਂ ਨਾਲ ਸਿੱਧਿਆਂ ਨਿਪਟਿਆ ਜਾਂਦਾ ਹੈ ਅਤੇ ਕਤਲ ਤੱਕ ਵੀ ਕਰ ਦਿੱਤੇ ਜਾਂਦੇ ਹਨ।

ਅਸਲ ਵਿਚ ਅਦਾਲਤੀ ਪਚੀਦਗੀਆਂ ਕਾਰਨ ਨਿਆਂ ਦੇ ਮੋਰਚੇ ’ਤੇ ਇੱਕ ਨਿਰਾਸ਼ਾਜਨਕ ਤਸਵੀਰ ਉਭਰਦੀ ਹੈ। ਜਿਸਦੇ ਵੱਡੇ ਤੋਂ ਵੱਡੇ ਕਾਰਨ ਵੀ ਹੀ ਸਕਦੇ ਹਨ ਅਤੇ ਛੋਟੇ ਤੋਂ ਛੋਟੇ ਕਾਰਨ ਵੀ। ਪਰ ਔਰਤਾਂ ਨੂੰ ਇਸ ਦਰਿੰਦਗੀ ਭਰੇ ਵਰਤਾਓ ਵਿਰੁੱਧ ਇਨਸਾਫ਼ ਨਾ ਮਿਲਣਾ ਸਾਡੇ ਅਦਾਲਤੀ ਢਾਂਚੇ, ਮੌਜੂਦਾ ਕਾਨੂੰਨਾਂ ਸਬੰਧੀ ਵੱਡੇ ਪ੍ਰਸ਼ਨ ਖੜ੍ਹੇ ਕਰਦਾ ਹੈ। ਜਿਸਨੂੰ ਸਮਝ ਕੇ, ਘੋਖ ਕੇ, ਕਾਨੂੰਨੀ ਜਟਿਲਤਾ ਅਤੇ ਇਨਸਾਫ਼ ਲਈ ਢਿੱਲਾ ਰਵੱਈਆ ਖਤਮ ਕਰਨ ਹੋਵੇਗਾ ਕਿਉਂਕਿ ਨਿਆਂ ਪ੍ਰਣਾਲੀ ਦੀ ਢਿੱਲੜ ਤੋਰ, ਇਨਸਾਫ਼ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ।

ਦੁੱਖ ਦੀ ਗੱਲ ਤਾਂ ਇਹ ਵੀ ਹੈ ਇਹੋ ਜਿਹੇ ਹਾਲਾਤਾਂ ਵਿਚ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦੀ ਹਿੰਮਤ ਵਧਦੀ ਹੀ ਹੈ, ਚੜ੍ਹ ਮੱਚਦੀ ਹੈ ਅਤੇ ਇਨਸਾਫ਼ ਲਈ ਲੜਨ ਵਾਲੇ ਲੋਕ ਤੇ ਪੀੜਤ ਚੁਭਣ ਮਹਿਸੂਸ ਕਰਦੇ ਹਨ:-


“ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ,
ਫ਼ੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀ ਜਾਣ ਹੁਣ,
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।”

- **ਸੁਰਜੀਤ ਪਾਤਰ**

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪਟਵਾਰੀਆਂ ਅਤੇ ਸਰਕਾਰ ਦਾ ਟਕਰਾਓ ਪੰਜਾਬ ਲਈ ਮੰਦਭਾਗਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)





ਪ੍ਰਤਾਪ ਸਿੰਘ ਕੈਰੋਂ ਫਰੀਦਾਬਾਦ ਜ਼ਿਲ੍ਹੇ ਦੇ ਪਿੰਡ ਮਟਰੌਲ ਵਿਖੇ ਧਰਮਿੰਦਰ ਸਿੰਘ ਚੌਹਾਨ ਪਟਵਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਦੇ ਪਰਿਵਾਰ ਨਾਲ ਖੜ੍ਹੇ ਹਨ।

ਪੰਜਾਬ ਵਿਚ ਪਟਵਾਰੀਆਂ ਅਤੇ ਮੁੱਖ ਮੰਤਰੀ ਦਾ ਸਵਾਲ ਜਵਾਬ ਸ਼ਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਮੁੱਖ ਮੰਤਰੀ ਦਾ ਸਟੇਟਸ ਬਹੁਤ ਉੱਚਾ ਹੁੰਦਾ ਹੈ। ਉਨ੍ਹਾਂ ਨੂੰ ਪਟਵਾਰੀਆਂ ਨਾਲ ਸਵਾਲ ਜਵਾਬ ਵਿਚ ਪੈਣਾ ਸ਼ੋਭਾ ਨਹੀਂ ਦਿੰਦਾ। ਪਟਵਾਰੀਆਂ ਨਾਲ ਸਵਾਲ ਜਵਾਬ ਤਾਂ ਮਾਲ ਮੰਤਰੀ ਨੂੰ ਵੀ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਦਾ ਵਾਹ-ਵਾਸਤਾ ਤਾਂ ਡਿਪਟੀ ਕਮਿਸ਼ਨਰਾਂ ਨਾਲ ਹੁੰਦਾ ਹੈ। ਸਰਕਾਰ ਨੂੰ ਪਟਵਾਰੀਆਂ ਨਾਲ ਗੱਲਬਾਤ ਕਰਨ ਲਈ ਵਿੱਤ ਕਮਿਸ਼ਨਰ ਮਾਲ ਵਿਭਾਗ ਨੂੰ ਕਹਿਣਾ ਚਾਹੀਦਾ। ਅਧਿਕਾਰੀਆਂ ਦਾ ਕੰਮ ਮੁੱਖ ਮੰਤਰੀ ਕਿਉਂ ਕਰਨ? ਮੁੱਖ ਮੰਤਰੀ ਕੋਲ ਤਾਂ ਰਾਜ ਪੱਧਰ ਦੀਆਂ ਬਹੁਤ ਮਹੱਤਵਪੂਰਨ ਜ਼ਿੰਮੇਵਾਰੀਆਂ ਹੁੰਦੀਆਂ ਹਨ। ਸਮਾਜ ਵਿਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਕਦੀਂ ਵੀ ਕਿਸੇ ਵਰਗ ਦੇ ਸਾਰੇ ਲੋਕ ਇਮਾਨਦਾਰ ਅਤੇ ਸਾਰੇ ਭ੍ਰਿਸ਼ਟ ਨਹੀਂ ਹੁੰਦੇ। ਮੁੱਠੀ ਭਰ ਲੋਕ ਸਾਰੇ ਵਰਗ ਨੂੰ ਬਦਨਾਮੀ ਦਾ ਖਿਤਾਬ ਦਿੰਦੇ ਹਨ। ਪੰਜਾਬ ਵਿਚ ਪਟਵਾਰੀਆਂ ਬਾਰੇ ਇਕ ਪ੍ਰਭਾਵ ਪਾਇਆ ਜਾਂਦਾ ਹੈ ਕਿ ਉਹ ਭ੍ਰਿਸ਼ਟ ਹੁੰਦੇ ਹਨ। ਚੰਦ ਕੁ ਪਟਵਾਰੀ ਸਾਰਿਆਂ ਨੂੰ ਬਦਨਾਮ ਕਰਦੇ ਹਨ। ਪਟਵਾਰੀ ਲੋਕਾਂ ਅਤੇ ਸਰਕਾਰ ਦਰਮਿਆਨ ਕੜੀ ਦਾ ਕੰਮ ਕਰਦੇ ਹਨ। ਪੰਜਾਬ ਸਰਕਾਰ ਅਤੇ ਪਟਵਾਰੀਆਂ ਵਿਚ ਟਕਰਾਓ ਦੀ ਸਥਿਤੀ ਬਣੀ ਹੋਈ ਹੈ। ਪਟਵਾਰੀ ਪੰਜਾਬ ਸਰਕਾਰ ਦੇ ਮੁਲਾਜ਼ਮ ਹਨ। ਮੁਲਾਜ਼ਮਾਂ ਅਤੇ ਸਰਕਾਰ ਦਾ ਟਕਰਾਓ ਚੰਗਾ ਨਹੀਂ ਗਿਣਿਆ ਜਾਂਦਾ। ਟਕਰਾਓ ਨਾਲ ਰਾਜ ਦੇ ਵਾਤਾਵਰਨ ਅਤੇ ਵਿਕਾਸ ਵਿਚ ਰੁਕਾਵਟ ਪੈਂਦੀ ਹੈ। ਮੁਲਾਜ਼ਮਾਂ ਅਤੇ ਸਰਕਾਰ ਦੇ ਸੰਬੰਧ ਸਦਭਾਵਨਾ ਵਾਲੇ ਹੋਣੇ ਚਾਹੀਦੇ ਹਨ। ਸਰਕਾਰ ਅਤੇ ਮੁਲਾਜ਼ਮਾਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਮੁਲਾਜ਼ਮਾਂ ਅਤੇ ਸਰਕਾਰ ਦਾ ਨਹੁੰ-ਮਾਸ ਦਾ ਸੰਬੰਧ ਹੁੰਦਾ ਹੈ। ਪ੍ਰਤਾਪ ਸਿੰਘ ਕੈਰੋਂ ਨੂੰ ਵਿਕਾਸ ਪੁਰਸ਼ ਦੇ ਨਾਮ 'ਤੇ ਜਾਣਿਆਂ ਜਾਂਦਾ ਹੈ ਪ੍ਰੰਤੂ ਜਦੋਂ ਪੰਜਾਬ ਵਿਚ ਪਟਵਾਰੀਆਂ ਦੀ ਹੜਤਾਲ ਇਕ ਸਾਲ ਚੱਲਦੀ ਰਹੀ, ਤਾਂ ਉਸ ਟਕਰਾਓ ਨੂੰ ਖ਼ਤਮ ਕਰਨ ਲਈ ਪ੍ਰਤਾਪ ਸਿੰਘ ਕੈਰੋਂ ਖੁਦ ਅਧਿਕਾਰੀਆਂ ਨਾਲ ਚੱਲ ਕੇ ਪੰਜਾਬ ਪਟਵਾਰ ਯੂਨੀਅਨ ਦੇ ਪ੍ਰਧਾਨ ਧਰਮਿੰਦਰ ਸਿੰਘ ਚੌਹਾਨ ਦੇ ਘਰ ਜਾ ਕੇ ਸਮਝੌਤਾ ਕਰਕੇ ਆਏ ਸਨ। ਭ੍ਰਿਸ਼ਟਾਚਾਰ ਬੰਦ ਕਰਨਾ ਚੰਗੀ ਗੱਲ ਹੈ। ਜੇ ਸਰਕਾਰ ਪਟਵਾਰੀਆਂ ਦਾ ਭ੍ਰਿਸ਼ਟਾਚਾਰ ਬੰਦ ਕਰਨਾ ਚਾਹੁੰਦੀ ਹੈ, ਤਾਂ ਵਗਾਰਾਂ ਲੈਣੀਆਂ ਬੰਦ ਕਰਨੀਆਂ ਅਤੇ ਸਰਕਲਾਂ ਅਤੇ ਪਟਵਾਰੀਆਂ ਦੀ ਗਿਣਤੀ ਵਧਾਉਣੀ ਪਵੇਗੀ। ਜਦੋਂ ਕੋਈ ਵੀ.ਆਈ.ਪੀ. ਦੌਰਿਆਂ 'ਤੇ ਜਾਂਦੇ ਹਨ ਤਾਂ ਸਾਰਾ ਖਰਚਾ ਮਾਲ ਵਿਭਾਗ ਕਰਦਾ ਹੈ। ਅਖ਼ੀਰ ਪਟਵਾਰਿਆਂ ਦੀ ਡਿਊਟੀ ਲੱਗਦੀ ਹੈ।

## ਪਟਵਾਰੀ ਤੇ ਵੱਟਬਾਰੀ

ਪਟਵਾਰੀ ਪ੍ਰਣਾਲੀ ਭਾਰਤ ਵਿਚ ਬਹੁਤ ਪੁਰਾਣੀ ਹੈ। 16ਵੀਂ ਸਦੀ ਵਿਚ ਸ਼ੇਰ ਸ਼ਾਹ ਸੂਰੀ ਨੇ ਇਹ ਪ੍ਰਣਾਲੀ ਸ਼ੁਰੂ ਕੀਤੀ ਸੀ। ਕੁਝ ਲੋਕ ਇਸ ਪ੍ਰਣਾਲੀ ਦੀ ਸ਼ੁਰੂਆਤ ਅਲਾਓਦੀਨ ਖ਼ਿਲਜ਼ੀ ਦੇ ਸਮੇਂ ਤੋਂ ਕਹਿ ਰਹੇ ਹਨ। ਅਕਬਰ ਬਾਦਸ਼ਾਹ ਦੇ ਮੌਕੇ ਉਸ ਦੇ ਮਾਲ ਮੰਤਰੀ ਟੋਡਰ ਮੱਲ ਨੇ ਜ਼ਮੀਨਾਂ ਦੀ ਮਿਣਤੀ ਦਾ ਕੰਮ ਸ਼ੁਰੂ ਕਰਵਾਇਆ। ਬ੍ਰਿਟਿਸ਼ ਰਾਜ ਵਿਚ ਈਸਟ ਇੰਡੀਆ ਕੰਪਨੀ ਨੇ ਇਸ ਪ੍ਰਣਾਲੀ ਦੇ ਨਿਯਮਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਕਰਕੇ ਇਸ ਦੇ ਕੰਮਕਾਜ਼ ਨੂੰ ਹੋਰ ਸੁਚਾਰੂ ਬਣਾਇਆ ਗਿਆ। ਉਸ ਸਮੇਂ ਪਟਵਾਰੀਆਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਕਿਸਾਨਾਂ ਦੀ ਫ਼ਸਲ ਦਾ ਰਾਜੇ ਮਹਾਰਾਜੇ ਤੀਜਾ ਹਿੱਸਾ ਵੱਟਿਆਂ ਨਾਲ ਤੋਲ ਕੇ ਆਪ ਟੈਕਸ ਦੇ ਤੌਰ 'ਤੇ ਲੈਂਦੇ ਸਨ। ਦੋ ਹਿੱਸੇ ਕਿਸਾਨ ਰੱਖਦਾ ਸੀ। ਫਿਰ ਰਾਜੇ ਮਹਾਰਾਜੇ ਵੱਟਬਾਰੀ ਨੂੰ ਫ਼ਸਲਾਂ ਦੀ ਪੈਦਾਵਾਰ ਮਿਹਨਤਾਨੇ ਦੇ ਰੂਪ ਵਿਚ ਦਿੰਦੇ ਸਨ। ਵੱਟਿਆਂ ਨਾਲ ਫਸਲਾਂ ਦੀ ਵੰਡ ਕਰਨ ਕਰਕੇ ਇਨ੍ਹਾਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਸਮੇਂ ਵਿਚ ਤਬਦੀਲੀ ਆਉਣ ਨਾਲ ਵੱਟਬਾਰੀਆਂ ਦੀ ਤਨਖ਼ਾਹ ਨਿਸ਼ਚਿਤ ਹੋ ਗਈ ਤੇ ਵੱਟਿਆਂ ਨਾਲ ਤੋਲ ਕੇ ਫ਼ਸਲ ਵਿਚੋਂ ਹਿੱਸਾ ਲੈਣ ਦਾ ਕੰਮ ਖ਼ਤਮ ਹੋ ਗਿਆ ਤੇ ਫਿਰ ਇਨ੍ਹਾਂ ਦਾ ਨਾਮ ਪਟਵਾਰੀ ਪੈ ਗਿਆ। ਪਹਿਲਾਂ ਪਟਵਾਰੀਆਂ ਨੂੰ ਵੀ ਫਸਲਾਂ ਦੀ ਪੈਦਾਵਾਰ ਵਿਚੋਂ ਹੀ ਮਿਹਨਤਾਨੇ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਸਨ। ਇਹ ਨਾਮ ਕਦੋਂ ਬਣਿਆਂ? ਇਸ ਬਾਰੇ ਅਧਿਕਾਰਤ ਜਾਣਕਾਰੀ ਉਪਲਭਧ ਨਹੀਂ ਹੈ।

## ਪਟਵਾਰ ਯੂਨੀਅਨ ਕਦੋਂ ਬਣੀ


1929 ਵਿਚ ਰੈਵਨਿਊ ਪਟਵਾਰ ਯੂਨੀਅਨ ਦੀ ਸਥਾਪਨਾ ਹੋਈ ਸੀ। ਇਸ ਦਾ ਭਾਵ ਹੈ ਕਿ 1929 ਤੋਂ ਪਹਿਲਾਂ ਹੀ ਵੱਟਬਾਰੀ ਨੂੰ ਪਟਵਾਰੀ ਕਹਿਣ ਲੱਗੇ ਹੋਣਗੇ। ਮੋਹਨ ਸਿੰਘ ਪਟਵਾਰੀ ਸਾਬਕਾ ਪ੍ਰਧਾਨ ਪਟਵਾਰ ਅਤੇ ਕਨੂੰਨਗੋ ਯੂਨੀਅਨ ਦੇ ਦੱਸਣ ਅਨੁਸਾਰ ਅੱਲਾ ਬਖ਼ਸ਼ ਪੰਜਾਬ ਪਟਵਾਰ ਯੂਨੀਅਨ ਦੇ ਪਹਿਲੇ ਪ੍ਰਧਾਨ ਸਨ। ਉਸ ਸਮੇਂ ਇਸ ਪਟਵਾਰ ਯੂਨੀਅਨ ਦੀ ਰਜਿਸਟਰੇਸ਼ਨ ਰਾਵਲਪਿੰਡੀ ਵਿਖੇ ਹੋਈ ਸੀ। ਇਸ ਸਮੇਂ ਪਾਕਿਸਤਾਨ ਵਿਚ ਵੀ ਪਟਵਾਰ ਯੂਨੀਅਨ ਬਣੀ ਹੋਈ ਹੈ, ਜਿਸ ਦੇ ਪ੍ਰਧਾਨ ਸ਼ਮੀਰ ਗੋਰਾਇਆ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ 1949 ਵਿਚ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਦੇਣ ਦਾ ਫ਼ੈਸਲਾ ਕਰ ਦਿੱਤਾ ਪ੍ਰੰਤੂ ਪਟਵਾਰੀਆਂ ਨੂੰ ਸ਼ਾਮਲ ਨਈਂ ਕੀਤਾ। ਪ੍ਰਤਾਪ ਸਿੰਘ ਕੈਰੋਂ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਸਨ। ਉਸ ਸਮੇਂ 1957 ਵਿਚ ਪੈਨਸ਼ਨ ਲੈਣ ਲਈ ਸਾਂਝੇ ਪੰਜਾਬ ਦੇ 7-8000 ਪਟਵਾਰੀਆਂ ਨੇ ਹੜਤਾਲ ਕਰ ਦਿੱਤੀ। ਉਹ ਹੜਤਾਲ ਲਗਪਗ ਇਕ ਸਾਲ ਚੱਲੀ। ਉਸ ਸਮੇਂ ਪਟਵਾਰ ਯੂਨੀਅਨ ਦੇ ਪ੍ਰਧਾਨ ਫਰੀਦਾਬਾਦ ਜ਼ਿਲ੍ਹੇ ਦੇ ਪਿੰਡ ਮਟਰੌਲ ਦੇ ਧਰਮਿੰਦਰ ਸਿੰਘ ਚੌਹਾਨ ਸਨ। ਇਸ ਸਮੇਂ ਇਹ ਪਿੰਡ ਹਰਿਆਣਾ ਦੇ ਪਲਵਲ ਜ਼ਿਲ੍ਹੇ ਵਿਚ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਦੋਂ ਪ੍ਰਤਾਪ ਸਿੰਘ ਕੈਰੋਂ ਨੇ ਪਟਵਾਰੀ ਜੇਲ੍ਹਾਂ ਵਿਚ ਡੱਕ ਦਿੱਤੇ ਤੇ ਨੌਕਰੀ ਵਿਚੋਂ ਬਰਖਾਸਤ ਕਰ ਦਿੱਤੇ ਸਨ। ਮੋਹਨ ਸਿੰਘ ਪਟਵਾਰੀ ਦੇ ਦੱਸਣ ਅਨੁਸਾਰ ਧਰਮਿੰਦਰ ਸਿੰਘ ਚੌਹਾਨ ਨੇ ਆਪਣੀ ਪਟਵਾਰੀਆਂ ਦੀ ਟੀਮ ਨਾਲ ਕੈਰੋਂ ਪਿੰਡ ਘੇਰ ਲਿਆ ਤੇ ਭੁੱਖ ਹੜਤਾਲ ਕਰ ਦਿੱਤੀ ਸੀ। ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੀ ਮਾਤਾ ਨੇ ਇਹ ਭੁੱਖ ਹੜਤਾਲ ਖ਼ਤਮ ਕਰਵਾਕੇ ਪਟਵਾਰੀਆਂ ਨੂੰ ਖਾਣਾ ਖਿਲਾਇਆ ਅਤੇ 500 ਰੁਪਏ ਦੀ ਥੈਲੀ ਦਿੱਤੀ ਸੀ। ਧਰਮਿੰਦਰ ਸਿੰਘ ਚੌਹਾਨ ਨੇ ਵਾਪਸ ਦਿੱਲੀ ਜਾ ਕੇ ਉਦੋਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਸ਼ਿਕਾਇਤ ਲਗਾਈ ਕਿ ਪੰਜਾਬ ਸਰਕਾਰ ਨੇ ਬਾਕੀ ਕਰਮਚਾਰੀਆਂ ਨੂੰ ਪੈਨਸ਼ਨ ਲਗਾਈ ਹੈ ਪ੍ਰੰਤੂ ਪਟਵਾਰੀਆਂ ਨੂੰ ਅਣਡਿੱਠ ਕਰ ਦਿੱਤਾ ਹੈ। ਪੰਡਤ ਜਵਾਹਰ ਲਾਲ ਨਹਿਰੂ ਨੇ ਪ੍ਰਤਾਪ ਸਿੰਘ ਕੈਰੋਂ ਨੂੰ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਕਿਹਾ। ਪ੍ਰਤਾਪ ਸਿੰਘ ਕੈਰੋਂ ਦਿੱਲੀ ਤੋਂ ਹੀ ਅਧਿਕਾਰੀਆਂ ਨੂੰ ਨਾਲ ਲੈ ਕੇ ਧਰਮਿੰਦਰ ਸਿੰਘ ਚੌਹਾਨ ਦੇ ਪਿੰਡ ਮਟਰੌਲ ਪਹੁੰਚ ਗਏ। ਮੁੱਖ ਮੰਤਰੀ ਨੇ ਹੜਤਾਲ ਖ਼ਤਮ ਕਰਨ ਲਈ ਧਰਮਿੰਦਰ ਸਿੰਘ ਚੌਹਾਨ ਨੂੰ ਤਹਿਸੀਲਦਾਰ ਬਣਾਉਣ ਦੀ ਪੇਸ਼ਕਸ਼ ਅਤੇ ਹੋਰ ਕਈ ਲਾਲਚ ਦੇਣ ਦੀ ਕੋਸ਼ਿਸ਼ ਕੀਤੀ। ਧਰਮਿੰਦਰ ਸਿੰਘ ਚੌਹਾਨ ਨੇ ਤਹਿਸੀਲਦਾਰ ਬਣਨ ਤੋਂ ਇਨਕਾਰ ਕਰਦਿਆਂ ਪਟਵਾਰੀਆਂ ਦੀਆਂ ਮੰਗਾ ਮੰਨਣ ਲਈ ਤਾਕੀਦ ਕੀਤੀ। ਫਿਰ ਮੁੱਖ ਮੰਤਰੀ ਨੇ ਮਟਰੌਲ ਪਿੰਡ ਲਈ ਗ੍ਰਾਂਟਾਂ ਦੀ ਝੜੀ ਲਾ ਦਿੱਤੀ। ਪਿੰਡ ਵਿਚ ਹੀ ਪ੍ਰਤਾਪ ਸਿੰਘ ਕੈਰੋਂ ਨੇ ਧਰਮਿੰਦਰ ਸਿੰਘ ਚੌਹਾਨ ਅਤੇ ਉਸ ਦੇ ਪਰਿਵਾਰ ਨਾਲ ਤਸਵੀਰ ਖਿਚਵਾਈ। ਸਰਕਾਰ ਅਤੇ ਪਟਵਾਰੀਆਂ ਵਿਚ ਸਮਝੌਤਾ ਹੋ ਗਿਆ। ਉਸ ਸਮਝੌਤੇ ਅਧੀਨ ਪਟਵਾਰੀਆਂ ਦਾ ਸਮਾਗਮ ਪਟਿਆਲਾ ਵਿਖੇ ਕੀਤਾ ਗਿਆ, ਜਿਸ ਵਿਚ ਪ੍ਰਤਪ ਸਿੰਘ ਕੈਰੋਂ ਨੇ ਮੰਗਾਂ ਮੰਨਕੇ ਪਟਵਾਰੀਆਂ ਨੂੰ 100 ਰੁਪਏ ਦਾ ਗਰੇਡ ਦਿੱਤਾ ਗਿਆ ਤੇ ਪੈਨਸ਼ਨ ਦੇਣ ਦਾ ਐਲਾਨ ਕੀਤਾ। ਮੋਹਨ ਸਿੰਘ ਪਟਵਾਰੀ ਅਨੁਸਾਰ ਜਿਹੜੇ ਪਟਵਾਰੀਆਂ ਨੇ ਦੋਗਲਾ ਰੁੱਖ ਅਪਣਾਇਆ ਸੀ, ਸਿਰਫ ਉਨ੍ਹਾਂ ਨੂੰ ਨੌਕਰੀਆਂ ਵਿਚੋਂ ਬਰਖਾਸਤ ਕੀਤਾ ਗਿਆ ਸੀ। ਆਮ ਤੌਰ 'ਤੇ ਇਹ ਪ੍ਰਭਾਵ ਹੈ ਕਿ ਪ੍ਰਤਾਪ ਸਿੰਘ ਕੈਰੋਂ ਨੇ ਪਟਵਾਰੀਆਂ ਨੂੰ ਨੌਕਰੀਆਂ ਵਿਚੋਂ ਕੱਢ ਕੇ ਸਬਕ ਸਿਖਾਇਆ ਸੀ।

1966 ਵਿਚ ਪੰਜਾਬ ਦੀ ਵੰਡ ਹੋ ਗਈ। ਸਾਂਝੇ ਪੰਜਾਬ ਦੇ 20 ਜ਼ਿਲ੍ਹਿਆਂ ਵਿਚੋਂ ਹਿਮਾਚਲ ਨੂੰ 4 ਜ਼ਿਲ੍ਹੇ 354 ਪਟਵਾਰੀ, ਹਰਿਆਣਾ ਨੂੰ 6 ਜ਼ਿਲ੍ਹੇ 1892 ਪਟਵਾਰੀ ਤੇ ਵਰਤਮਾਨ ਪੰਜਾਬ ਨੂੰ 12 ਜ਼ਿਲ੍ਹੇ 3660 ਪਟਵਾਰੀ ਦਿੱਤੇ ਗਏ। 1980 ਵਿਚ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਿਚ ਸਰਕਾਰ ਬਣ ਗਈ। ਉਸ ਸਮੇਂ ਪੰਜਾਬ ਵਿਚ 32-3300 ਪਟਵਾਰ ਸਰਕਲ ਸਨ। ਪੰਜਾਬ ਰੈਵਨਿਊ ਐਕਟ ਅਧੀਨ ਮਾਲ ਮੰਤਰੀ ਬੇਅੰਤ ਸਿੰਘ ਨੇ 1056 ਪਟਵਾਰ ਸਰਕਲ ਨਵੇਂ ਬਣਾ ਦਿੱਤੇ। ਇਸ ਪ੍ਰਕਾਰ 4716 ਕੁਲ ਪਟਵਾਰ ਸਰਕਲ ਬਣ ਗਏ। ਬੇਅੰਤ ਸਿੰਘ ਨੇ ਦੋ ਸਾਲ ਵਿਚ 1500 ਪਟਵਾਰੀ ਭਰਤੀ ਕਰ ਲਏ, ਤਾਂ ਜੋ ਪਟਵਾਰੀਆਂ ਦੀ ਤਰੱਕੀ ਹੋਣ ਸਮੇਂ ਇਨ੍ਹਾਂ ਵਿਚੋਂ ਪਟਵਾਰੀ ਲਗਾ ਦਿੱਤੇ ਜਾਣ। ਬੇਅੰਤ ਸਿੰਘ ਤੋਂ ਬਾਅਦ ਪਟਵਾਰ ਸਰਕਲਾਂ ਦੀ ਗਿਣਤੀ ਕਿਸੇ ਵੀ ਸਰਕਾਰ ਨੇ ਨਹੀਂ ਵਧਾਈ, ਜਦੋਂਕਿ ਪੰਜਾਬ ਦੇ ਜ਼ਿਲ੍ਹੇ 12 ਤੋਂ ਵੱਧਕੇ 23 ਤੇ ਤਹਿਸੀਲਾਂ 63 ਤੋਂ 97 ਹੋ ਗਈਆਂ ਹਨ। ਪਟਵਾਰ ਸਰਕਲ ਵਧਾਉਣੇ ਚਾਹੀਦੇ ਹਨ। ਪਟਵਾਰ ਸਰਕਲ ਵਧਾਉਣ ਲਈ ਮਾਲ ਵਿਭਾਗ ਦੇ ਸਥਾਪਤ 4 ਨਿਯਮ ਹਨ। ਜਿਨ੍ਹਾਂ ਅਨੁਸਾਰ ਜੇਕਰ ਇਕ ਸਰਕਲ ਵਿਚ ਜ਼ਮੀਨ ਦਾ ਰਕਬਾ ਵੱਧ ਜਾਵੇ, ਖਸਰਾ ਨੰਬਰ ਤੇ ਖਤੌਨੀਆਂ ਵੱਧ ਜਾਣ ਤਾਂ ਨਵਾਂ ਸਰਕਲ ਬਣਾਉਣਾ ਪੈਂਦਾ ਹੈ। ਸ. ਬੇਅੰਤ ਸਿੰਘ ਵੱਲੋਂ ਬਣਾਏ 4716 ਸਰਕਲ ਹੀ ਹਨ। ਪਟਵਾਰੀ ਸੇਵਾਮੁਕਤ ਹੋ ਰਹੇ ਹਨ ਤੇ ਅਸਾਮੀਆਂ ਖਾਲੀ ਹੋ ਰਹੀਆਂ ਹਨ, ਇਕ-ਇੱਕ ਪਟਵਾਰੀ ਕੋਲ 4-5 ਸਰਕਲ ਹਨ। ਪਟਵਾਰੀਆਂ 'ਤੇ ਕੰਮ ਦਾ ਭਾਰ ਹੋਣ ਕਰਕੇ ਉਹ ਆਪਣੇ ਨਾਲ ਸਹਾਇਤਾ ਲਈ ਗ਼ੈਰ ਕਾਨੂੰਨੀ ਬੰਦੇ ਰੱਖ ਲੈਂਦੇ ਹਨ। ਪਟਵਾਰੀਆਂ ਦਾ ਮੰਨਣਾ ਹੈ ਕਿ ਜੇਕਰ ਉਨ੍ਹਾਂ ਕੋਲ ਇਕ ਸਰਕਲ ਦਾ ਕੰਮ ਹੋਵੇ, ਤਾਂ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਬੰਦੇ ਰੱਖਣ ਦੀ ਲੋੜ ਨਹੀਂ ਹੋਵੇਗੀ, ਉਨ੍ਹਾਂ ਦੀ ਦਲੀਲ ਹੈ ਕਿ ਜੇਕਰ ਉਹ ਬੰਦੇ ਨਹੀਂ ਰੱਖਦੇ ਤਾਂ ਕਿਸਾਨਾਂ ਦਾ ਨੁਕਸਾਨ ਹੋਵੇਗਾ। 1999 ਵਿਚ ਸੇਵਾ ਸਿੰਘ ਸੇਖਵਾਂ ਮਾਲ ਮੰਤਰੀ ਨੇ 32 ਪਟਵਾਰੀ ਨੌਕਰੀ ਵਿਚੋਂ ਕੱਢ ਦਿੱਤੇ, 2001 ਵਿਚ ਅਜਨਾਲਾ ਦੀ ਉਪ ਚੋਣ ਸਮੇਂ ਸਰਕਾਰ ਨੇ ਪਟਵਾਰੀਆਂ ਤੋਂ ਡਰਦਿਆਂ ਮੁੜ ਨੌਕਰੀ ਵਿਚ ਰੱਖ ਲਏ ਸਨ। 2016 ਵਿਚ ਬਿਕਰਮ ਸਿੰਘ ਮਜੀਠੀਆ ਮਾਲ ਮੰਤਰੀ ਦੇ ਸਮੇਂ 1227 ਪਟਵਾਰੀ ਭਰਤੀ ਕੀਤੇ ਸਨ। ਉਨ੍ਹਾਂ ਵਿਚੋਂ 300 ਪਟਵਾਰੀ ਨੌਕਰੀ ਛੱਡ ਗਏ। ਫਿਰ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ 2021 ਵਿਚ 1090 ਪਟਵਾਰੀ ਭਰਤੀ ਕੀਤੇ ਸਨ, ਉਨ੍ਹਾਂ ਨੂੰ 6 ਜੁਲਾਈ 2022 ਨੂੰ ਭਗਵੰਤ ਸਿੰਘ ਮਾਨ ਸਰਕਾਰ ਨੇ ਨਿਯੁਕਤੀ ਪੱਤਰ ਦਿੱਤੇ ਹਨ। ਉਹ ਟ੍ਰੇਨਿੰਗ ਕਰ ਰਹੇ ਹਨ। ਇਸੇ ਸਰਕਾਰ ਨੇ 710 ਪਟਵਾਰੀ ਹੋਰ ਭਰਤੀ ਕੀਤੇ ਹਨ। ਇਸ ਸਮੇਂ 3000 ਅਸਾਮੀਆਂ ਖਾਲੀ ਹਨ। ਪਟਵਾਰੀ ਦਾ ਮੁੱਖ ਕੰਮ ਜ਼ਮੀਨੀ ਰਿਕਾਰਡ ਰੱਖਣਾ, ਜ਼ਮੀਨ ਖਰੀਦਣ ਅਤੇ ਵੇਚਣ ਸੰਬੰਧੀ ਰਿਕਾਰਡ ਵਿਚ ਤਬਦੀਲੀ ਕਰਨੀ ਹੁੰਦਾ ਹੈ। ਇਕ ਕਿਸਮ ਨਾਲ ਪਿੰਡ ਦਾ ਲੇਖਾਕਾਰ ਹੁੰਦਾ ਹੈ। ਸਰਕਾਰ ਨੂੰ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪਟਵਾਰੀਆਂ ਨਾਲ ਗੱਲਬਾਤ ਕਰਕੇ ਮਸਲਾ ਹੱਲ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਤਾਂ ਪਹਿਲਾਂ ਹੀ ਨਸ਼ਿਆਂ ਦਾ ਸੰਤਾਪ ਹੰਢਾ ਰਿਹਾ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



# Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਗਾਇਕੀ ਦੀ 'ਸੰਦਲੀ ਫ਼ਿਜ਼ਾ ਦਾ ਗਹਿਣਾ' ਨੇ ਉਦਾਸ ਗੀਤ

ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਸਮੇਂ-ਸਮੇਂ 'ਤੇ ਹਰ ਤਰ੍ਹਾਂ ਦੇ ਰੰਗ ਤੇ ਵੰਨਗੀਆਂ ਆਪੋ-ਆਪਣੀ ਕਲਾ ਦਾ ਜੌਹਰ ਜ਼ਰੂਰ ਵਿਖਾਉਂਦੀਆਂ ਰਹਿੰਦੀਆਂ ਹਨ। ਜਿਵੇਂ ਅੱਜਕੱਲ੍ਹ ਸਿੰਗਲ ਟਰੈਕ ਰਾਹੀਂ ਧੂਹ-ਘੜੀਸ ਤੇ ਚੱਕਲੋ-ਧਰਲੋ ਵਾਲੇ ਗੀਤਾਂ ਨੇ ਹਨੇਰੀ ਲਿਆਂਦੀ ਹੈ। ਕਦੇ ਉਸੇ ਤਰ੍ਹਾਂ ਨੱਬਵੇਂ ਦਹਾਕੇ ਦੇ ਆਲੇ-ਦੁਆਲੇ ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਉਦਾਸ ਗੀਤਾਂ ਦੀਆਂ ਕਲੀਆਂ ਦੇ ਫੁੱਲ ਵੀ ਖਿੜਦੇ ਸਨ। ਇਹ ਵੱਖਰਾ ਵਿਸ਼ਾ ਹੈ ਕਿ ਅੱਜਕੱਲ੍ਹ ਦੀ ਗਾਇਕੀ ਨੇ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਪਾਉਣ ਦਾ ਵੱਡਾ ਯਤਨ ਯਤਨ ਕੀਤੈ, ਪਰ ਉਦਾਸ ਗੀਤਾਂ ਜ਼ਰੀਏ ਉਸ ਸਮੇਂ ਦੀ ਨੌਜਵਾਨੀ ਆਪਣੇ ਪ੍ਰਤੀਬਿੰਬ ਨੂੰ ਕਿਸੇ ਹੋਰ ਢੰਗ ਨਾਲ ਵੇਖਦੀ ਸੀ ਪਰ ਅੱਜ ਦੀ ਕੱਚ-ਘਰੜ ਗਾਇਕੀ ਤੇ ਉਸ ਸਮੇਂ ਦੀ ਉਦਾਸ ਸੁਰ ਵਾਲੀ ਗਾਇਕੀ ਵਿਚ ਬੜਾ ਵੱਡਾ ਅੰਤਰ ਸਾਫ਼ ਵਿਖਾਈ ਦਿੰਦਾ ਹੈ। ਇਹ ਠੀਕ ਹੈ ਕਿ ਸਮੇਂ ਦੀ ਮਾਰੀ ਪਲਟੀ ਤੇ ਗਲੈਮਰ ਦੀ ਚਕਾਚੌਂਧ ਨੇ ਵੀਡੀਓਜ਼ ਦੇ ਖੇਤਰ ਰਾਹੀਂ ਇਕ ਵੱਡਾ ਪਲੇਟਫਾਰਮ ਕਲਾਕਾਰ ਵਰਗ ਨੂੰ ਦਿੱਤਾ ਪਰ ਉਸ ਸਮੇਂ ਜੋ ਸੂਹਜ ਤੇ ਸਵਾਦ ਉਦਾਸ ਗੀਤਾਂ ਨੂੰ ਸੁਣਨ ਵਿਚ ਆਉਂਦਾ ਸੀ, ਉਹ ਕਿਧਰੇ ਵੀ ਵਿਖਾਈ ਨਹੀਂ ਦਿੰਦਾ। ਇਕ ਸਮਾਂ ਉਹ ਵੀ ਸੀ, ਜਦ ਕਾਲਜੀਏਟ ਨੌਜਵਾਨ ਤੇ ਮੁੰਡੇ-ਕੁੜੀਆਂ ਉਸ ਸਮੇਂ ਦੇ ਉਦਾਸ ਗੀਤਾਂ ਦੇ ਇਸ ਕਦਰ ਦੀਵਾਨੇ ਸਨ ਕਿ ਉਹ ਉਦਾਸ ਗੀਤ ਗਾਉਣ ਵਾਲੇ ਕਲਾਕਾਰਾਂ ਦੀਆਂ ਤਸਵੀਰਾਂ ਤੱਕ ਨੂੰ ਪਿਆਰ ਕਰਦੇ ਸਨ। ਉਸ ਸਮੇਂ ਦੇ ਦੀਵਾਨਿਆਂ ਕੋਲ ਅੱਜ ਵੀ ਇਹ ਗੀਤ ਕਿਸੇ 'ਸੱਜਣ ਦੇ ਗਹਿਣੇ' ਵਾਂਗਰਾਂ ਸਾਂਭੇ ਪਏ ਹਨ।

ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਇਤਿਹਾਸ ਅੰਦਰ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਆਪਣੇ ਸਮੇਂ ਦੇ ਬਾਬਾ ਬੋਹੜ ਜਰਨੈਲ ਸਿੰਘ ਘੁਮਾਣ ਦੀ ਕਲਮ 'ਚੋਂ ਨਿਕਲੇ ਗੀਤਾਂ ਨੂੰ ਦਰਜਨਾਂ ਕਲਾਕਾਰ ਗਾ ਕੇ ਗਾਇਕੀ ਦੇ ਸ਼ਾਹ ਅਸਵਾਰ ਬਣੇ। ਉਦਾਸ ਗੀਤਾਂ ਰਾਹੀਂ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਜਰਨੈਲ ਸਿੰਘ ਘੁਮਾਣ ਤੇ ਭਿੰਦਰ ਡੱਬਵਾਲੀ ਨੂੰ ਆਪਣੇ ਗੀਤਾਂ ਦਾ ਹੀਰੋ ਤੇ ਆਦਰਸ਼ ਮੰਨਣ ਤੋਂ ਇਨਕਾਰੀ ਨਹੀਂ ਸੀ। ਜੇ ਵੇਖੀਏ, ਭਾਵੇਂ ਅੱਗੇ-ਪਿੱਛੇ ਬਹੁਤ ਸਾਰੇ ਗੀਤ ਮਾਰਕੀਟ ਦੇ ਵਿਚ ਉਦਾਸੀ ਸੁਰ ਵਾਲੇ ਆਏ ਪਰ ਪੰਜਾਬੀ ਗਾਇਕ ਰਣਜੀਤ ਮਣੀ, ਧਰਮਪ੍ਰੀਤ, ਮਨਜੀਤ ਰੂਪੋਵਾਲੀਆ, ਹਰਦੇਵ ਮਾਹੀਨੰਗਲ, ਦਵਿੰਦਰ ਕੋਹੇਨੂਰ, ਕਰਮਜੀਤ ਰੰਧਾਵਾ ਸਮੇਤ ਕਈ ਚੋਟੀ ਦੇ ਕਲਾਕਾਰ ਨੇ ਲੰਬਾ ਸਮਾਂ ਉਦਾਸ ਗੀਤਾਂ ਰਾਹੀਂ ਮਾਰਕੀਟ ਅੰਦਰ ਆਪਣੇ ਸ਼ਬਦ ਰਾਹੀਂ ਜਲਵਾ ਬਿਖੇਰਿਆ। ਜ਼ਿਆਦਾਤਰ ਉਦਾਸ ਗੀਤ ਉਸ ਸਮੇਂ ਦੇ ਗੀਤਕਾਰ ਬਚਨ ਬੇਦਿਲ, ਭਿੰਦਰ ਡੱਬਵਾਲੀ, ਕੋਮਲ ਸੁਨਾਮੀ ਦੀਆਂ ਕਲਮਾਂ ਦਾ ਸ਼ਿੰਗਾਰ ਬਣੇ। ਗੀਤਕਾਰ ਜਸਬੀਰ ਗੁਣਾਚੌਰੀਆ ਤੇ ਗੁਰਚਰਨ ਵਿਰਕ ਦੀ ਗਿਣਤੀ ਵੀ ਪਾਏਦਾਰ ਗੀਤਕਾਰਾਂ ਵਿਚ ਹੁੰਦੀ ਸੀ। ਹਰਜਿੰਦਰ ਬੱਲ ਦੇ ਲਿਖੇ ਗੀਤ ਵੀ ਨੌਜਵਾਨਾਂ ਦੇ ਮੂੰਹਾਂ 'ਤੇ ਆਪ ਮੁਹਾਰੇ ਆ ਜਾਂਦੇ ਸਨ। ਲੰਘੇ ਸਮੇਂ ਇਨ੍ਹਾਂ ਵਿਚੋਂ ਕਈ ਗੀਤਾਂ ਤੇ ਆਸ਼ਕੀ ਨੂੰ ਬੜ੍ਹਾਵਾ ਦੇਣ ਦੇ ਦੋਸ਼ ਵੀ ਲੱਗੇ।

ਗਾਇਕ ਰਣਜੀਤ ਮਣੀ ਨੂੰ ਉਸ ਸਮੇਂ 'ਮੇਰੇ ਸੋਹਣੇ ਦਾ ਪ੍ਰਿੰਸੀਪਲ ਜੀ ਹਾੜ੍ਹਾ ਕੱਟਿਓ ਨਾ ਕਾਲਜ 'ਚੋਂ ਨਾਂ' ਤੇ 'ਤੇਰੇ ਵਿਆਹ ਦੇ ਕਾਰਡ' ਵਾਲੀ ਕੈਸਟ ਨੇ ਹੱਥੋ-ਹੱਥੀ ਸਟਾਰਾਂ ਦੀ ਗਿਣਤੀ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ। ਇਕ ਤਰ੍ਹਾਂ ਨਾਲ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਧੂਮ ਮਚਾ ਦਿੱਤੀ ਸੀ ਇਨ੍ਹਾਂ ਗੀਤਾਂ ਨੇ। ਸਵ. ਧਰਮਪ੍ਰੀਤ ਦੇ 'ਟੁੱਟੇ ਦਿੱਲ ਨੀ ਜੁੜਦੇ ਅੜੀਏ ਤੋੜੀ ਨਾਂ' ਗੀਤ ਵਾਲੀ ਕੈਸਟ ਬੱਸਾਂ ਤੋਂ ਲੈ ਕੇ ਟਰੈਕਟਰਾਂ ਤੱਕ ਰੂਹ ਨਾਲ ਸੁਣੀ ਗਈ। ਸੋਹਣੇ ਸੁਨੱਖੇ ਨੌਜਵਾਨ ਮਨਜੀਤ ਰੂਪੋਵਾਲੀਆ ਦਾ ਆਪਣਾ ਇੱਕ ਵੱਖਰਾ ਸਥਾਨ ਸੀ, ਉਸ ਨੇ ਗੀਤ ਭਾਵੇਂ ਘੱਟ ਗਾਏ ਪਰ 'ਜੇ ਕਹਿਤਾ ਜੀਅ ਨ੍ਹੀਂ ਲੱਗਣਾ ਫੇਰ ਕਿਹੜਾ ਵਾਪਸ ਆਜੇਂਗੀ', 'ਇਹ ਕੁੜੀ ਓਹੀ ਹੋਣੀ ਐ' ਸਦਾ ਲਈ ਨੌਜਵਾਨ ਸਰੋਤਿਆਂ ਦੇ ਮੂੰਹੋਂ ਚੜ੍ਹ ਗਏ। ਹਰਦੇਵ ਮਾਹੀਨੰਗਲ ਨੇ 'ਰਾਤੀਂ ਘੋਲ ਕੇ ਸ਼ਰਾਬ ਵਿਚ ਪੀ ਗਿਆ' ਤੇ 'ਮਾਹੀ ਚਾਹੁੰਦਾ ਕਿਸੇ ਹੋਰ ਨੂੰ' ਵਰਗੇ ਗੀਤਾਂ ਨੂੰ ਜਦ ਆਪਣੀ ਆਵਾਜ਼ ਰਾਹੀਂ ਕਾਇਨਾਤ ਦੀ ਸੰਦਲੀ ਫ਼ਿਜ਼ਾ ਵਿਚ ਬਿਖੇਰਿਆ, ਤਾਂ ਉਸ ਨੂੰ ਵੱਡੇ ਮਾਣ-ਸਨਮਾਨ ਮਿਲੇ। ਉਸ ਸਮੇਂ ਕਈ ਪੰਜਾਬੀ ਗਾਇਕੀ ਦੇ ਪੰਡਤਾਂ ਵੱਲੋਂ ਉਸ ਗਾਇਕੀ ਨੂੰ ਹਟਕੋਰਿਆਂ ਤੇ ਹਉਕਿਆਂ ਦੀ ਗਾਇਕੀ ਕਹੇ ਜਾਣ ਦੇ ਨਾਲ-ਨਾਲ ਬਹੁਤੇ ਲੋਕ ਟੁੱਟੇ ਦਿਲਾਂ ਤੇ ਵਿਛੋੜੇ ਦੀ ਵੇਦਨਾ ਦਾ ਸ਼ਿਕਾਰ ਨੌਜਵਾਨਾਂ ਲਈ ਇਸ ਗਾਇਕੀ ਨੂੰ ਵੱਡਾ ਢਾਰਸ ਵੀ ਮੰਨਦੇ ਸਨ।

ਮਨਜਿੰਦਰ ਸਿੰਘ ਸਰੌਦ
(ਮਾਲੇਰਕੋਟਲਾ)
94634 -63136
(Punjab Mail USA)



ਗ਼ਰੀਬ ਘਰ 'ਚੋਂ ਉੱਠੇ ਦਵਿੰਦਰ ਕੋਹੇਨੂਰ ਤੇ ਕਰਮਜੀਤ ਰੰਧਾਵਾ ਨੇ ਜ਼ਿਆਦਾਤਰ ਬਚਨ ਬੇਦਿਲ ਦੀ ਕਲਮ 'ਚੋਂ ਨਿਕਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਤੇ ਬੇਸ਼ੱਕ ਲੰਮਾ ਸਮਾਂ ਪੰਜਾਬੀ ਗਾਇਕੀ ਅੰਦਰ ਟਿਕ ਨਾ ਸਕੇ ਪਰ ਇੱਕ ਸਥਾਨ ਜ਼ਰੂਰ ਬਣਾ ਗਏ। ਦਵਿੰਦਰ ਨੇ 'ਤੈਨੂੰ ਦਿਲ ਦੇ ਖ਼ੂਨ ਦੀ ਮਹਿੰਦੀ ਦਿੰਦੇ ਤਲੀਆਂ ਉੱਤੇ ਲਾਉਣ ਲਈ' ਵਰਗੇ ਗੀਤ ਗਾਏ ਤਾਂ ਨੌਜਵਾਨੀ ਨੇ ਇਕਦਮ ਉਸ ਨੂੰ ਅੱਖਾਂ ਦੀਆਂ ਪਲਕਾਂ 'ਤੇ ਚੁੱਕ ਲਿਆ। ਰੰਧਾਵਾ ਨੇ ਜ਼ਿਆਦਾਤਰ ਕਿਸਾਨੀ ਨਾਲ ਸਬੰਧਤ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ। ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਕਈ ਦਹਾਕੇ ਇਨ੍ਹਾਂ ਕਲਾਕਾਰਾਂ ਨੇ ਆਪਣੇ ਸਰੋਤਿਆਂ ਦੇ ਮਨਾਂ 'ਤੇ ਰੱਜ ਕੇ ਰਾਜ ਕੀਤਾ ਤੇ ਚੋਖਾ ਨਾਵਾਂ ਵੀ ਕਮਾਇਆ ਪਰ ਇਨ੍ਹਾਂ ਵਿਚੋ ਬਹੁਤੇ 'ਗਲੈਮਰ ਦੀਆਂ ਫੇਟਾਂ' ਨੂੰ ਝੱਲ ਨਾ ਸਕੇ ਤੇ ਛੇਤੀ ਹੀ ਪਰਦੇ ਤੋਂ ਅਲੋਪ ਹੋ ਗਏ। ਕਈਆਂ ਨੇ ਸਮੇਂ ਦੇ ਨਾਲ ਬਦਲਣ ਦੀ ਡਾਹਢੀ ਕੋਸ਼ਿਸ਼ ਵੀ ਕੀਤੀ ਤੇ ਥੋੜ੍ਹਾ ਬਹੁਤਾ ਸਫਲ ਵੀ ਹੋਏ ਪਰ ਜ਼ਿਆਦਾਤਰ ਨੂੰ ਅਸਫ਼ਲਤਾ ਦਾ ਮੂੰਹ ਹੀ ਵੇਖਣਾ ਪਿਆ। ਪੰਜਾਬੀ ਗਾਇਕੀ ਦੇ ਇਕ ਖੇਤਰ ਦੇ ਇਨ੍ਹਾਂ ਫ਼ਨਕਾਰਾਂ ਵਿਚੋਂ ਕੁਝ ਇਕ ਇਸ ਸੰਸਾਰ ਤੋਂ ਕੂਚ ਵੀ ਕਰ ਚੁੱਕੇ ਹਨ ਤੇ ਕਈਆਂ ਨੇ ਆਪਣਾ ਰੈਣ ਬਸੇਰਾ ਵਿਦੇਸ਼ੀ ਧਰਤੀ 'ਤੇ ਬਣਾ ਲਿਆ ਹੈ।

ਇਨ੍ਹਾਂ ਉਦਾਸ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੇ ਕਲਾਕਾਰਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਭਾਵੇਂ ਟੁੱਟਵੇਂ-ਟੁੱਟਵੇਂ ਗੀਤ ਮਾਰਕੀਟ 'ਚ ਆਉਂਦੇ ਰਹੇ ਪਰ ਇਹ ਉਹ ਸਮਾਂ ਸੀ ਜਦ ਜ਼ਿਆਦਾਤਰ ਤੂਤੀ ਇਨ੍ਹਾਂ ਕਲਾਕਾਰਾਂ ਦੇ ਉਦਾਸ ਗੀਤਾਂ ਦੀ ਹੀ ਮਾਰਕੀਟ ਅੰਦਰ ਬੋਲਦੀ ਸੀ। ਉਦਾਸ ਗੀਤ ਭਾਵੇਂ ਰਾਜ ਬਰਾੜ, ਕਰਮਜੀਤ ਅਨਮੋਲ, ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਫਕੀਰ ਚੰਦ ਪਤੰਗਾ ਸਮੇਤ ਹੋਰਨਾਂ ਕਈ ਕਲਾਕਾਰਾਂ ਨੇ ਵੀ ਗਾਏ ਪਰ ਪਰ ਉਪਰਲੇ ਕਲਾਕਾਰਾਂ ਵੱਲੋਂ ਕੇਵਲ ਤੇ ਕੇਵਲ ਲੰਮਾ ਸਮਾਂ ਉਦਾਸ ਗੀਤਾਂ ਜ਼ਰੀਏ ਮਾਰਕੀਟ ਅੰਦਰ ਆਪਣੇ ਨਾਮ ਦਾ ਡੰਕਾ ਵਜਵਾਇਆ ਗਿਆ। ਇਕ ਸਮਾਂ ਸੀ, ਜਦ ਨੌਜਵਾਨੀ ਇਨ੍ਹਾਂ ਕਲਾਕਾਰਾਂ ਨੂੰ ਉਦਾਸ ਗੀਤਾਂ ਵਾਲੇ ਕਲਾਕਾਰਾਂ ਦੇ ਨਾਮ ਨਾਲ ਬੁਲਾਉਣ ਲੱਗੀ ਸੀ। ਖ਼ੈਰ ਕੁਝ ਵੀ ਸੀ ਪਰ ਉਸ ਸਮੇਂ ਉਦਾਸ ਗੀਤਾਂ ਜ਼ਰੀਏ ਇਨ੍ਹਾਂ ਕਲਾਕਾਰਾਂ ਵੱਲੋਂ ਕੀਤੀ ਝੰਡੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਹਿੱਸਾ ਜ਼ਰੂਰ ਬਣ ਗਈ। ਕਿਤੇ ਨਾ ਕਿਤੇ ਸੱਥਾਂ ਵਿਚ ਬੈਠੇ ਲੋਕ ਅੱਜ ਵੀ ਕਹਿ ਦਿੰਦੇ ਨੇ ਕਿ ਅੱਜ ਦੇ ਆਹ 'ਫੁਕਰਾਪੰਥੀ ਕਲਾਕਾਰਾਂ' ਨਾਲੋਂ ਉਨ੍ਹਾਂ ਕਲਾਕਾਰਾਂ ਦੀ ਗਾਇਕੀ ਕਈ ਦਰਜੇ ਜ਼ਿਆਦਾ ਚੰਗੀ ਸੀ। ਇਹ ਗੱਲ ਠੀਕ ਹੈ ਕਿ ਉਸ ਸਮੇਂ ਵੀ ਕਈ ਕਲਾਕਾਰਾਂ 'ਤੇ ਆਪਣੇ ਗੀਤਾਂ ਜ਼ਰੀਏ ਨੌਜਵਾਨੀ ਨੂੰ ਵਿਗਾੜਨ ਦੇ ਦੋਸ਼ ਲੱਗੇ ਪਰ ਅੱਜ ਦੇ ਮੁਕਾਬਲੇ ਉਸ ਨੂੰ 'ਤੁੱਛ' ਗਿਣਿਆ ਜਾਵੇਗਾ। ਬਿਨਾਂ ਸ਼ੱਕ ਉਦਾਸ ਗੀਤਾਂ ਨੇ ਲੰਬਾ ਸਮਾਂ ਪੰਜਾਬੀ ਗਾਇਕੀ ਦੀ 'ਸੰਦਲੀ ਫ਼ਿਜ਼ਾ' ਅੰਦਰ ਆਪਣੀ 'ਕਲਾ ਦਾ ਜਲਵਾ' ਬਿਖੇਰਿਆ। ਜਿਸ ਨੂੰ ਅੱਜ ਕਈ ਦਹਾਕੇ ਬੀਤ ਜਾਣ ਦੇ ਬਾਅਦ ਵੀ ਉਸ ਸਮੇਂ ਦੇ ਸਮਕਾਲੀ ਲੋਕ 'ਠੰਡੀ ਹਾਅ' ਭਰ ਕੇ ਯਾਦ ਕਰਦੇ ਹਨ।

# ਧਰਮ ਅਤੇ ਸਮਾਜ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਫਿਲਮ ਬਣਾਈ ਹੈ "ਮਸਤਾਨੇ

ਤਰਸੇਮ ਜੱਸੜ ਨੇ ਧਰਮ ਅਤੇ ਸਮਾਜ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਫਿਲਮ ਬਣਾਈ ਹੈ। ਸਮਾਜ ਨੂੰ ਇੱਕ ਬਹੁਤ ਵਧੀਆ ਸੁਨੇਹਾ ਦਿੱਤਾ ਹੈ। ਪੰਜਾਬੀ ਇੰਡਸਟਰੀ ਨੂੰ ਮਸਤਾਨੇ ਵਰਗੀਆਂ ਫਿਲਮਾਂ ਦਾ ਹੋਰ ਨਿਰਦੇਸ਼ਨ ਕਰਣਾ ਚਾਹੀਦਾ ਹੈ। ਫ਼ਿਲਮ ਵਿਚ ਜਦੋਂ ਅਰਦਾਸ ਵਾਲਾ ਸੀਨ ਆਇਆ, ਤਾਂ ਸਾਰੇ ਦਰਸ਼ਕ ਸਿਰ ਢੱਕ ਕੇ ਖੜ੍ਹੇ ਹੋ ਗਏ। ਸਾਰਾ ਸਿਨੇਮਾ ਹਾਲ ਪੂਰਾ ਭਰਿਆ ਪਿਆ ਸੀ। ਪੂਰਾ ਪਰਿਵਾਰ ਬੈਠ ਕੇ ਫਿਲਮ ਦਾ ਅਨੰਦ ਮਾਣ ਰਿਹਾ ਸੀ। ਅਗਲੀ ਪੀੜ੍ਹੀ ਨੂੰ ਸੇਧ ਦੇਣ ਵਾਲੀ ਫਿਲਮ ਹੈ। ਤਰਸੇਮ ਜੱਸੜ ਦੀ ਇਹ ਕੋਸ਼ਿਸ਼ ਪੂਰੀ ਤਰ੍ਹਾਂ ਰੰਗ ਲੈ ਕੇ ਆਈ ਹੈ, ਇਹ ਕਹਿਣਾ ਬਿਲਕੁਲ ਗਲਤ ਨਹੀਂ ਹੋਵੇਗਾ।

ਸਿੱਖੀ ਸਰੂਪ, ਸਿੱਖੀ ਬਾਣੇ ਅਤੇ ਅਰਦਾਸ ਦੀ ਜੋ ਰੂਹਾਨੀ ਸ਼ਕਤੀ ਜੋ ਇਸ ਫ਼ਿਲਮ ਵਿਚ ਦਰਸਾਈ ਗਈ ਹੈ, ਉਸ ਤੋਂ ਸੇਧ ਲੈਣ ਦੀ ਲੋੜ ਹੈ। ਗੁਰੂ ਮਹਾਰਾਜ ਵੱਲੋਂ ਸਿੰਘ ਸਾਜਣਾ ਕੋਈ ਕਰਾਮਾਤ ਨਾਲੋਂ ਘੱਟ ਨਹੀਂ ਸੀ। ਇਸ ਫ਼ਿਲਮ ਰਾਹੀਂ ਇਹ ਸਪੱਸ਼ਟ ਤੌਰ 'ਤੇ ਸਮਝਾਇਆ ਗਿਆ ਹੈ ਕਿ ਗੁਰੂ ਮਹਾਰਾਜ ਦੀ ਦਿੱਤੀ ਦੇਣ ਬਾਣੀ ਅਤੇ ਬਾਣਾ ਵਿਚ ਉਸ ਅਕਾਲ ਪੁਰਖ ਦੀ ਸ਼ਕਤੀ ਹੈ ਅਤੇ ਇਸ ਦੇ ਧਾਰਨੀ ਹੁੰਦਿਆਂ ਹੀ ਰੂਹਾਨੀ ਸ਼ਕਤੀ ਹਾਸਲ ਹੁੰਦੀ ਹੈ। ਗੁਰੂ ਮਹਾਰਾਜ ਦੇ ਜੋ ਬਚਨ ਸੀ:-

ਚਿੜੀਆਂ ਤੋਂ ਮੈਂ ਬਾਜ ਤੜਾਊਂ,
ਗਿੱਦੜਾਂ ਤੋਂ ਮੈਂ ਸ਼ੇਰ ਬਣਾਊਂ
ਸਵਾ ਲੱਖ ਸੇ ਏਕ ਲੜਾਊ,
ਤਬੈ ਗੁਰ ਗੋਬਿੰਦ ਸਿੰਘ ਨਾਮ ਕਹਾਊਂ

ਗੁਰੂ ਪਿਤਾ ਜੀ ਦੇ ਬਚਨ ਸੱਚ ਹੁੰਦੇ ਹਨ, ਜਦੋਂ ਅਸੀਂ ਸਿੱਖੀ ਦੇ ਸਿਧਾਂਤਾਂ ਉੱਪਰ ਤੁਰਦੇ ਹਾਂ। ਇਸ ਫ਼ਿਲਮ ਵਿਚ ਇਹ ਹੀ ਸਮਝਾਇਆ ਗਿਆ ਹੈ ਕਿ ਸਿੱਖਾਂ ਦੀ ਨਕਲ ਕਰਦੇ ਹੋਏ ਮਸਤਾਨੇ ਕਿਸ ਕਦਰ ਉਸ ਰੂਹਾਨੀ ਸ਼ਕਤੀ ਨੂੰ ਹਾਸਲ ਕਰਦੇ ਹਨ ਕਿ ਯੋਧਿਆ ਵਾਂਗ ਲੜਦੇ ਹਨ ਅਤੇ ਮੌਤ ਆਉਣ 'ਤੇ ਵੀ ਖੁਦ ਨੂੰ ਸਿੰਘ ਸਮਝਦੇ ਹਨ ਅਤੇ ਬੇਖੌਫ ਮੌਤ ਦੀ ਆਗੋਸ਼ ਵਿਚ ਚਲੇ ਜਾਂਦੇ ਹਨ।

ਪਰ ਫ਼ਿਲਮ ਦੇਖਦੇ ਸਮੇਂ ਮੈਨੂੰ ਇਹ ਵੀ ਮਹਿਸੂਸ ਹੋਇਆ ਕਿ ਅੱਜ ਦਾ ਸਮਾਜ ਸਿੱਖੀ ਸਰੂਪ ਧਾਰ ਕੇ ਕੋਝੇ ਕੰਮ ਕਰਣ ਤੋਂ ਵੀ ਸ਼ਰਮ ਮਹਿਸੂਸ ਨਹੀਂ ਕਰਦਾ। ਜਿੱਥੇ ਉਸ ਸਮੇਂ ਦੂਸਰੇ ਧਰਮ ਦੇ ਲੋਕ ਸਿੱਖਾਂ ਦੀਆ ਕੁਰਬਾਨੀਆਂ ਨੂੰ ਸਤਿਕਾਰ ਦਿੰਦੇ ਸੀ ਅਤੇ ਉਸ ਸਮੇਂ ਦੇ ਹਾਕਮ ਵੀ ਸਿੱਖਾਂ ਦੀ ਬਹਾਦਰੀ ਦਾ ਲੋਹਾ ਮੰਨਦੇ ਸੀ ਤੇ ਅੱਜ ਸਾਡੇ ਵਿਚੋਂ ਹੀ ਕੁਝ ਛੋਟੀ ਮਾਨਸਿਕਤਾ ਦੇ ਲੋਕ ਸਿੱਖੀ ਸਰੂਪ ਧਾਰ ਕੇ ਧਰਮ ਅਤੇ ਕੌਮ ਨੂੰ ਢਾਅ ਲਾਉਣ ਦੀਆਂ ਕੋਝੀਆਂ ਹਰਕਤਾਂ ਕਰਦੇ ਰਹਿੰਦੇ ਹਨ।

ਪਰ ਤਰਸੇਮ ਜੱਸੜ ਨੇ ਇਸ ਫ਼ਿਲਮ ਰਾਹੀਂ ਆਪਣੇ ਸਿੱਖ ਧਰਮ ਅਤੇ ਆਪਣੀ ਸਿੱਖ ਕੌਮ ਨੂੰ ਜੋ ਸਤਿਕਾਰ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਸ ਵਿਚ ਉਹ ਮੇਰੇ ਖਿਆਲ ਨਾਲ ਕਾਮਯਾਬ ਹੋਇਆ ਹੈ।




-ਰਸ਼ਪਿੰਦਰ ਕੌਰ ਗਿੱਲ
+91-98886-97078
(Punjab Mail USA)



# ਬਜ਼ੁਰਗ ਨੂੰ ਘਰ ਤੋਂ ਦੂਰ ਕੀਤਾ ਜਾ ਰਿਹਾ ਹੈ

ਘਰ ਦੇ ਬਜ਼ੁਰਗਾਂ ਨੂੰ ਪਰਿਵਾਰ ਦੀ ਨੀਂਹ ਕਿਹਾ ਜਾਂਦਾ ਹੈ, ਬਜ਼ੁਰਗਾਂ ਦੇ ਤਜ਼ਰਬੇ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੀ ਸਲਾਹ ਲੈਣੀ ਚਾਹੀਦੀ ਹੈ। ਉਸ ਦਾ ਪਿਆਰ ਅਤੇ ਪਿਆਰ ਅਮੁੱਲ ਹੈ। ਸਾਡੇ ਦੇਸ਼ ਵਿਚ ਬਜ਼ੁਰਗ ਤੇਜ਼ੀ ਨਾਲ ਵਧ ਰਹੇ ਹਨ, ਪਰ ਉਨ੍ਹਾਂ ਲਈ ਉਪਲਬਧ ਸਾਧਨ ਘਟਦੇ ਜਾ ਰਹੇ ਹਨ। ਅਜਿਹੀ ਸਥਿਤੀ 'ਚ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਨ੍ਹਾਂ ਨੂੰ ਇਕ ਪਾਸੇ ਰੱਖਣ ਦੀ ਬਜਾਏ ਸਮਾਜ ਦੇ ਜੀਵਨ 'ਚ ਸ਼ਾਮਲ ਕਰੀਏ, ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਦੇਖਭਾਲ ਕਰੀਏ। ਜਿੱਥੇ ਉਹ ਸਮਾਜਿਕ ਸਥਿਤੀਆਂ ਨੂੰ ਸੁਧਾਰਨ ਲਈ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਬਜ਼ੁਰਗਾਂ ਦੀ 'ਸਮੱਸਿਆ' ਨੂੰ 'ਹੱਲ' ਵਿਚ ਬਦਲਣ ਦਾ ਯਤਨ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਦੇਸ਼ ਦੀ ਬੁਢਾਪਾ ਆਬਾਦੀ ਅਤੇ ਸਿਹਤ ਚੁਣੌਤੀਆਂ ਸਾਹਮਣੇ ਆਉਂਦੀਆਂ ਹਨ, ਭਾਰਤ ਵਿਚ ਬੁਢਾਪੇ ਦੀ ਆਬਾਦੀ ਦੇ ਸਿਹਤ, ਆਰਥਿਕ ਅਤੇ ਸਮਾਜਿਕ ਨਿਰਣਾਇਕਾਂ ਅਤੇ ਨਤੀਜਿਆਂ ਦੀ ਵਿਗਿਆਨਕ ਤੌਰ 'ਤੇ ਜਾਂਚ ਕਰਨ ਲਈ ਦੇਸ਼ ਵਿਚ ਸਭ ਤੋਂ ਵੱਡਾ ਵਿਆਪਕ ਰਾਸ਼ਟਰੀ ਸਰਵੇਖਣ ਕਰਵਾਇਆ ਗਿਆ ਹੈ। ਇਹ ਭਾਰਤ ਦਾ ਪਹਿਲਾ ਅਤੇ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਸਰਵੇਖਣ ਹੈ, ਜੋ ਸਮਾਜਿਕ, ਸਿਹਤ ਅਤੇ ਆਰਥਿਕ ਭਲਾਈ ਨੂੰ ਮਾਪਦਾ ਹੈ। ਬੁਢਾਪੇ ਦੀ ਆਬਾਦੀ ਲਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਤਿਆਰ ਕਰਨ ਦੇ ਉਦੇਸ਼ ਲਈ ਲੰਬਕਾਰੀ ਡੇਟਾਬੇਸ ਪ੍ਰਦਾਨ ਕਰਦਾ ਹੈ। ਇਸ ਵਿਚ ਦੇਸ਼ਾਂ ਅਤੇ ਰਾਜਾਂ ਦਾ ਪ੍ਰਤੀਨਿਧ ਨਮੂਨਾ, ਸਮਾਜਿਕ-ਆਰਥਿਕ ਪ੍ਰੋਫਾਈਲ, ਵਿਆਪਕ, ਪ੍ਰਸੰਗਿਕ ਫੋਕਸ, ਲੰਬਕਾਰੀ ਡਿਜ਼ਾਈਨ, ਡੇਟਾ ਸੰਗ੍ਰਹਿ, ਗੁਣਵੱਤਾ ਨਿਯੰਤਰਣ ਅਤੇ ਭੂਗੋਲਿਕ ਸੂਚਨਾ ਪ੍ਰਣਾਲੀ (ਜੀ.ਆਈ.ਐੱਸ.) ਲਈ ਕੰਪਿਊਟਰ ਅਸਿਸਟਡ ਪਰਸਨਲ ਇੰਟਰਵਿਊ (ਸੀ.ਏ.ਪੀ.ਆਈ) ਤਕਨਾਲੋਜੀ ਦੀ ਵਰਤੋਂ ਸ਼ਾਮਲ ਹੈ। ਇਹ ਵੱਖ-ਵੱਖ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਵਿਚ ਤਾਲਮੇਲ ਦੀ ਅਗਵਾਈ ਕਰੇਗਾ। ਦੇਸ਼ ਵਿਚ ਉਭਰ ਰਹੇ ਜਨਸੰਖਿਆ, ਸਮਾਜਿਕ-ਆਰਥਿਕ ਅਤੇ ਹੋਰ ਸਬੰਧਤ ਖੇਤਰ ਰੁਝਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਸੀਨੀਅਰ ਨਾਗਰਿਕਾਂ ਲਈ ਇੱਕ ਰਾਸ਼ਟਰੀ ਨੀਤੀ ਤਿਆਰ ਕਰ ਰਿਹਾ ਹੈ, ਜਿਸ ਵਿਚ ਵਿੱਤੀ ਅਤੇ ਭੋਜਨ ਸੁਰੱਖਿਆ, ਸਿਹਤ ਦੇਖਭਾਲ ਅਤੇ ਪੋਸ਼ਣ ਵਰਗੇ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਇੱਕ ਵਧ ਰਿਹਾ ਭਾਰਤ ਇੱਕ ਸਿਹਤਮੰਦ ਭਵਿੱਖ ਦੀ ਆਬਾਦੀ ਲਈ ਲੰਬੇ ਸਮੇਂ ਤੱਕ ਜੀਵੇਗਾ। ਖੋਜ ਦਰਸਾਉਂਦੀ ਹੈ ਕਿ ਭਾਰਤ ਦੀ 12% ਆਬਾਦੀ 2030 ਤੱਕ 60 ਸਾਲ ਦੀ ਉਮਰ ਤੋਂ ਉੱਪਰ ਹੋਵੇਗੀ ਅਤੇ ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਅਨੁਸਾਰ; ਇਹ 2050 ਤੱਕ ਵਧ ਕੇ 19.4% ਹੋਣ ਦੀ ਉਮੀਦ ਹੈ। 60+ ਦੀ ਉਮਰ ਦੇ ਮਰਦਾਂ ਤੋਂ ਵੱਧ ਔਰਤਾਂ ਹੋਣ ਜਾ ਰਹੀਆਂ ਹਨ। ਲੰਬੀ ਉਮਰ ਵਧਣ ਨਾਲ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਜਿਸ ਵਿਚ ਲਗਭਗ 11 ਮਿਲੀਅਨ ਲੋਕ ਹਨ। 100 ਸਾਲ ਤੋਂ ਵੱਧ ਉਮਰ ਦੇ ਲਗਭਗ 6 ਲੱਖ ਲੋਕਾਂ ਦੇ ਨਾਲ, ਭਾਰਤ ਵਿਚ 2050 ਤੱਕ ਸਭ ਤੋਂ ਵੱਧ ਲੋਕ ਹੋਣਗੇ। ਸੀਨੀਅਰ ਨਾਗਰਿਕਾਂ ਦੀ ਗਿਣਤੀ 2011 ਵਿਚ 10.38 ਕਰੋੜ ਤੋਂ ਵਧ ਕੇ 2026 ਵਿਚ 17.3 ਕਰੋੜ ਅਤੇ 2050 ਵਿਚ 30 ਕਰੋੜ ਹੋਣ ਦੀ ਸੰਭਾਵਨਾ ਹੈ। ਅਜਿਹੀ ਸਥਿਤੀ ਵਿਚ ਉਨ੍ਹਾਂ ਦੀ ਭਲਾਈ ਲਈ ਪ੍ਰੋਗਰਾਮਾਂ ਦੀ ਲੋੜ ਵੱਧ ਜਾਂਦੀ ਹੈ। ਜੀਵਨ ਦੀ ਸੰਭਾਵਨਾ ਵਿਚ ਵਾਧਾ, ਪਰਿਵਾਰਾਂ ਦਾ ਪ੍ਰਮਾਣੂਕਰਨ, ਉਨ੍ਹਾਂ ਦੀ ਰੋਜ਼ਾਨਾ ਦੇਖਭਾਲ ਅਤੇ ਉਮਰ-ਸਬੰਧਤ ਮੁਸ਼ਕਲਾਂ ਲਈ ਦੂਜਿਆਂ 'ਤੇ ਨਿਰਭਰਤਾ; ਬਜ਼ੁਰਗਾਂ ਦਾ ਜੀਵਨ ਇੱਕ ਮੁਸ਼ਕਲ ਚੁਣੌਤੀ ਹੈ। ਜ਼ਿਆਦਾ ਆਰਥਿਕ ਨਿਰਭਰਤਾ ਕਾਰਨ ਬਜ਼ੁਰਗ ਔਰਤਾਂ ਲਈ ਸਮੱਸਿਆ ਹੋਰ ਵਧ ਗਈ ਹੈ। ਪੇਂਡੂ ਖੇਤਰਾਂ ਵਿਚ, ਜਿੱਥੇ 70% ਬਜ਼ੁਰਗ ਰਹਿੰਦੇ ਹਨ, ਆਰਥਿਕ ਕਾਰਨਾਂ ਅਤੇ ਡਾਕਟਰੀ ਸੇਵਾਵਾਂ ਦੀ ਮਾੜੀ ਗੁਣਵੱਤਾ, ਖਾਸ ਤੌਰ 'ਤੇ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਗੰਭੀਰ ਸਥਿਤੀ ਦਾ ਕਾਰਨ ਬਣਦੀ ਹੈ। 5.1 ਕਰੋੜ ਬਜ਼ੁਰਗ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਬਜ਼ੁਰਗਾਂ ਵਿਰੁੱਧ ਵਧ ਰਹੇ ਅਪਰਾਧਾਂ ਕਾਰਨ ਬਜ਼ੁਰਗਾਂ ਦੀ ਹਾਲਤ ਇਹ ਤਰਸਯੋਗ ਹੈ। ਭਾਰਤ ਦੇ ਸੀਨੀਅਰ ਨਾਗਰਿਕਾਂ ਦੀ ਪ੍ਰਤੀਸ਼ਤਤਾ ਹਾਲ ਹੀ ਦੇ ਸਾਲਾਂ ਵਿਚ ਵਧਦੀ ਦਰ ਨਾਲ ਵਧ ਰਹੀ ਹੈ ਅਤੇ ਇਹ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਸਟੇਟ ਆਫ ਵਰਲਡ ਪਾਪੂਲੇਸ਼ਨ 2019 ਦੀ ਰਿਪੋਰਟ ਮੁਤਾਬਕ ਭਾਰਤ ਦੀ 6 ਫੀਸਦੀ ਆਬਾਦੀ 65 ਸਾਲ ਜਾਂ ਇਸ ਤੋਂ ਵੱਧ ਸੀ। ਜੀਵਨ ਦੀ ਸੰਭਾਵਨਾ ਵਿਚ ਵਾਧਾ, ਹਾਲਾਂਕਿ ਫਾਇਦੇਮੰਦ ਹੈ, ਨੇ ਆਧੁਨਿਕ ਸੰਸਾਰ ਲਈ ਨਵੀਆਂ ਚੁਣੌਤੀਆਂ ਲਿਆਂਦੀਆਂ ਹਨ। ਵਧਦੀ ਆਬਾਦੀ ਦੀ ਸਮੱਸਿਆ ਅੱਜ ਕਈ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ। ਬਜਟ ਵਿਚ ਪੈਨਸ਼ਨਾਂ ਅਤੇ ਸਿਹਤ ਸੰਭਾਲ ਲਈ ਵਿਵਸਥਾਵਾਂ ਘੱਟ ਰਹੀਆਂ ਹਨ। 100 ਮਿਲੀਅਨ ਤੋਂ ਵਧੇਰੇ ਬਜ਼ੁਰਗ ਲੋਕਾਂ ਦਾ ਘਰ ਅਤੇ ਅਗਲੇ ਤਿੰਨ ਦਹਾਕਿਆਂ ਵਿਚ ਗਿਣਤੀ ਦੇ ਤਿੰਨ ਗੁਣਾ ਹੋਣ ਦੀ ਉਮੀਦ ਦੇ ਨਾਲ, ਭਾਰਤ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਦੇ ਮਾਹੌਲ ਵਿਚ ਪਰਮਾਣੂ ਪਰਿਵਾਰ ਬਜ਼ੁਰਗਾਂ ਨੂੰ ਘਰ ਦੀ ਦਹਿਲੀਜ਼ ਤੋਂ ਦੂਰ ਰੱਖ ਰਹੇ ਹਨ। ਬੱਚੇ ਦਾਦੀ ਦੀ ਕਹਾਣੀ ਦੀ ਬਜਾਏ ਪੱਬਜੀ, ਪੀਯੂਬੀ ਨੂੰ ਪਸੰਦ ਕਰਨ ਲੱਗੇ ਹਨ, ਬਜ਼ੁਰਗਾਂ ਨੂੰ ਆਪਣੇ ਬੱਚਿਆਂ ਨਾਲ ਗੱਲ ਕਰਨ ਦੀ ਤਾਂਘ ਹੈ। ਉਹ ਘਰ ਦੇ ਕਿਸੇ ਕੋਨੇ ਵਿਚ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ। ਅਜਿਹੀ ਸਥਿਤੀ ਵਿਚ ਉਨ੍ਹਾਂ ਦੀਆਂ ਮਾਨਸਿਕ-ਆਰਥਿਕ-ਸਮਾਜਿਕ ਸਮੱਸਿਆਵਾਂ ਵਧ ਰਹੀਆਂ ਹਨ। ਮਹਿੰਗਾਈ ਦੇ ਸਾਹਮਣੇ ਪੈਨਸ਼ਨ ਘੱਟ ਰਹੀ ਹੈ। ਆਯੂਸ਼ਮਾਨ ਸਕੀਮ ਵਿਚ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਬਜ਼ੁਰਗਾਂ ਦੀ ਸਿਹਤ ਸੰਭਾਲ ਸਮੇਤ ਉਨ੍ਹਾਂ ਲਈ ਵੱਖਰੀਆਂ ਸਕੀਮਾਂ ਲਿਆਉਣ ਦੀ ਸਖ਼ਤ ਲੋੜ ਹੈ, ਤਾਂ ਜੋ ਹਰ ਘਰ ਵਿਚ ਬਜ਼ੁਰਗਾਂ ਨੂੰ ਬੋਝ ਨਹੀਂ, ਸਗੋਂ ਵਰਦਾਨ ਵਜੋਂ ਦੇਖਿਆ ਜਾਵੇ।




-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ,
ਮਲੋਟ (ਪੰਜਾਬ)
(Punjab Mail USA)



# ਗੁਰਭਜਨ ਗਿੱਲ ਦਾ ਰੁਬਾਈ ਸੰਗ੍ਰਹਿ 'ਜਲ ਕਣ' ਮਾਨਵੀ ਹਿਤਾਂ ਦਾ ਪਹਿਰੇਦਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)








ਗੁਰਭਜਨ ਗਿੱਲ ਪੰਜਾਬੀ ਸਾਹਿਤ, ਸੱਭਿਆਚਾਰ, ਮਾਨਵੀ ਹਿਤਾਂ ਅਤੇ ਪੰਜਾਬੀ ਕਦਰਾਂ-ਕੀਮਤਾਂ ਨੂੰ ਪ੍ਰਣਾਇਆ ਹੋਇਆ ਕਵੀ ਹੈ। ਉਹ ਬਹੁ-ਰੰਗੀ, ਬਹੁ-ਪਰਤੀ, ਬਹੁ-ਪੱਖੀ ਅਤੇ ਬਹੁ-ਦਿਸ਼ਾਵੀ ਸਾਹਿਤਕਾਰ ਹੈ। ਉਸ ਦਾ ਰੁਬਾਈ ਸੰਗ੍ਰਹਿ ਜਲ ਕਣ ਪੜ੍ਹਕੇ ਉਸ ਨੂੰ ਕੋਮਲ ਮਨ, ਕੋਮਲ ਕਲਾ ਅਤੇ ਕੋਮਲ ਭਾਵਨਾਵਾਂ ਦਾ ਕਵੀ ਕਿਹਾ ਜਾ ਸਕਦਾ ਹੈ। ਇਨ੍ਹਾਂ ਰੁਬਾਈਆਂ ਵਿਚ ਉਹ ਲੋਕਾਈ ਦੇ ਦਰਦ ਦੀ ਚੀਸ ਨੂੰ ਮਹਿਸੂਸ ਕਰਦਾ ਹੋਇਆ, ਉਸ ਨੂੰ ਆਪਣਾ ਦਰਦ ਸਮਝਕੇ ਕਾਵਿ ਰੂਪ ਦਿੰਦਾ ਹੈ। ਉਸ ਨੂੰ ਲੋਕ ਕਵੀ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੀਆਂ ਰੁਬਾਈਆਂ ਲੋਕਾਂ ਦੀ ਆਮ ਬੋਲਚਾਲ ਸਮੇਂ ਬੋਲੀ ਜਾਂਦੀ ਠੇਠ ਪੰਜਾਬੀ ਵਿਚ ਲਿਖੀਆਂ ਹੋਈਆਂ ਹਨ। ਉਸ ਦੀ ਸ਼ਬਦਾਵਲੀ ਮਾਖਿਉਂ ਮਿੱਠੀ ਹੈ, ਜੋ ਪਾਠਕ ਦੇ ਦਿਲ ਨੂੰ ਮੋਹਦੀ ਹੈ।

ਭਲੇ ਪੁਰਸ਼ ਦਾ ਸਾਥ, ਮਿੱਠਾ ਜੀਕਣ ਗੰਨਾ।
ਮਿੱਧ, ਨਿਚੋੜ, ਮਰੋੜੋ ਭਾਵੇਂ, ਰਸ ਦਾ ਭਰ ਦਏ ਛੰਨਾ।
ਕੜ੍ਹ ਕੇ ਗੁੜ ਦਾ ਰੂਪ ਧਾਰਦੈ, ਸ਼ੱਕਰ ਤੇ ਖੰਡ ਮਿੱਠਾ।
ਕਿਣਕਾ ਜੇ ਇਸ ਕੋਲੋਂ ਸਿੱਖ ਲਏਂ, ਫਿਰ ਮੈਂ ਤੈਨੂੰ ਮੰਨਾਂ।

ਭਾਵੇਂ ਇਸ ਰੁਬਾਈ ਦੇ ਅਰਥ ਮਿਹਨਤ-ਮੁਸ਼ੱਕਤ ਕਰਨ ਨਾਲ ਹਨ, ਜੇ ਮਨੁੱਖ ਗੰਨੇ ਤੋਂ ਕੁਝ ਸਿੱਖ ਸਕੇ, ਤਾਂ ਉਹ ਵੀ ਅਮੋਲਕ ਬਣ ਸਕਦੇ ਹੈ। ਉਹ ਮੋਹ ਵੰਡਾ ਸ਼ਾਇਰ ਹੈ। ਉਸ ਦੀਆਂ ਰੁਬਾਈਆਂ ਲੋਕ ਹਿਤਾਂ 'ਤੇ ਪਹਿਰਾ ਦਿੰਦੀਆਂ ਹਨ। ਇਨ੍ਹਾਂ ਰੁਬਾਈਆਂ ਵਿਚ ਉਹ ਅਜਿਹੇ ਸਾਹਿਤਕ ਤੁਣਕੇ ਮਾਰਦਾ ਹੈ, ਜਿਨ੍ਹਾਂ ਦਾ ਸੇਕ ਜ਼ਿਆਦਤੀਆਂ ਕਰਨ ਵਾਲਿਆਂ ਦਾ ਦਮ ਘੁੱਟਣ ਲਾ ਦਿੰਦਾ ਹੈ। ਉਸ ਦੀਆਂ ਰੁਬਾਈਆਂ ਦੀਆਂ ਟਕੋਰਾਂ ਸਾਹਿਤਕ ਦਿਲਾਂ ਨੂੰ ਟੁੰਬਦੀਆਂ ਹਨ। ਉਹ ਆਪਣੀਆਂ ਰੁਬਾਈਆਂ ਵਿਚ ਮਾਨਵੀ ਜਜ਼ਬਿਆਂ ਨੂੰ ਦ੍ਰਿਸ਼ਟਾਂਤਿਕ ਰੂਪ ਦਿੰਦਾ ਹੈ। ਸ਼ਾਇਰ ਦੀਆਂ ਰੁਬਾਈਆਂ ਦੇ ਵਿਅੰਗ ਵੀ ਤਿੱਖੇ ਹੁੰਦੇ ਹਨ। ਉਹ ਜੁਅੱਰਤ ਅਤੇ ਬੇਬਾਕੀ ਨਾਲ ਨਿਧੱੜਕ ਹੋ ਕੇ ਰੁਬਾਈਆਂ ਲਿਖਦਾ ਹੈ। ਗੁਰਭਜਨ ਗਿੱਲ ਦੇ ਜਲ ਕਣ ਰੁਬਾਈ ਸੰਗ੍ਰਹਿ ਵਿਚ 660 ਰੁਬਾਈਆਂ ਹਨ, ਉਸ ਨੇ ਜ਼ਿੰਦਗੀ ਦੇ ਹਰ ਖੇਤਰ ਬਾਰੇ ਰੁਬਾਈ ਲਿਖੀ ਹੈ, ਜਿਸ ਦਾ ਮਨੁੱਖੀ ਜਨ-ਜੀਵਨ 'ਤੇ ਸਿੱਧੇ/ਅਸਿੱਧੇ ਢੰਗ ਨਾਲ ਚੰਗਾ/ਬੁਰਾ ਪ੍ਰਭਾਵ ਪੈਂਦਾ ਹੋਵੇ। ਜ਼ਿੰਦਗੀ ਦੇ ਹਰ ਰੰਗ ਦੁੱਖ-ਸੁੱਖ, ਖ਼ੁਸ਼ੀ-ਗ਼ਮੀ, ਆਸ਼ਾ-ਨਿਰਾਸ਼ਾ, ਇਸ਼ਕ-ਮੁਸ਼ਕ, ਸਮਾਜਿਕ-ਆਰਥਿਕ, ਫੁੱਲ-ਬੀਜ, ਫਸਲ-ਅਕਲ, ਦਰਿਆ-ਸਮੁੰਦਰ, ਚੰਨ-ਸੂਰਜ, ਜ਼ਮੀਨ-ਅਸਮਾਨ, ਗ਼ਰੀਬ-ਅਮੀਰ ਦੀ ਵੰਨਗੀ ਇਸ ਸੰਗ੍ਰਹਿ ਵਿਚ ਮਿਲਦੀ ਹੈ। ਇਸ ਰੁਬਾਈ ਸੰਗ੍ਰਹਿ ਦੀਆਂ ਰੁਬਾਈਆਂ ਦੀ ਵਿਚਾਰਧਾਰਾ ਮਾਨਵੀ ਸੱਭਿਅਤਾ, ਸੱਭਿਆਚਾਰ, ਸਮਾਜਿਕ, ਆਰਥਿਕ ਅਤੇ ਧਾਰਮਿਕ ਗਿਰਾਵਟ ਨੂੰ ਦੂਰ ਕਰਨਾ ਹੈ। ਉਹ ਆਧੁਨਿਕਤਾ ਦੇ ਦੌਰ ਵਿਚ ਪ੍ਰੰਪਰਾਤਮਿਕ ਸਰਗਰਮੀਆਂ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਵਰਤਮਾਨ ਲੋੜਾਂ ਅਨੁਸਾਰ ਬਦਲਣ ਦੀ ਪੁਰਜ਼ੋਰ ਪ੍ਰਤੀਨਿਧਤਾ ਕਰਦਾ ਹੈ। ਇਸ ਰੁਬਾਈ ਸੰਗ੍ਰਹਿ ਦੀ ਪਹਿਲੀ ਰੁਬਾਈ ਵਿਚ ਸ਼ਾਇਰ ਲਿਖਦਾ ਹੈ, ਇਹ ਸੋਚਿਆ ਵੀ ਨਹੀਂ ਸੀ, ਗਰਜ਼ਾਂ ਇਨਸਾਨ ਨੂੰ ਇਤਨੇ ਨੀਵੇਂ ਪੱਧਰ 'ਤੇ ਲੈ ਜਾਣਗੀਆਂ, ਇਨਸਾਨ ਕੁਰਸੀ ਦੀ ਖ਼ਾਤਰ ਹਰ ਹੀਲਾ ਵਰਤੇਗਾ। ਉਹ ਇਸ ਦੇ ਨਾਲ ਹੀ ਕਹਿੰਦਾ ਹੈ ਕਿ ਲਾਲਸਾਵਾਂ ਕਦੀਂ ਵੀ ਪੂਰੀਆਂ ਨਹੀਂ ਹੋ ਸਕਦੀਆਂ। ਸਬਰ-ਸੰਤੋਖ ਰੱਖਣ ਦੀ ਤਾਕੀਦ ਕਰਦਾ ਹੋਇਆ ਕਹਿੰਦਾ ਹੈ ਕਿ ਇਨਸਾਨ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ, ਬਾਅਦ ਵਿਚ ਪਛਤਾਉਣ ਦਾ ਕੋਈ ਲਾਭ ਨਹੀਂ ਹੋਵੇਗਾ। ਸ਼ਾਇਰ ਕੁਝ ਰੁਬਾਈਆਂ ਵਿਚ ਰੁੱਖਾਂ ਦੀ ਅਹਿਮੀਅਤ ਦਾ ਜ਼ਿਕਰ ਕਰਦਾ ਹੋਇਆ, ਉਨ੍ਹਾਂ ਦੀ ਰੱਖਿਆ ਅਤੇ ਸਿੱਖਿਆ ਲੈਣ ਦੀ ਗੱਲ ਕਰਦਾ ਹੈ। ਰੁੱਖ ਮੀਂਹ ਝੱਖੜ ਦੇ ਦੁੱਖ ਸਹਿ ਕੇ ਵੀ ਤੁਹਾਨੂੰ ਛਾਂ ਅਤੇ ਲੱਕੜ ਦਿੰਦਾ ਹੈ। ਇਨਸਾਨ ਨੂੰ ਵਕਤ ਤੋਂ ਸਿੱਖਣ ਦੀ ਤਾਕੀਦ ਕਰਦਾ ਹੈ, ਤੱਤੇ ਟੁੱਕ ਰਹੋ, ਭਾਵ ਤੁਹਾਨੂੰ ਖੋਰਾ ਲੱਗ ਰਿਹਾ ਹੈ, ਤੂੰ ਹੌਸਲੇ ਛੱਡੀ ਬੈਠਾ ਹੈਂ। ਮੋਹ, ਹੰਕਾਰ, ਕਰੋਧ ਅਤੇ ਕਾਮ ਇਨਸਾਨ ਦੇ ਵੈਰੀ ਹਨ, ਇਨ੍ਹਾਂ ਤੋਂ ਬਚਣ ਲਈ ਕਹਿੰਦਾ ਹੈ। ਉਹ ਇਨਸਾਨ ਨੂੰ ਰੂਹ ਤੋਂ ਰੂਹ ਤੱਕ ਪਹੁੰਚਣ ਦਾ ਸੰਦੇਸ਼ ਦਿੰਦਾ ਹੈ। ਉਹ ਇਨਸਾਨ ਨੂੰ ਵਿਓਪਾਰ ਬਣਨ ਤੋਂ ਰੋਕਦਾ ਹੈ। ਮੁਸ਼ਕਲਾਂ ਵਿਚੋਂ ਨਿਕਲਣ ਦਾ ਹਵਾਵਾਂ ਤੋਂ ਪੁੱਛੋ। ਖ਼ੁਸ਼ੀਆਂ ਇਨਸਾਨ ਦੇ ਅੰਦਰ ਹੀ ਹਨ, ਬਾਹਰ ਝਾਕਣ ਦੀ ਲੋੜ ਨਹੀਂ। ਭਟਕਣ ਦੀ ਥਾਂ ਸਹਿਜਤਾ ਦਾ ਪੱਲਾ ਫੜੋ, ਨਿਸ਼ਾਨਾ ਨਿਸਚਤ ਕਰਕੇ ਸਫਲਤਾ ਮਿਲ ਸਕਦੀ ਹੈ। ਚੁਸਤ ਚਾਲਾਕ ਲੋਕ ਮੋਹਰੀ ਹੋਏ ਫਿਰਦੇ ਹਨ ਅਤੇ ਲੋਕਾਂ ਵਿਚ ਵੰਡੀਆਂ ਪਾ ਕੇ ਮੌਜਾਂ ਕਰਦੇ ਹਨ। ਮਿਹਨਤ ਮੁਸ਼ੱਕਤ ਕਰਨ ਵਾਲੇ ਦੁੱਖ-ਦਰਦ ਹੰਢਾਉਂਦੇ ਹਨ। ਕਿਸਾਨ ਖ਼ੁਸ਼ਹਾਲ ਨਹੀਂ ਹੋ ਰਿਹਾ ਪ੍ਰੰਤੂ ਕਿਸਾਨਾਂ ਦੀਆਂ ਵਸਤਾਂ ਵੇਚਣ ਵਾਲੇ ਫ਼ੈਸਲੇ ਕਰ ਕੇ ਖ਼ੁਸ਼ਹਾਲ ਹੁੰਦੇ ਹਨ। ਗੁਰਭਜਨ ਗਿੱਲ ਨੌਜਵਾਨਾਂ ਨੂੰ ਜੀਵਨ ਵਿਚ ਸਫ਼ਲਤਾ ਲਈ ਸਵੈ-ਰੋਜ਼ਗਾਰ ਕਰਨ 'ਤੇ ਜ਼ੋਰ ਦਿੰਦਾ ਹੈ। ਪੰਜਾਬੀਆਂ ਦੀ ਅਣਖ਼, ਹਿੰਮਤ ਅਤੇ ਦਲੇਰੀ ਦੀਆਂ ਰੁਬਾਈਆਂ ਵੀ ਹਨ। ਜ਼ਿੰਦਗੀ ਸੰਘਰਸ਼ ਦਾ ਦੂਜਾ ਨਾਮ ਹੈ। ਹੌਸਲਾ ਸਫਲਤਾ ਦਾ ਸੰਕੇਤ ਹੈ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ। ਰੁਬਾਈਆਂ ਇਹ ਵੀ ਕਹਿ ਰਹੀਆਂ ਹਨ ਕਿ ਸਾਡੇ ਲੋਕ ਰਾਤੋ-ਰਾਤ ਅਮੀਰ ਹੋਣ ਦੇ ਸੁਪਨੇ ਸਿਰਜ ਕੇ ਗ਼ਲਤ ਰਸਤੇ ਪੈ ਰਹੇ ਹਨ। ਗੁਰਭਜਨ ਗਿੱਲ ਨੇ ਕਈ ਰੁਬਾਈਆਂ ਨੇਤਾਵਾਂ ਦੇ ਕਿਰਦਾਰ ਬਾਰੇ ਲਿਖੀਆਂ ਹਨ। ਸ਼ਾਇਰ ਨੇ ਸਮਾਜ ਦੇ ਸਾਰੇ ਵਰਗਾਂ ਦੇ ਹਿਤਾਂ 'ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਿਸਾਨਾਂ ਨਾਲ ਸਰਕਾਰਾਂ ਵੱਲੋਂ ਕੀਤੇ ਜਾਂਦੇ ਵਿਤਕਰੇ ਬਾਰੇ ਗੁਰਭਜਨ ਗਿੱਲ ਲਿਖਦੇ ਹਨ:-

ਲਾਲੀ ਤੇ ਹਰਿਆਲੀ ਵਾਲੀਆਂ ਹੁਣ ਜਦ ਪੈਲੀਆਂ ਖ਼ਤਰੇ ਵਿਚ ਨੇ,
ਸਿਰਲੱਥਾਂ, ਰਖਵਾਲਿਆਂ ਨੂੰ ਅੱਜ ਫੇਰ ਪੰਜਾਬ ਉਡੀਕ ਰਿਹਾ ਹੈ।
ਏਸੇ ਤਰ੍ਹਾਂ-ਸ਼ਬਦ ਵਿਹੂਣੀ ਬੰਜਰ ਧਰਤੀ, ਮਰਦੀ ਮਰਦੀ ਮਰ ਜਾਂਦੀ ਹੈ,
ਸੁਪਨੇ ਅੰਦਰ ਤੜਕਸਾਰ ਮੈਂ, ਵੇਖਿਆ ਇਹ ਪੰਜਾਬ ਦਾ ਚਿਹਰਾ।

ਤਿੰਨ ਖੇਤੀ ਕਾਨੂੰਨਾਂ ਬਾਰੇ ਗੁਰਭਜਨ ਗਿੱਲ ਨੇ ਕਿਸਾਨਾਂ ਦੀ ਜੱਦੋ-ਜਹਿਦ ਦਾ ਜ਼ਿਕਰ ਕਰਦਿਆਂ ਲਿਖਿਆ ਹੈ:-

ਰਾਜਿਆ ਰਾਜ ਕਰੇਂਦਿਆ, ਹੱਥ ਅਕਲ ਨੂੰ ਮਾਰ,
ਕਾਲੇ ਘੜੇ ਕਨੂੰਨ ਤੂੰ, ਮੱਚ ਗਈ ਹਾਹਾਕਾਰ।
ਕਿਰਤੀ ਅਤੇ ਕਿਸਾਨ ਨੂੰ ਪਾਲੇ ਧਰਤੀ ਮਾਤਾ,
ਖੋਹ ਨਾ ਮੂੰਹ 'ਚੋਂ ਬੁਰਕੀਆਂ, ਹੱਥ ਅਕਲ ਨੂੰ ਮਾਰ।

ਸ਼ਬਦ ਦੀ ਮਹੱਤਤਾ ਬਾਰੇ ਵੀ ਸ਼ਾਇਰ ਨੇ ਰੁਬਾਈਆਂ ਲਿਖੀਆਂ ਹਨ। ਸ਼ਬਦ ਦੇ ਲੜ ਲੱਗਣ ਦੀ ਪ੍ਰੇਰਨਾ ਦਿੰਦਾ ਹੈ। ਸਮਾਜ ਨੂੰ ਧੀ ਦੀ ਮਹੱਤਤਾ ਬਾਰੇ ਕਈ ਰੁਬਾਈਆਂ ਲਿਖੀਆਂ ਹਨ। ਧੀਆਂ ਦੀ ਦੁਰਦਸ਼ਾ ਦਾ ਵਰਨਣ ਕਰਦਾ ਸ਼ਾਇਰ ਲਿਖਦਾ ਹੈ:-

ਹਰ ਦੂਜੇ ਦਿਨ ਵੇਖ ਰਹੇ ਹਾਂ, ਜ਼ਿੰਦਗੀ ਹੈ ਬਘਿਆੜਾਂ ਅੱਗੇ।
ਧੀ ਪੁੱਛਦੀ ਹੈ ਬਾਬਲ ਕੋਲੋਂ, ਤੈਨੂੰ ਇਹ ਸੱਚ ਕਿੱਦਾਂ ਲੱਗੇ?
ਅੱਧੀ ਰਾਤੀਂ ਸਿਵਾ ਬਾਲਿਆ, ਸੂਰਜ ਤੋਂ ਕਾਨੂੰਨ ਵੀ ਕੰਬਿਆ,
ਸੂਰਮਿਆਂ ਦੀ ਧਰਤੀ ਉਤੇ, ਸਾਰੇ ਮਰਦ ਬਣੇ ਕਿਉਂ ਢੱਗੇ?
ਇਸ ਧਰਤੀ ਨੇ ਰੱਖਣੀ ਕਾਇਮ ਦਾਇਮ ਸ਼ਾਨ ਸਲਾਮਤ।
ਰੱਖਣੀ ਬਹੁਤ ਜ਼ਰੂਰੀ ਮਿੱਤਰੋ ਬਾਲੜੀਆਂ ਦੀ ਜਾਨ ਸਲਾਮਤ।
ਜਿਸ ਬਗੀਚੇ ਦਾ ਹੀ ਮਾਲੀ ਖਿੜਨੋਂ ਪਹਿਲਾਂ ਡੋਡੀਆਂ ਤੋੜੇ,
ਕਿੱਦਾਂ ਸਾਬਤ ਰਹਿ ਸਕਦਾ ਹੈ, ਉਸ ਨਗਰੀ ਈਮਾਨ ਸਲਾਮਤ।

ਸ਼ਾਇਰ ਇਹ ਵੀ ਲਿਖਦਾ ਹੈ, ਦੁੱਖ-ਸੁੱਖ ਦੋਵੇਂ ਜ਼ਿੰਦਗੀ ਦਾ ਹਿੱਸਾ ਹਨ:-

ਦੁੱਖ-ਸੁੱਖ ਦੋਵੇਂ ਬਰਾਬਰ ਤੁਰਦੇ ਜੀਵਨ ਪਹੀਏ।
ਧੁੱਪਾਂ ਨਾਲ ਬਰਾਬਰ ਛਾਵਾਂ ਜਿੱਥੇ ਮਰਜ਼ੀ ਰਹੀਏ।

ਬਗਲਿਆਂ ਨੂੰ ਪ੍ਰਤੀਕ ਦੇ ਤੌਰ 'ਤੇ ਇਹ ਸਮਾਜ ਦੇ ਦੋਖੀਆਂ ਲਈ ਵਰਤਿਆ ਹੈ। ਧਾਰਮਿਕ ਜਾਲ ਵਿਚ ਫਸਣ ਤੋਂ ਬਚਣਾ ਜ਼ਰੂਰੀ ਹੈ। ਧਾਰਮਿਕ ਕੱਟੜਵਾਦੀਆਂ ਨੂੰ ਨਿਸ਼ਾਨੇ 'ਤੇ ਲਿਆ ਅਤੇ ਹਉਮੈ ਨੂੰ ਤਿਆਗਣ 'ਤੇ ਜ਼ੋਰ ਦਿੱਤਾ ਹੈ। ਅਮੀਰ ਗ਼ਰੀਬ ਦਾ ਜ਼ਮੀਨ-ਅਸਮਾਨ ਦਾ ਫਰਕ ਹੈ। ਸ਼ਾਇਰ ਨੇ ਰਿਸ਼ਤਿਆਂ ਨੂੰ ਸਦਭਾਵਨਾ ਵਾਲੇ ਰੱਖਣ ਲਈ ਕਿਹਾ ਹੈ:-

ਕਦੇ ਮੁਸੀਬਤ ਆ ਜਾਵੇ ਤਾਂ, ਡਰਨਾ ਨਹੀਂ, ਘਬਰਾਉਣਾ ਵੀ ਨਾ,
ਰਿਸ਼ਤੇ ਤੇਰੀ ਢਾਲ ਬਣਨਗੇ, ਹਰ ਮੁਸ਼ਕਿਲ ਨੂੰ ਮੋੜ ਦੇਣਗੇ।

ਗੁਰਭਜਨ ਗਿੱਲ ਆਪਣੀਆਂ ਰੁਬਾਈਆਂ ਵਿਚ ਅਨੇਕਾਂ ਰੰਗ ਬਿਖੇਰ ਰਿਹਾ ਹੈ। ਜਿਹੜੇ ਲੋਕ ਹਿੰਮਤ ਨਹੀਂ ਕਰਦੇ, ਉਨ੍ਹਾਂ ਨੂੰ ਬਿਮਾਰਾਂ ਦਾ ਦਰਜਾ ਦਿੰਦਾ ਹੈ। ਜ਼ਿੰਦਗੀ ਦੇ ਸਫ਼ਰ ਵਿਚ ਇਨਸਾਨ ਨੂੰ ਆਪਣੇ ਤੋਂ ਜ਼ਿਆਦਾ ਸਫ਼ਲ ਲੋਕਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਤੁਹਾਡੇ ਪਿੱਛੇ ਵੀ ਹੋਰ ਲੋਕ ਹੁੰਦੇ ਹਨ। ਗ਼ਲਤੀ ਤੋਂ ਸਬਕ ਸਿੱਖਣਾ ਸਿਆਣਪ ਹੁੰਦੀ ਹੈ। ਕੂੜ ਦਾ ਭਾਂਡਾ ਇਕ ਨਾ ਇਕ ਦਿਨ ਟੁੱਟਣਾ ਹੀ ਹੁੰਦਾ, ਸਬਰ-ਸੰਤੋਖ ਇਨਸਾਨ ਦੇ ਗਹਿਣੇ ਹਨ। ਵਹਿਮ, ਭਰਮ ਅਤੇ ਭਟਕਣਾ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਦੁਨੀਆਂ ਮਤਲਬੀ ਹੈ, ਸੁੱਖ ਵੇਲੇ ਸਾਥ ਦਿੰਦੀ ਹੈ, ਦੁੱਖ ਮੌਕੇ ਸਾਥ ਛੱਡ ਜਾਂਦੀ ਹੈ। ਬਿਗਾਨੀ ਆਸ 'ਤੇ ਕਦੇ ਵੀ ਨਾ ਰਹੋ। ਹਰ ਵਕਤ ਚੁਸਤੀ ਚਲਾਕੀ ਹੀ ਨਹੀਂ ਕਰਦੇ ਰਹਿਣਾ ਚਾਹੀਦਾ। ਮਿਹਨਤ ਦਾ ਫ਼ਲ ਹਮੇਸ਼ਾ ਮਿੱਠਾ ਹੁੰਦਾ:-


ਖੰਭਾਂ ਵਾਲੇ ਮੁੜ ਆਉਂਦੇ ਨੇ ਸੂਰਜ ਤੀਕ ਉਡਾਰੀ ਭਰ ਕੇ।
ਹਿੰਮਤ ਵਾਲੇ ਰੋਜ਼ ਪਰਤਦੇ ਡੂੰਘੇ ਸ਼ਹੁ ਸਾਗਰ ਨੂੰ ਤਰਕੇ।
ਬੇਹਿੰਮਤੇ ਤਾਂ ਬੈਠੇ ਰਹਿੰਦੇ ਮਰ ਗਏ ਮਰ ਗਏ ਕਹਿੰਦੇ,
ਤੁਰਦੇ ਨਹੀਂ, ਬੱਸ ਰੀਂਘ ਰਹੇ ਨੇ, ਜੀਂਦੇ ਜੀਅ ਹੀ ਮੌਤੋਂ ਡਰ ਕੇ।

ਜਲ ਕਣ ਰੁਬਾਈ ਸੰਗ੍ਰਹਿ 144 ਪੰਨਿਆਂ, 200 ਰੁਪਏ ਕੀਮਤ, ਸਚਿਤਰ ਰੰਗਦਾਰ ਮੁੱਖ ਕਵਰ ਅਤੇ ਰਵੀ ਪ੍ਰਕਾਸ਼ਨ ਅੰਮ੍ਰਿਤਸਰ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ।

# ਬਦਲ ਰਹੇ ਮੌਸਮ ਵਿੱਚ ਖੰਘ ਨੇ ਕੀਤਾ ਪ੍ਰੇਸ਼ਾਨ

"ਸ਼ੁਰੂ ਵਿਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿਚ ਕਮਜ਼ੋਰ ਤੇ ਬਜ਼ੁਰਗਾਂ ਲਈ ਵਾਰ-ਵਾਰ ਥੁੱਕਣਾ ਮੁਸ਼ਕਲ ਹੋ ਜਾਂਦਾ ਹੈ।- ਅਨਿਲ ਧੀਰ


ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)



ਫੇਫੜਿਆਂ ਦੀ ਆਮ ਬਿਮਾਰੀ ਖੰਘ ਦਾ ਹਰ ਮੌਸਮ ਸਰਦੀ, ਗਰਮੀ ਤੇ ਬਰਸਾਤ ਵਿਚ ਅਸਰ ਦੇਖਿਆ ਜਾਂਦਾ ਹੈ। ਬੱਚੇ, ਨੌਜਵਾਨ ਤੇ ਬਜ਼ੁਰਗਾਂ ਲਈ ਇਸ ਹਾਲਤ ਵਿਚ ਕੋਈ ਵੀ ਕੰਮ ਕਰਨਾ ਔਖਾ ਹੀ ਨਹੀਂ, ਕਦੇ-ਕਦੇ ਨਾਮੁਮਕਿਨ ਵੀ ਹੋ ਜਾਂਦਾ ਹੈ। ਸ਼ੁਰੂ ਵਿਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿਚ ਕਮਜ਼ੋਰ ਤੇ ਬਜ਼ੁਰਗਾਂ ਲਈ ਵਾਰ-ਵਾਰ ਥੁੱਕਣਾ ਮੁਸ਼ਕਲ ਹੋ ਜਾਂਦਾ ਹੈ।

ਖੰਘ ਸਰੀਰ ਅੰਦਰ ਪ੍ਰਤੀਕਰਮ ਦਾ ਤਰੀਕਾ ਹੈ, ਜਦੋਂ ਕੋਈ ਚੀਜ਼ ਗਲੇ ਅੰਦਰ ਹਵਾ ਦੇ ਰਸਤੇ ਨੂੰ ਪਰੇਸ਼ਾਨ ਕਰਦੀ ਹੈ। ਚਿੜਚਿੜੇਪਨ ਤੰਤੂਆਂ ਨੂੰ ਉਤੇਜਿਤ ਕਰਕੇ ਦਿਮਾਗ ਨੂੰ ਸੰਦੇਸ਼ ਭੇਜਦੇ ਹਨ। ਦਿਮਾਗ ਛਾਤੀ ਅਤੇ ਪੇਟ ਦੀਆਂ ਮਾਸਪੇਸ਼ੀਆਂ ਦੇ ਐਕਸ਼ਨ ਨਾਲ ਫੇਫੜਿਆਂ ਅੰਦਰੋਂ ਹਵਾ ਦੇ ਧੱਕੇ ਨਾਲ ਬਾਹਰ ਆਉਣ ਦੀ ਕ੍ਰਿਆ ਨੂੰ ਖੰਘ ਕਿਹਾ ਜਾਂਦਾ ਹੈ।

ਮਿੱਟੀ-ਘੱਟੇ ਵਾਲਾ, ਜ਼ਿਆਦਾ ਹੀਟ ਤੇ ਠੰਢ ਦੇ ਮਾਹੌਲ ਤੇ ਮੌਸਮ ਵਿਚ ਬਦਲਾਅ, ਐਲਰਜੀ, ਕਮਜ਼ੋਰ ਫੇਫੜੇ, ਨਿਮੂਨਿਆ, ਦਮਾ ਰਹਿਣ ਕਰਕੇ ਖਾਂਸੀ ਸ਼ੁਰੂ ਹੋ ਜਾਂਦੀ ਹੈ। ਖੰਘ ਦੀ ਹਾਲਤ ਵਿਚ ਨੀਂਦ ਨਾ ਆਉਣ ਕਰਕੇ ਸਿਰ ਦਰਦ, ਚੱਕਰ ਆਉਣਾ ਦੇ ਨਾਲ ਲਗਾਤਾਰ ਥਕਾਵਟ ਮਹਿਸੂਸ ਹੁੰਦੀ ਹੈ। ਆਮ ਹਾਲਤ ਵਿਚ ਖਿਆਲ ਨਾ ਰੱਖਣ ਨਾਲ ਬਿਮਾਰੀ ਵੱਧ ਜਾਂਦੀ ਹੈ। ਠੰਡ ਵਿਚ ਛੋਟੇ ਬਚਿਆਂ ਦਾ ਖਾਸ ਖਿਆਲ ਰੱਖੋ। ਖੰਘ ਤੋਂ ਤੰਗ ਲੋਕ ਖੰਘ ਦੀ ਆਮ ਹਾਲਤ ਵਿਚ ਘਰੇਲੂ ਰੇਮੇਡੀਜ਼ ਦਾ ਫਾਇਦਾ ਲੈ ਸਕਦੇ ਹਨ।




## ਆਪਣਾ ਖਿਆਲ ਰੱਖੋ:

■ ਗਲੇ ਤੇ ਨੱਕ ਦੀ ਸਫਾਈ ਅਤੇ ਖੰਘ-ਜ਼ੁਕਾਮ ਦੀ ਹਾਲਤ ਵਿਚ 2-3 ਵਾਰ ਸਟੀਮ (ਭਾਫ) ਲਵੋ। ਘਰ ਅੰਦਰ ਪਤੀਲੇ ਵਿਚ ਪਾਣੀ, ਚੁਟਕੀ ਨਮਕ ਪਾ ਕੇ ਉਬਾਲੋ। ਮੂੰਹ-ਸਿਰ ਟਾਵਲ ਨਾਲ ਢੱਕ ਗਰਮ ਪਤੀਲੇ ਤੋਂ ਮੂੰਹ ਥੋੜ੍ਹਾ ਦੂਰ ਰੱਖ ਕੇ ਲੰਬਾ ਸਾਹ ਲੈਂਦੇ ਹੋਏ ਭਾਫ ਲੈਣ ਨਾਲ ਆਰਾਮ ਮਿਲਦਾ ਹੈ।

■ ਆਈਸਕ੍ਰੀਮ, ਕੋਲਡ ਡ੍ਰਿੰਕਸ, ਜੰਕ-ਫੂਡ ਯਾਨਿ ਤਲੀਆਂ, ਮਸਾਲੇਦਾਰ ਤੇ ਖੱਟੇ ਪਦਾਰਥਾਂ ਦਾ ਸੇਵਨ ਨਾ ਕਰੋ।

■ ਗਰਮ ਪਾਣੀ ਵਿਚ ਸ਼ਹਿਦ ਮਿਕਸ ਕਰਕੇ ਲਗਾਤਾਰ ਪੀਓ। ਘਰੇਲੂ ਗਰਮ ਮਿਕਸ ਵੈਜ਼ੀਟੇਬਲ ਤੇ ਚਿਕਨ ਸੂਪ ਕਾਲੀ ਮਿਰਚ ਪਾਊਡਰ ਮਿਲਾ ਕੇ ਵਾਰ-ਵਾਰ ਇਸਤੇਮਾਲ ਕਰੋ। ਅਦਰਕ-ਕਾਲੀ ਮਿਰਚ, ਸ਼ਹਿਦ ਵਾਲੀ ਜਾਂ ਦੇਸੀ ਚਾਹ ਸੇਵਨ ਕਰੋ।

■ ਛੋਟੇ ਬੱਚਿਆਂ ਨੂੰ ਸ਼ਹਿਦ ਚਟਾਓ। ਛਾਤੀ 'ਤੇ ਥੋੜੀ ਵਿਕਸ ਲਗਾ ਸਕਦੇ ਹੋ। ਛਾਤੀ 'ਤੇ ਘੱਟ ਗਰਮ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨੀ ਚਾਹੀਦੀ ਹੈ।

■ ਜ਼ਿਆਦਾ ਖਾਂਸੀ ਦੀ ਹਾਲਤ ਵਿਚ ਆਯੁਰਵੈਦਿਕ ਚੂਰਨ ਸਿਤੋਪਲਾਦੀ ਸ਼ਹਿਦ ਮਿਲਾ ਕੇ ਇਸਤੇਮਾਲ ਕਰੋ।

■ ਸੁੱਕੀ ਖੰਘ ਵਿਚ ਛੋਟੀ ਇਲਾਚੀ, ਲੌਂਗ, ਮਿਸ਼ਰੀ ਚੂਸਦੇ ਰਹੋ। ਤਵੇ 'ਤੇ ਮੁਨੱਕਾ ਭੁੰਨ ਕੇ ਚੂਸਣ ਨਾਲ ਰਾਹਤ ਮਿਲਦੀ ਹੈ।

■ ਬਲਗਮ ਵਾਲੀ ਖੰਘ ਵਿਚ ਗਰਮ ਦੁੱਧ ਹਲਦੀ ਪਾਊਡਰ, ਸ਼ਹਿਦ ਮਿਕਸ ਕਰਕੇ ਸੇਵਨ ਕਰੋ।

■ ਸ਼ਕੀਨੀ ਛੱਡੋ, ਘਰੋਂ ਬਾਹਰ ਜਾਣ ਵੇਲੇ ਬੱਚਿਆਂ ਦੇ ਤੇ ਆਪਣੇ ਮੌਸਮ ਮੁਤਾਬਕ ਕੱਪੜੇ ਪਾਓ।

■ ਅਲਕੋਹਲ ਅਤੇ ਹਰ ਕਿਸਮ ਦੇ ਨਸ਼ੇ ਫੇਫੜਿਆਂ ਲਈ ਜ਼ਹਿਰ ਸਾਬਿਤ ਹੋ ਰਹੇ ਹਨ।

**ਨੋਟ:** ਅੱਜ ਵੀ ਕੋਵਿਡ ਦੇ ਕਈ ਵੇਰੀਏਂਟਸ ਦੇ ਚਲਦੇ ਹੋਏ ਲਗਾਤਾਰ ਸੁੱਕੀ ਤੇ ਬਲਗਮ ਵਾਲੀ ਖੰਘ ਦੀ ਹਾਲਤ ਵਿਚ ਲਾਪ੍ਰਵਾਹੀ ਨਾ ਵਰਤੋ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ। ਵਰਕ-ਪਲੇਸ 'ਤੇ ਕੰਮ ਦੌਰਾਣ ਮੂੰਹ ਢੱਕ ਕੇ ਅਤੇ ਸਹੀ ਦੂਰੀ ਬਣਾ ਕੇ ਰੱਖੋ। ਘਰ ਦੇ ਆਮ ਰੇਮੀਡੀਜ਼ ਨਾਲ ਠੀਕ ਨਾ ਹੋਣ ਦੀ ਹਾਲਤ ਵਿਚ ਤੁਰੰਤ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

# ਮੁਸੀਬਤ ਬਣ ਸਕਦੈ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਰੁਝਾਨ

ਬ੍ਰਿਸ਼ ਭਾਨ ਬੁਜਰਕ
ਕਾਹਨਗੜ੍ਹ ਪਾਤੜਾਂ
ਜ਼ਿਲ੍ਹਾ ਪਟਿਆਲਾ : 98761-01698
(Punjab Mail USA)





ਪੰਜਾਬ ਦੇ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦਾ ਰੁਝਾਨ ਰਾਜ ਦੀ ਸੱਤਾਧਾਰੀ ਪਾਰਟੀ ਲਈ ਮੁਸੀਬਤਾਂ ਖੜ੍ਹੀਆਂ ਕਰ ਸਕਦਾ ਹੈ ਕਿਉਂਕਿ ਇਸ ਵਾਰ ਦਿੱਲੀ ਨੂੰ ਜਾਣ ਵਾਲਾ ਧੂੰਆਂ ਕਾਂਗਰਸ ਜਾਂ ਅਕਾਲੀ ਦਲ ਦਾ ਨਹੀਂ, ਸਗੋਂ ਆਮ ਆਦਮੀ ਪਾਰਟੀ ਦਾ ਹੋਵੇਗਾ। ਪੰਜਾਬ ਦੇ ਕਿਸਾਨਾਂ ਵੱਲੋਂ ਹਰ ਸਾਲ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ। ਪਰਾਲੀ ਦਾ ਇਹ ਧੂੰਆਂ ਹਰਿਆਣੇ ਵਿਚੋਂ ਹੁੰਦਾ ਹੋਇਆ ਦਿੱਲੀ ਤੱਕ ਵੀ ਪੁੱਜ ਜਾਂਦਾ ਹੈ ਅਤੇ ਦਿਨ-ਦਿਹਾੜੇ ਹੀ ਰਾਤ ਮਹਿਸੂਸ ਹੋਣ ਲੱਗਦੀ ਹੈ। ਇਸ ਤੋਂ ਬਿਨ੍ਹਾਂ ਜ਼ਹਿਰੀਲੇ ਧੂੰਏ ਕਾਰਨ ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਿਲ ਹੋ ਜਾਂਦਾ ਹੈ ਅਤੇ ਸੰਘਣੇ ਧੂੰਏ ਕਾਰਨ ਕਈ ਵਾਰ ਸੜਕ ਹਾਦਸੇ ਵੀ ਹੋ ਜਾਂਦੇ ਹਨ। ਪਰ ਝੋਨੇ ਦੀ ਪਰਾਲੀ ਦਾ ਇਹ ਜ਼ਹਿਰੀਲਾ ਧੂੰਆਂ ਕਿਸਾਨ ਦੇ ਆਪਣੇ ਅਤੇ ਉਸ ਦੇ ਪਰਿਵਾਰ ਦੇ ਫੇਫੜਿਆਂ ਵਿਚੋਂ ਲੰਘ ਕੇ ਅੱਗੇ ਜਾਂਦਾ ਹੈ। ਕਣਕ ਦੇ ਨਾੜ ਨਾਲੋਂ ਝੋਨੇ ਦੀ ਪਰਾਲੀ ਦਾ ਧੂੰਆਂ ਇਸ ਕਰਕੇ ਵੀ ਜ਼ਿਆਦਾ ਖਤਰਨਾਕ ਹੁੰਦਾ ਹੈ ਕਿਉਂਕਿ ਝੋਨੇ ਦੇ ਗਿੱਲੇ ਨਾੜ ਨੂੰ ਅੱਗ ਲਗਾਈ ਜਾਂਦੀ ਹੈ। ਜਿਸ ਕਰਕੇ ਧੂੰਆਂ ਸੰਘਣਾ ਅਤੇ ਚਿੱਟਾ ਹੁੰਦਾ ਹੈ। ਇਸ ਧੂੰਏ ਨੂੰ ਰੋਕਣ ਅਤੇ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਹਰ ਸਾਲ ਕਰੋੜਾਂ ਰੁਪਏ ਦੀ ਮਸ਼ੀਨਰੀ ਕਿਸਾਨਾਂ ਨੂੰ ਸਬਸਿਡੀ ’ਤੇ ਦਿੱਤੀ ਜਾਂਦੀ ਹੈ। ਸਾਲ 2018-19 ਤੋਂ ਲੈ ਕੇ ਸਾਲ 2021-22 ਤੱਕ ਝੋਨੇ ਦੀ ਪਰਾਲੀ ਨੂੰ ਸੰਭਾਲਣ ਲਈ ਸਬਸਿਡੀ ਵਾਲੀਆਂ 90422 ਮਸ਼ੀਨਾਂ ਦਿੱਤੀਆਂ ਗਈਆ ਪਰ ਮਸ਼ੀਨਾਂ ਦੀ ਖਰੀਦ ’ਚ ਕਰੋੜਾਂ ਰੁਪਏ ਦਾ ਘਪਲਾ ਹੋਇਆ ਕਿਉਂਕਿ ਜ਼ਿਆਦਾਤਰ ਕਿਸਾਨ ਮਸ਼ੀਨਾਂ ਦੀ ਖਰੀਦ ਨਹੀਂ ਕਰਦੇ, ਸਨਅਤਾਂ ਅਤੇ ਖੇਤੀਬਾੜੀ ਵਿਭਾਗ ਦੇ ਅਫਸਰਾਂ ਨਾਲ ਮਿਲ ਕੇ ਸਬਸਿਡੀ ਖਾ ਜਾਂਦੇ ਹਨ ਜਾਂ ਫਿਰ ਮਸ਼ੀਨਾਂ ਖਰੀਦ ਕੇ ਵੇਚ ਦਿੰਦੇ ਹਨ। ਮਾਰਚ 2009 ਦੀ ਇੱਕ ਰਿਪੋਰਟ ਮੁਤਾਬਿਕ ਪੰਜਾਬ ਵਿਚ ਚਾਰ ਲੱਖ 92 ਹਜ਼ਾਰ ਟਰੈਕਟਰ, ਤਿੰਨ ਲੱਖ ਪਾਵਰ ਟਿਲਰ, ਤਿੰਨ ਲੱਖ ਪੰਜਾਹ ਹਜ਼ਾਰ ਥਰੈਸ਼ਰ, 25 ਹਜ਼ਾਰ ਗੰਨਾ ਪੀੜਨ ਵਾਲੇ ਯੰਤਰ ਅਤੇ ਹੋਰ ਮਸ਼ੀਨਰੀ ਮੌਜੂਦ ਸੀ। ਜਦੋਂਕਿ ਕੰਬਾਈਨਾਂ, ਰੀਪਰ, ਰੋਟਾਵੇਟਰ ਸਮੇਤ ਅਰਬਾਂ ਰੁਪਏ ਦੀ ਹੋਰ ਬੇਲੋੜੀ ਮਸ਼ੀਨਰੀ ਕਿਸਾਨਾਂ ਦੇ ਘਰਾਂ ’ਚ ਖੜ੍ਹੀ ਹੋਣ ਦੇ ਬਾਵਜੂਦ ਵੀ ਪਰਾਲੀ ਦਾ ਪੱਕੇ ਤੌਰ ’ਤੇ ਕੋਈ ਹੱਲ ਨਹੀਂ ਹੋ ਸਕਿਆ। ਸਾਲ 2018-19 ਤੋਂ ਲੈ ਕੇ ਸਾਲ 2021-22 ਤੱਕ ਸਬਸਿਡੀ ਵਾਲੀਆਂ 90422 ਕਰੋੜਾਂ ਰੁਪਏ ਦੀਆਂ ਮਸ਼ੀਨਾਂ ਕਿਸਾਨਾਂ ਨੂੰ ਦਿੱਤੀਆਂ ਗਈਆਂ। ਸੰਗਰੂਰ ਜ਼ਿਲ੍ਹੇ ਅੰਦਰ ਇਨ੍ਹਾਂ ਪੰਜ ਸਾਲਾਂ ਦੌਰਾਨ ਕਿਸਾਨਾਂ ਨੂੰ 790 ਮਸ਼ੀਨਾਂ ਦਿੱਤੀਆਂ ਗਈਆਂ। ਪਰਾਲੀ ਪ੍ਰਦੂਸ਼ਣ ਦਾ ਦੂਸਰਾ ਵੱਡਾ ਕਾਰਨ ਕਣਕ ਨਾਲੋਂ ਝੋਨੇ ’ਤੇ ਕੀਟਨਾਸ਼ਕ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵੀ ਜ਼ਿਆਦਾ ਹੁੰਦੀ ਹੈ, ਜਿਸ ਕਰਕੇ ਧੂੰਆਂ ਜ਼ਹਿਰੀਲਾ ਹੋਣ ਕਰਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਕਰਦਾ ਹੈ। ਪਰਾਲੀ ਨੂੰ ਅੱਗ ਲੱਗਣ ਕਾਰਨ ਨੇੜੇ ਖੜ੍ਹੇ ਰੁੱਖ ਅਤੇ ਜ਼ਮੀਨ ਵਿਚ ਰਹਿਣ ਵਾਲੇ ਮਿੱਤਰ ਕੀੜੇ ਵੀ ਅੱਗ ’ਚ ਸੜ੍ਹ ਜਾਂਦੇ ਹਨ। ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਲਈ ਕਿਸਾਨਾਂ ਵੱਲੋ ਝੋਨੇ ਦੀ ਪਰਾਲੀ ਨੂੰ ਲਗਾਈ ਜਾਂਦੀ ਅੱਗ ਹੀ ਜ਼ਿੰਮੇਵਾਰ ਹੈ ਜਾਂ ਫਿਰ ਹੋਰ ਵੀ ਕਈ ਅਜਿਹੇ ਸਾਧਨ ਹਨ। ਜਿਨ੍ਹਾਂ ਰਾਹੀਂ ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਪਿਛਲੀ ਸਰਕਾਰ ਵੱਲੋਂ ਝੋਨੇ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਬਣਾਏ ਗਏ ਨਵੇਂ ਨਿਯਮਾਂ ਮੁਤਾਬਿਕ 2 ਏਕੜ ਝੋਨੇ ਦੀ ਪਰਾਲੀ ਸਾੜਨ ਵਾਲੇ ਕਿਸਾਨ ਨੂੰ 2500 ਰੁਪਏ ਜੁਰਮਾਨਾ, ਪੰਜ ਏਕੜ ਤੱਕ ਪੰਜ ਹਜ਼ਾਰ, ਪੰਜ ਏਕੜ ’ਤੋਂ ਤੇ ਝੋਨੇ ਦੀ ਪਰਾਲੀ ਸਾੜਨ ਵਾਲੇ ਨੂੰ ਪੰਦਰਾਂ ਹਜ਼ਾਰ ਰੁਪਏ ਜੁਰਮਾਨਾ ਲਗਾਉਣ ਦੀ ਯੋਜਨਾ ਤਿਆਰ ਕੀਤੀ ਗਈ ਸੀ। ਕਿਉਂਕਿ ਇੱਕ ਹੈਕਟੇਅਰ ਵਿਚ ਪਰਾਲੀ ਨੂੰ ਅੱਗ ਲਗਾਉਣ ਨਾਲ ਅੰਦਾਜ਼ਨ 30 ਕਿਲੋ ਨਾਈਟ੍ਰੋਜਨ, 13 ਕਿਲੋ ਫਾਸਫੋਰਸ, 30 ਕਿਲੋ ਪੋਟਾਸ਼, 6 ਕਿਲੋ ਸਲਫਰ, 2400 ਕਿਲੋ ਕਾਰਬਨ ਸੜ ਕੇ ਸੁਆਹ ਹੋ ਜਾਂਦੇ ਹਨ। ਪਰ ਕਿਸੇ ਨਾ ਕਿਸੇ ਮੋੜ ’ਤੇ ਪਰਾਲੀ ਨੂੰ ਅੱਗ ਲਗਾਉਣ ਵਾਲੇ ਵਰਤਾਰੇ ਲਈ ਸਰਕਾਰਾਂ ਨੂੰ ਕਿਸਾਨਾਂ ਤੋਂ ਵੱਧ ਕਸੂਰ ਵਾਰ ਮੰਨਿਆ ਜਾ ਸਕਦਾ ਹੈ। ਕਿਉਂਕਿ ਪਰਾਲੀ ਦੀ ਸਾਂਭ ਸੰਭਾਲ, ਜ਼ਮੀਨ ਵਿਚ ਪਰਾਲੀ ਗਾਲਣ ਆਦਿ ਲਈ ਸਰਕਾਰ ਵੱਲੋਂ ਕੋਈ ਯੋਗ ਪ੍ਰਬੰਧ ਨਹੀਂ ਕੀਤੇ ਜਾਂਦੇ। ਸਰਕਾਰ ਵੱਲੋਂ ਝੋਨੇ ਦੇ ਸੀਜਨ ਤੋਂ ਬਾਅਦ ਬਿਜਲੀ ਸਪਲਾਈ ਕੁਝ ਘੰਟੇ ਹੀ ਦਿੱਤੀ ਜਾਂਦੀ ਹੈ, ਜਦੋਂਕਿ ਪਰਾਲੀ ਨੂੰ ਜ਼ਮੀਨ ਵਿਚ ਖਤਮ ਕਰਨ ਲਈ ਬਿਜਲੀ ਚਾਹੀਦੀ ਹੈ, ਜਿਸ ਨਾਲ ਕਿਸਾਨ ਪਰਾਲੀ ਨਾਲ ਭਰੇ ਖੇਤ ਨੂੰ ਪਾਣੀ ਦੇ ਕੇ ਪਰਾਲੀ ਨੂੰ ਗਾਲ ਸਕਣ ਪਰ ਅਜਿਹਾ ਕੁਝ ਵੀ ਨਹੀਂ ਹੁੰਦਾ। ਪੰਜਾਬ ਵਿਚ ਕੁਝ ਕਿਸਾਨਾਂ ਨੇ ਜ਼ੀਰੋ ਡਰਿਲ ਰਾਹੀਂ ਪਰਾਲੀ ਦੇ ਵਿਚ ਹੀ ਕਣਕ ਬੀਜਣ ਦਾ ਤਜਰਬਾ ਕੀਤਾ ਹੈ ਪਰ ਪਰਾਲੀ ਜ਼ਿਆਦਾ ਹੋਣ ਕਰਕੇ ਜ਼ਮੀਨ ਵਿਚ ਚੂਹੇ ਖੁੱਡਾਂ ਬਣਾ ਲੈਂਦੇ ਹਨ, ਜਿਸ ਕਰਕੇ ਕਣਕ ਦੇ ਬੀਜ ਦਾ ਨੁਕਸਾਨ ਹੁੰਦਾ ਹੈ। ਪੰਜਾਬ ਵਿਚ ਜ਼ੀਰੋ ਡਰਿਲ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਹੀ ਨਾਮਾਤਰ ਹੈ। ਅਸਲ ਵਿਚ ਜ਼ੀਰੋ ਡਰਿਲ, ਰੋਟਾਵੇਟਰ ਹਰ ਪਤਾ ਨਹੀਂ ਕਿੰਨ੍ਹਾ ਕੁ ਸੰਦ ਸੰਦੇੜਾ ਕੰਪਨੀਆਂ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨੂੰ ਝੋਨੇ ਦੀ ਪਰਾਲੀ ਦਾ ਪੱਕਾ ਹੱਲ ਕਰਨ ਦੱਸ ਕੇ ਕਿਸਾਨਾਂ ਦੇ ਘਰ ਮਹਿੰਗੀ ਮਸ਼ੀਨਰੀ ਨਾਲ ਭਰੇ ਜਾ ਰਹੇ ਹਨ। ਜਿਸ ਤਰ੍ਹਾਂ ਕੰਬਾਈਨ ’ਤੇ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ/ ਸੁਪਰ ਐੱਸ.ਐੱਮ.ਐੱਸ. ਲਗਾਉਣਾ ’ਤੇ ਇਸੇ ਹੀ ਸਿਸਟਮ ਵਾਲੀ ਕੰਬਾਈਨ ਨਾਲ ਝੋਨੇ ਦੀ ਕਟਾਈ ਕਰਵਾਉਣੀ। ਇਸ ਤਰ੍ਹਾਂ ਦੀ ਕਟਾਈ ਆਮ ਨਾਲੋਂ ਤਿੰਨ-ਚਾਰ ਸੌ ਪ੍ਰਤੀ ਏਕੜ ਵੱਧ ਹੋਣ ਦੇ ਨਾਲ ਹੀ ਕੰਬਾਈਨ ਵੱਲੋਂ ਸੁੱਟੇ ਜਾਂਦੇ ਦਾਣੇ ਵੀ ਨਜ਼ਰ ਨਹੀਂ ਪੈਂਦੇ, ਜਿਸ ਕਰਕੇ ਕਿਸਾਨ ਦਾ ਦੂਹਰਾ ਨੁਕਸਾਨ ਹੁੰਦਾ ਹੈ ਅਤੇ ਕੰਬਾਈਨ ਮਾਲਕ ’ਤੇ ਵੀ ਕੰਪਨੀਆਂ ਨੇ ਖਰਚੇ ਦਾ ਹੋਰ ਭਾਰ ਵਧਾ ਦਿੱਤਾ। ਪਰ ਪਰਾਲੀ ਦਾ ਪੱਕੇ ਤੌਰ ’ਤੇ ਕੋਈ ਹੱਲ ਫਿਰ ਵੀ ਨਹੀਂ ਹੋਇਆ। ਹੁਣ ਵੇਖਣਾ ਇਹ ਹੈ ਕਿ ਵਾਤਾਵਰਨ ਪ੍ਰੇਮੀ ਅਤੇ ਆਮ ਆਦਮੀ ਪਾਰਟੀ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਝੋਨੇ ਦੀ ਪਰਾਲੀ ਸਾੜਨ ਵਾਲੀ ਇਸ ਸਮੱਸਿਆ ਦੇ ਹੱਲ ਲਈ ਕਿਹੜੀ ਨਵੀਂ ਯੋਜਨਾ ਲੈ ਕੇ ਆਉਂਦੇ ਹਨ, ਕਿਉਂਕਿ ਦਿੱਲੀ ’ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ।

# ਪਜ਼ਾਮਾ ਫੁੱਲਾਂ ਵਾਲਾ...

## ਸੰਗੀਤਕ ਰਾਗ ਧੁੰਨੀਆਂ ਮਨਾਂ ਵਿਚ ਪਿਆਰ ਮੁਹੱਬਤ ਦੀ ਸਜਾ ਸਕਦੀਆਂ ਹਨ : ਅਮਰਜੀਤ ਟਾਂਡਾ

ਡਾ. ਅਮਰਜੀਤ ਟਾਂਡਾ
drtanda193@gmail.com
+61 417271147
(Punjab Mail USA)





ਸੰਗੀਤ ਜੇ ਵਧੀਆ ਹੋਵੇ ਤਾਂ ਫੁੱਲ ਖਿੜਾ ਦੇਵੇ।

ਗੀਤ ਜੇ ਸੋਹਣਾ ਲਿਖਿਆ ਗਾਇਆ ਜਾਵੇ, ਤਾਂ ਹਰ ਇਕ ਦੇ ਬੁੱਲਾਂ ’ਤੇ ਆ ਜਾਵੇ।

ਸਵੇਰੇ ਦੀਆਂ ਪਹਿਲੀਆਂ ਰਿਸ਼ਮਾਂ ਹੁੰਦਾ ਹੈ ਸੰਗੀਤ।

ਰਾਤਾਂ ਕਿਉਂ ਉਨੀਂਦਰੀਆਂ ਰਹਿੰਦੀਆਂ ਹਨ। ਇੱਕ ਸ਼ਬਦ ਹੀ ਹੈ ਕਿ ਉਸ ਵੇਲੇ ਸਰਾਣ੍ਹੇ ਗੀਤ ਨਹੀਂ ਹੁੰਦਾ।

ਸੰਗੀਤ ਦੀ ਚਾਦਰ ਨਹੀਂ ਹੁੰਦੀ ਓੜਨ ਵਾਲੀ।

ਮਾਹੀ ਯਾਦ ਆਉਂਦਾ ਰਹਿੰਦਾ ਹੈ। ਇਕੱਲਿਆਂ ਕਾਲੀਆਂ ਰਾਤਾਂ ਪਹਾੜਾਂ ਵਰਗੀਆਂ ਵੀ ਕਿਹੜਾ ਗੁਜ਼ਰਦੀਆਂ ਹਨ। ਉਪਰੋਂ ਹਵਾਵਾਂ ਨਾ ਅੱਖ ਲਾਉਣ ਦੇਣ ਚੰਦਰੀਆਂ ਸੌਕਣਾਂ।

ਦਿਲ ਨੂੰ ਲੱਗੇ ਵਿਯੋਗ ਦਾ ਅਜੇ ਤੱਕ ਕਿਸੇ ਨੂੰ ਇਲਾਜ ਨਹੀਂ ਲੱਭਿਆ।

ਚੰਦਰੇ ਝੂਠੇ ਲਾਰੇ ਵੀ ਕਿਹੜਾ ਸੌਣ ਦਿੰਦੇ ਹਨ।

ਪਲਕਾਂ ’ਤੇ ਆ ਕੇ ਸੁੱਕੇ ਅੱਥਰੂ ਇਕ ਕਥਾ ਕਹਾਣੀ ਬਣ ਜਾਂਦੇ ਹਨ।

ਪਲਾਂ ਵਿਚ ਹੀ ਕਿਸੇ ਲਈ ਇਕ ਪ੍ਰੇਮ ਕਹਾਣੀ ਉਣੀ ਜਾਂਦੀ ਹੈ। ਬਨੇਰਿਆਂ ਵਿਹੜੇ ਵਿਚ ਖ਼ੁਸ਼ੀਆਂ ਦੀ ਥਾਂ ਬਿਰਹਾ ਨੱਚਣ ਲੱਗ ਜਾਂਦਾ ਹੈ।

ਵਾਲ ਵਾਉਂਦਿਆਂ ਆਈ ਕਿਸੇ ਸੋਹਣੇ ਦੀ ਯਾਦ। ਸੁਰੀਲਾ ਗੀਤ ਗੁਣਗੁਣਾਉਣ ਲੱਗਦੀ ਹੈ। ਓਦੋਂ ਹੀ ਪੈਂਦੀ ਹੈ ਸ਼ੀਸ਼ੇ ਨੂੰ ਤ੍ਰੇੜ।

ਤੇ ਆਪਣੇ ਆਪ ਸ਼ੀਸ਼ਾ ਵੀ ਮੁਸਕਰਾਉਣ ਲੱਗਦਾ ਹੈ।

ਚੇਤੇ ਵਿਚ ਹੀ ਨਹੀਂ ਰਹਿੰਦਾ ਦੁੱਧ ਉਬਾਲੇ ਲੈਂਦਾ।

ਇੰਝ ਹੀ ਹਜ਼ਾਰਾਂ ਰੂਹਾਂ ਸੁੱਚੇ-ਉੱਚੇ ਸੁਰ ਤਰਜ਼ ਬਿਨ ਸੌਂਦੀਆਂ ਹਨ।

ਪਿਆਸੀਆਂ ਮਰ ਜਾਂਦੀਆਂ ਹਨ ਗੀਤਾਂ ਬਗ਼ੈਰ।

ਓਦੋਂ ਗੀਤ-ਸੰਗੀਤ ਪੁਰਾਣੇ ਸਮਿਆਂ ਦਾ ਆ ਲੋਰੀਆਂ ਦਿੰਦਾ ਹੈ ਤੇ ਥਾਪੜਾ ਹੈ। ਸੌਣ ਲਈ ਕਹਿੰਦਾ ਹੈ।

ਸੰਗੀਤ ਵਿਚ ਸਾਨੂੰ ਖੁਸ਼ੀ ਅਤੇ ਆਰਾਮ ਦੇਣ ਆਉਂਦਾ ਹੈ। ਸਾਨੂੰ ਪ੍ਰੇਰਿਤ ਕਰਨ ਅਤੇ ਆਰਾਮ ਕਰਨ ਵਿਚ ਮਦਦ ਕਰਨ ਦੀ ਸਮਰੱਥਾ ਗੀਤਾਂ ਵਿਚ ਹੀ ਹੈ।

ਇਸ ਵਿਚ ਚਿੰਤਤ ਮਨਾਂ ਨੂੰ ਸ਼ਾਂਤ ਕਰਨ ਜਾਂ ਸਾਡੇ ਮੂਡ ਨੂੰ ਉਤਸ਼ਾਹਤ ਕਰਨ ਦੀ ਸ਼ਕਤੀ ਹੈ।

ਅਸਲ ਵਿਚ ਹਰ ਭਾਵਨਾ ਲਈ ਇੱਕ ਗੀਤ ਹੀ ਸਹਾਰਾ ਹੈ। ਜਾਂ ਓਟ ਆਸਰਾ ਟੁੱਟੇ ਦਿਲਾਂ ਦਾ।

ਇਹੀ ਚਿੱਟੀਆਂ ਵੀਣੀਆਂ ਤੇ ਵੰਗਾਂ ਚੂੜੀਆਂ ਨਾਲ ਗਾਉਣਾ ਨੱਚਣਾ ਜਾਣਦਾ ਹੈ।

ਖੋਜ ਨੇ ਦਿਖਾਇਆ ਹੈ ਕਿ ਜਦੋਂ ਸੰਗੀਤ ਚਲਾਇਆ ਜਾਂਦਾ ਹੈ, ਤਾਂ ਖ਼ੂਨ ਵਧੇਰੇ ਆਸਾਨੀ ਨਾਲ ਵਹਿੰਦਾ ਹੈ। ਇਹ ਦਿਲ ਦੀ ਧੜਕਣ ਨੂੰ ਘਟਾ ਸਕਦਾ ਹੈ, ਬਲੱਡ ਪ੍ਰੈਸ਼ਰ ਘਟਾ ਸਕਦਾ ਹੈ।

ਕੋਰਟੀਸੋਲ (ਤਣਾਅ ਵਾਲੇ ਹਾਰਮੋਨ) ਦੇ ਪੱਧਰ ਨੂੰ ਘਟਾ ਸਕਦਾ ਹੈ ਅਤੇ ਖ਼ੂਨ ਵਿਚ ਸੇਰੋਟੋਨਿਨ ਅਤੇ ਐਂਡੋਰਫਿਨ ਦੇ ਪੱਧਰ ਨੂੰ ਵਧਾ ਸਕਦਾ ਹੈ।

ਇਹ ਮੂਡ ਨੂੰ ਉੱਚਾ ਕਰਦਾ ਹੈ। ਸੰਗੀਤ ਦਿਮਾਗ ਦੇ ਹਾਰਮੋਨ ਡੋਪਾਮਾਈਨ ਦੇ ਉਤਪਾਦਨ ਨੂੰ ਵਧਾ ਸਕਦਾ ਹੈ। ਇਹ ਵਧਿਆ ਹੋਇਆ ਡੋਪਾਮਾਈਨ ਉਤਪਾਦਨ ਚਿੰਤਾ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਦੂਰ ਕਰਨ ਵਿਚ ਮਦਦ ਕਰਦਾ ਹੈ।

ਸੰਗੀਤ ਨੂੰ ਸਿੱਧੇ ਐਮੀਗਡਾਲਾ ਦੁਆਰਾ ਸੰਸਾਧਿਤ ਕੀਤਾ ਜਾਂਦਾ ਹੈ, ਜੋ ਕਿ ਦਿਮਾਗ ਦਾ ਹਿੱਸਾ ਹੈ, ਜੋ ਮੂਡ ਅਤੇ ਭਾਵਨਾਵਾਂ ਵਿਚ ਸ਼ਾਮਲ ਹੁੰਦਾ ਹੈ।

ਇਹ ਤਣਾਅ ਨੂੰ ਘਟਾਉਂਦਾ ਹੈ। ਖੋਜ ਨੇ ਪਾਇਆ ਹੈ ਕਿ ਸੰਗੀਤ ਸੁਣਨਾ ਬਾਇਓਕੈਮੀਕਲ ਤਣਾਅ ਘਟਾਉਣ ਵਾਲੇ ਨੂੰ ਚਾਲੂ ਕਰਕੇ ਤਣਾਅ ਨੂੰ ਦੂਰ ਕਰ ਸਕਦਾ ਹੈ।

ਇਹ ਡਿਪਰੈਸ਼ਨ ਦੇ ਲੱਛਣਾਂ ਨੂੰ ਦੂਰ ਕਰਦਾ ਹੈ। ਜਦੋਂ ਤੁਸੀਂ ਡੰਪਾਂ ਵਿਚ ਨਿਰਾਸ਼ ਮਹਿਸੂਸ ਕਰਦੇ ਹੋ, ਤਾਂ ਸੰਗੀਤ ਤੁਹਾਨੂੰ ਚੁੱਕਣ ਵਿਚ ਮਦਦ ਕਰ ਸਕਦਾ ਹੈ - ਜਿਵੇਂ ਕਿ ਕਸਰਤ।

ਇਹੀ ਟੁਕੜੇ ਹੋਈਆਂ ਵੰਗਾਂ ਦੇ ਡੁਸਕ ਦੇ ਟੋਟਿਆਂ ਨੂੰ ਵਿਰਾ ਸਕਦਾ ਹੈ।

ਇਹ ਯਾਦਾਂ ਨੂੰ ਉਤੇਜਿਤ ਕਰਦਾ ਹੈ। ਅਲਜ਼ਾਈਮਰ ਰੋਗ ਜਾਂ ਦਿਮਾਗੀ ਕਮਜ਼ੋਰੀ ਦਾ ਹੋਰ ਕੋਈ ਇਲਾਜ ਨਹੀਂ ਹੈ।

ਤਿੜਕੀ ਮੁਹੱਬਤ ਵਿਚ ਇਹੀ ਸਹਾਈ ਹੋਇਆ ਹੈ ਹਰ ਵੇਲੇ।

ਜਦੋਂ ਇਸ਼ਕ ਰੁੱਸ ਜਾਂਦਾ ਹੈ, ਕਦੇ ਤਾਂ ਇਹੀ ਚੂਰੀਆਂ ਲੈ ਕੇ ਆਉਂਦਾ ਹੈ।

ਇਹੀ ਲਹਿਰਾਂ ਵਿਚ ਘੜੇ ਨੂੰ ਹਿੱਕ ਨਾਲ ਲਾ ਗਾਉਂਦਾ। ਇਸ਼ਕ ਕਹਾਣੀਆਂ ਰਚਦਾ। ਵਾਅਦੇ ਪੁਗਾਉਂਦਾ ਹੈ।

ਪਰ ਸੰਗੀਤ ਥੈਰੇਪੀ ਇਸ ਦੇ ਕੁਝ ਲੱਛਣਾਂ ਨੂੰ ਦੂਰ ਕਰਨ ਲਈ ਦਿਖਾਈ ਗਈ ਹੈ। ਸੰਗੀਤ ਥੈਰੇਪੀ ਇੱਕ ਪਰੇਸ਼ਾਨ ਮਰੀਜ਼ ਨੂੰ ਆਰਾਮ ਦੇ ਸਕਦੀ ਹੈ, ਮੂਡ ਵਿਚ ਸੁਧਾਰ ਕਰ ਸਕਦੀ ਹੈ ਅਤੇ ਮਰੀਜ਼ਾਂ ਵਿਚ ਖੁੱਲ੍ਹਾ ਸੰਚਾਰ ਕਰ ਸਕਦੀ ਹੈ।

ਗੀਤ-ਸੰਗੀਤ ਦਰਦ ਦਾ ਪ੍ਰਬੰਧਨ ਕਰਦਾ ਹੈ। ਤਣਾਅ ਦੇ ਪੱਧਰਾਂ ਨੂੰ ਘਟਾ ਕੇ ਅਤੇ ਦਿਮਾਗ ਵਿਚ ਦਾਖਲ ਹੋਣ ਵਾਲੇ ਦਰਦ ਦੇ ਸੰਕੇਤਾਂ ਨੂੰ ਇੱਕ ਮਜ਼ਬੂਤ ਮੁਕਾਬਲਾ ਕਰਨ ਵਾਲੀ ਉਤੇਜਨਾ ਪ੍ਰਦਾਨ ਕਰਕੇ, ਸੰਗੀਤ ਥੈਰੇਪੀ ਦਰਦ ਪ੍ਰਬੰਧਨ ਵਿਚ ਸਹਾਇਤਾ ਕਰ ਸਕਦੀ ਹੈ।

ਇਹ ਦਰਦ ਨੂੰ ਘੱਟ ਕਰਦਾ ਹੈ। ਸੰਗੀਤ ਅਰਥਪੂਰਨ ਤੌਰ ’ਤੇ ਦਰਦ ਦੀ ਸਮਝੀ ਗਈ ਤੀਬਰਤਾ ਨੂੰ ਘਟਾ ਸਕਦਾ ਹੈ, ਖਾਸ ਤੌਰ ’ਤੇ ਜੇਰੀਏਟ੍ਰਿਕ ਦੇਖਭਾਲ, ਤੀਬਰ ਦੇਖਭਾਲ ਜਾਂ ਉਪਚਾਰਕ ਦਵਾਈ ਵਿਚ।

ਇਹ ਲੋਕਾਂ ਨੂੰ ਘੱਟ ਖਾਣ ਵਿਚ ਮਦਦ ਕਰਦਾ ਹੈ। ਭੋਜਨ ਦੇ ਦੌਰਾਨ ਬੈਕਗ੍ਰਾਉਂਡ ਵਿਚ ਨਰਮ ਸੰਗੀਤ ਵਜਾਉਣਾ (ਅਤੇ ਲਾਈਟਾਂ ਨੂੰ ਮੱਧਮ ਕਰਨਾ) ਲੋਕਾਂ ਨੂੰ ਖਾਣਾ ਖਾਂਦੇ ਸਮੇਂ ਹੌਲੀ ਕਰਨ ਵਿਚ ਮਦਦ ਕਰ ਸਕਦਾ ਹੈ ਅਤੇ ਅੰਤ ਵਿਚ ਇੱਕ ਬੈਠਕ ਵਿਚ ਘੱਟ ਭੋਜਨ ਦਾ ਸੇਵਨ ਕਰ ਸਕਦਾ ਹੈ। ਇਹ ਕਸਰਤ ਸਹਿਣਸ਼ੀਲਤਾ ਨੂੰ ਵਧਾਉਂਦਾ ਹੈ। ਉਨ੍ਹਾਂ ਚੋਟੀ ਦੇ ਕਸਰਤ ਟਰੈਕਾਂ ਨੂੰ ਸੁਣਨਾ ਇੱਕ ਸਖ਼ਤ ਕਸਰਤ ਸੈਸ਼ਨ ਦੌਰਾਨ ਸਰੀਰਕ ਪ੍ਰਦਰਸ਼ਨ ਨੂੰ ਵਧਾ ਸਕਦਾ ਹੈ ਅਤੇ ਧੀਰਜ ਵਧਾ ਸਕਦਾ ਹੈ।

ਸੰਗੀਤ ਧੁਨ ਚਾਲ ਦੀ ਲੈਅ ਵਿਚੋਂ ਸੁਵਿਧਾਜਨਕ ਜ਼ਿਆਦਾ ਉਤਪਾਦਕ ਬਣਾਉਣ ਲਈ ਮਦਦ ਵਜੋਂ ਆਇਆ ਹੈ।


ਰਿਦਮ ਪ੍ਰਕਿਰਿਆ ਇੱਕਜੁਟ ਹੋ ਟੁਰਦੀ, ਵਿਚਰਦੀ ਹੈ। ਫਿਰ ਸੁਰਾਂ ਧੁਨਾਂ ਮਨ ਸੰਸਾਰ ਦੀਆਂ ਤਰੰਗਾਂ ’ਤੇ ਵਿਛਦੀਆਂ ਹਨ। ਲਹਿਰਾਂ ਨੂੰ ਵੀ ਗਾਉਣ ਨੂੰ ਕਹਿੰਦੀਆਂ ਹਨ।

ਸੰਗੀਤ ਗੀਤਾਂ ਨਾਲ ਮੈਂ ਦੁਨੀਆਂ ਵਿਚ ਰਾਗ ਧੁੰਨੀਆਂ ਵਿਚ ਹੀ ਨਹੀਂ, ਸਗੋਂ ਮਨ ਵਿਰਤੀਆਂ ਵਿਚ ਵੀ ਪਿਆਰ ਮੁਹੱਬਤ ਸਜਾ ਸਕਦਾ ਹਾਂ।

ਜੇ ਸੰਗੀਤ ਗੀਤ ਕਿਸੇ ਢੰਗ ਤਰੀਕੇ ਦਾ ਹੋਵੇ ਤਾਂ।

(ਚਲਦਾ)

# ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ-2




-ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)



ਕਿਸੇ ਸਮੇਂ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਦਾ ਹੀ ਗਿਆਨ ਸੀ। ਜਦੋਂ ਕਿਸੇ ਸਿਆਣੇ ਨੇ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਦਾ ਹਿਸਾਬ-ਕਿਤਾਬ ਰੱਖ ਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ, ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਜਦੋਂ ਇਨਸਾਨ ਦੀ ਰੁੱਤਾਂ ਬਾਰੇ ਸਮਝ ਵਿਚ ਵਾਧਾ ਹੋਇਆਂ, ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਇਆ। ਅੱਜ ਵੀ ਦੁਨੀਆਂ ਵਿਚ ਚੰਦ ਦਾ ਕੈਲੰਡਰ, ਸੂਰਜੀ ਕੈਲੰਡਰ ਅਤੇ ਦੋਵਾਂ ਦਾ ਮਿਸ਼ਰਤ, ਚੰਦਰ-ਸੂਰਜੀ ਕੈਲੰਡਰ ਪ੍ਰਚੱਲਤ ਹਨ।

ਇਸਲਾਮ ਧਰਮ ਵਿਚ ਪ੍ਰਚੱਲਤ ਹਿਜਰੀ ਕੈਲੰਡਰ, ਚੰਦ ਅਧਾਰਿਤ ਕੈਲੰਡਰ ਹੈ। ਦੁਨੀਆਂ ਦਾ ਸਾਂਝਾ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਸੂਰਜੀ ਕੈਲੰਡਰ ਹਨ। ਬਿਕ੍ਰਮੀ ਕੈਲੰਡਰ, ਚੰਦਰ-ਸੂਰਜੀ ਕੈਲੰਡਰ ਹੈ। ਇਨ੍ਹਾਂ ਕੈਲੰਡਰਾਂ ਦੇ ਸਾਲ ਦਾ ਆਰੰਭ ਇਕ ਖਾਸ ਸਮੇਂ 'ਤੇ ਹੁੰਦਾ ਹੈ। ਜਿਵੇਂ ਹਿਜਰੀ ਕੈਲੰਡਰ ਦਾ ਆਰੰਭ ਇਕ ਮੁਹੱਰਮ ਤੋਂ, ਸਾਂਝੇ ਸਾਲ ਦਾ ਆਰੰਭ ਇਕ ਜਨਵਰੀ ਤੋਂ, ਨਾਨਕਸ਼ਾਹੀ ਕੈਲੰਡਰ ਦਾ ਆਰੰਭ ਇਕ ਚੇਤ ਤੋਂ ਅਤੇ ਚੰਦ ਦੇ ਕੈਲੰਡਰ ਦਾ ਆਰੰਭ ਚੇਤ ਸੁਦੀ ਏਕਮ ਤੋਂ। ਇਥੇ ਇਕ ਹੋਰ ਨੁਕਤਾ ਵੀ ਸਾਂਝਾ ਕਰਨਾ ਜ਼ਰੂਰੀ ਸਮਝਦਾ ਹਾਂ, ਉਹ ਇਹ ਹੈ ਕਿ ਉੱਤਰੀ ਭਾਰਤ ਵਿਚ ਚੰਦ ਦੇ ਕੈਲੰਡਰ ਦਾ ਮਹੀਨਾ ਪੂਰਨਮੰਤਾ, ਭਾਵ ਪੁੰਨਿਆ ਤੋਂ ਪੁੰਨਿਆ ਗਿਣਿਆ ਜਾਂਦਾ ਹੈ। ਪਰ, ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ ਭਾਵ ਸੁਦੀ ਏਕਮ ਤੋਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਚੇਤ ਦੇ ਮਹੀਨੇ ਦਾ ਪਹਿਲਾ ਅੱਧ ਖਤਮ ਹੋ ਰਹੇ ਸਾਲ ਵਿਚ ਆਉਂਦਾ ਹੈ ਅਤੇ ਦੂਜਾ ਅੱਧ, ਨਵੇ ਸਾਲ ਵਿੱਚ ਆਉਂਦਾ ਹੈ। ਭਾਵ ਨਵਾ ਸਾਲ ਦਾ ਆਰੰਭ ਚੇਤ ਦੇ ਸੁਦੀ ਏਕਮ ਤੋਂ ਆਰੰਭ ਹੁੰਦਾ ਹੈ।

ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਿਆਂ ਨੂੰ ਧਿਆਨ ਨਾਲ ਵੇਖੋ। ਸੰਮਤ 549 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 29 ਮਾਰਚ 2017 ਈ: ਦਿਨ ਬੁੱਧਵਾਰ (ਪੰਨਾ 84) ਦਾ ਦਰਜ ਹੈ। ਅਸਲ ਵਿਚ ਇਸ ਦਿਨ ਸੰਮਤ 2074 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 550 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 18 ਮਾਰਚ 2018 ਈ: ਦਿਨ ਐਤਵਾਰ (ਪੰਨਾ 85) ਅਤੇ ਸੰਮਤ 551 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 6 ਅਪ੍ਰੈਲ 2019 ਈ: ਦਿਨ ਸ਼ਨਿੱਚਰਵਾਰ (ਪੰਨਾ 87) ਨੂੰ ਹੁੰਦਾ ਦਰਸਾਇਆ ਗਿਆ ਹੈ। ਜਦੋਂਕਿ ਨਾਨਕਸ਼ਾਹੀ ਸੰਮਤ ਦਾ ਆਰੰਭ, ਹਰ ਸਾਲ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਛਾਪਿਆ ਜਾਂਦਾ ਬਿਕ੍ਰਮੀ ਕੈਲੰਡਰ ਵੀ ਸੂਰਜੀ ਹੈ। ਇਸ ਦੇ ਨਵੇਂ ਸਾਲ ਦਾ ਆਰੰਭ ਵੀ ਅੱਜਕੱਲ੍ਹ 1 ਚੇਤ/14 ਮਾਰਚ ਤੋਂ ਹੀ ਹੁੰਦਾ ਹੈ ਪਰ 2027 ਈ: ਵਿਚ ਇਸ ਦਾ ਆਰੰਭ 1 ਚੇਤ/15 ਮਾਰਚ ਨੂੰ ਹੋਵੇਗਾ।

ਇਥੇ ਇਕ ਹੋਰ ਨੁਕਤਾ ਵੀ ਧਿਆਨ ਦੀ ਮੰਗ ਕਰਦਾ ਹੈ। ਕਰਨਲ ਨਿਸ਼ਾਨ ਮੁਤਾਬਕ, ਚੇਤ ਸੁਦੀ ਏਕਮ 29 ਮਾਰਚ 2017 ਈ:, ਦਿਨ ਬੁੱਧਵਾਰ ਦਰਜ ਹੈ। ਜਦੋਂਕਿ ਜੰਤਰੀਆਂ ਮੁਤਾਬਕ 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਦੂਜ ਸੀ। ਬਿਕ੍ਰਮੀ ਕੈਲੰਡਰ ਵਿਚ ਦਿਨ ਦਾ ਆਰੰਭ ਸੂਰਜ ਚੜ੍ਹਨ ਵੇਲੇ ਤੋਂ ਹੁੰਦਾ ਹੈ। ਚੰਦ ਦੀ ਜੋ ਤਿੱਥ ਸਵੇਰੇ ਸੂਰਜ ਚੜ੍ਹਨ ਵੇਲੇ ਹੁੰਦੀ ਹੈ, ਉਹ ਹੀ ਗਿਣੀ ਜਾਂਦੀ ਹੈ। 28 ਮਾਰਚ 2017 ਈ: ਦਿਨ ਮੰਗਲਵਾਰ ਨੂੰ ਸਵੇਰੇ 6:25 'ਤੇ ਸੂਰਜ ਚੜ੍ਹਿਆ ਸੀ। ਇਸ ਵੇਲੇ ਚੇਤ ਵਦੀ ਮੱਸਿਆ ਸੀ। ਜੋ ਲਗਭਗ 8.27 ਮਿੰਟ 'ਤੇ ਖਤਮ ਹੋ ਗਈ ਸੀ ਅਤੇ ਚੇਤ ਸੁਦੀ ਏਕਮ ਆਰੰਭ ਹੋ ਗਈ ਸੀ। ਜੋ ਬੁੱਧਵਾਰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾ ਹੈ, ਲਗਭਗ 5.45 'ਤੇ ਖਤਮ ਹੋ ਗਈ ਸੀ, ਜਦੋਂਕਿ ਬੁੱਧਵਾਰ ਨੂੰ ਸੂਰਜ ਲਗਭਗ 6.23 ਮਿੰਟ 'ਤੇ ਚੜ੍ਹਿਆ ਸੀ, ਉਸ ਵੇਲੇ ਚੇਤ ਸੁਦੀ ਦੂਜ ਸੀ। ਚੇਤ ਸੁਦੀ ਏਕਮ ਤਾਂ ਆਈ ਹੀ ਨਹੀ, ਇਸ ਕਾਰਨ ਚੰਦ ਦੇ ਨਵੇਂ ਸਾਲ ਦਾ ਆਰੰਭ 28 ਮਾਰਚ ਦਿਨ ਮੰਗਲਵਾਰ ਨੂੰ ਹੋਇਆ ਸੀ। ਪੰਚਾਂਗ ਦਿਵਾਕਰ, ਸ਼੍ਰੋਮਣੀ ਤਿੱਥ ਪਤ੍ਰਿਕਾ, ਅਤੇ ਮੁਫੀਦ ਆਲਮ ਜੰਤਰੀ, ਆਦਿ ਤਾਂ ਗੁੰਝਲਦਾਰ ਹਨ। ਮੰਨਿਆ, ਕੋਈ ਗਲਤੀ ਹੋ ਸਕਦੀ ਹੈ। ਨਾਨਕਸ਼ਾਹੀ ਕੈਲੰਡਰ ਦੇ ਕੱਟੜ ਅਲੋਚਕ ਨੂੰ, ਘੱਟੋ-ਘੱਟ ਖਾਲਸਾ ਹੀਰਾ ਜੰਤਰੀ ਤਾਂ ਪੜ੍ਹਨੀ ਆਉਣੀ ਚਾਹੀਦੀ ਹੈ। 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਏਕਮ, ਸੂਰਜੀ ਸਿਧਾਂਤ ਮੁਤਾਬਕ ਆਈ ਸੀ, ਨਾ ਕਿ ਦ੍ਰਿਕਗਣਿਤ ਸਿਧਾਂਤ ਮੁਤਾਬਕ।

ਕਰਨਲ ਨਿਸ਼ਾਨ ਵੱਲੋਂ ਸੰਮਤ 549 ਦਾ ਆਰੰਭ ਚੇਤ ਸੁਦੀ ਇਕ, 29 ਮਾਰਚ ਦਿਨ ਬੁੱਧਵਾਰ ਨੂੰ ਲਿਖਣਾ ਇਹ ਸਾਬਿਤ ਕਰਦਾ ਹੈ ਕਿ ਇਨ੍ਹਾਂ ਨੇ ਇਹ ਤਾਰੀਖ਼ "Calendrical Tabulations 1900-2200" ਤੋਂ ਨਕਲ ਕੀਤੀ ਹੈ। ਯਾਦ ਰਹੇ ਜੁਲਾਈ 2018 ਈ: ਦੇ ਆਖਰੀ ਹਫਤੇ ਵੈਨਕੂਵਰ ਵਿਖੇ **Canadian Sikh Study and Teaching Society** ਵੱਲੋਂ ਕਰਵਾਏ ਗਏ ਸੈਮੀਨਾਰ ਵਿਚ ਕਰਨਲ ਨਿਸ਼ਾਨ ਨੇ ਕਿਹਾ ਸੀ, "ਮੈਂ ਹਾਲੇ ਤੱਕ ਇਹ ਕਿਤਾਬ ਨਹੀਂ ਵੇਖੀ"। ਅਤੇ ਇਹ ਵੀ ਕਿਹਾ ਸੀ ਕਿ ਗਣਿਤ ਮੈਂ ਆਪ ਕੀਤੀ ਹੈ। ਉਹ ਵੀ ਦ੍ਰਿਗ ਗਣਿਤ ਸਿਧਾਂਤ ਮੁਤਾਬਕ ਕੀਤੀ ਹੈ। ਇਥੇ ਕਰਨਲ ਨਿਸ਼ਾਨ ਦਾ ਇਹ ਝੂਠ ਵੀ ਫੜਿਆ ਗਿਆ ਹੈ। ਮੈਂ ਪੂਰੀ ਜ਼ਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੂੰ ਗਣਿਤ ਕਰਨੀ ਨਹੀਂ ਆਉਂਦੀ। ਇਨ੍ਹਾਂ ਨੇ ਸਾਰੀਆਂ ਤਾਰੀਖਾਂ, **"Calendrical Tabulations 1900-2200"** ਤੋਂ ਨਕਲ ਕੀਤੀਆਂ ਹਨ। ਉਸ ਕਿਤਾਬ ਵਿਚ ਸਾਰੀ ਗਣਿਤ ਸੂਰਜੀ ਸਿਧਾਂਤ ਮੁਤਾਬਕ ਹੈ। **"For the Hindu lunar calendar, we follow the rules of the Surya-Siddhanta, as amended by Ganesa Daivajna." (xxvi)** ਕਰਨਲ ਨਿਸ਼ਾਨ ਨੇ, ਬਿਨਾ ਸੋਚੇ ਸਮਝੇ ਉਥੋਂ ਨਕਲ ਮਾਰ ਕੇ ਆਪਣੀ ਕਿਤਾਬ ਵਿਚ ਤਾਰੀਖ਼ਾਂ ਲਿਖ ਦਿੱਤੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ, ਨਾਨਕਸ਼ਾਹੀ ਸੰਮਤ 549, 550 ਅਤੇ 551 ਦੇ ਕੈਲੰਡਰਾਂ ਨੂੰ ਵੇਖੋ। ਹਰ ਨਵੇਂ ਸਾਲ ਦਾ ਆਰੰਭ 14 ਮਾਰਚ ਤੋਂ ਹੁੰਦਾ ਹੈ। ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਾ 84 ਦੀ ਫ਼ੋਟੋ ਨੂੰ ਵੇਖੋ। "ਚੇਤ ਗੋਬਿੰਦ ਅਰਾਧੀਐ" ਭਾਵ ਚੇਤ ਦੀ ਸੰਗਰਾਂਦ ਦੇ ਸਾਹਮਣੇ ਨਾਨਕਸ਼ਾਹੀ 548, ਮੰਗਲਵਾਰ, 14 ਮਾਰਚ 2017 ਈ: ਦਰਜ ਹੈ। ਸੰਮਤ 548 ਤੋਂ 549, ਚੇਤ ਸੁਦੀ 1, ਦਿਨ ਬੁੱਧਵਾਰ 29 ਮਾਰਚ 2017 ਨੂੰ ਹੁੰਦਾ ਹੈ। ਇਸ ਦਿਨ ਤਾਂ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਤਾਂ ਉਸ ਦਿਨ 16 ਚੇਤ ਸੀ। ਇਸੇ ਤਰ੍ਹਾਂ ਹੀ, ਸੰਮਤ 550 ਦਾ ਆਰੰਭ (ਪੰਨਾ 85) 18 ਮਾਰਚ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵੇਖੋ, 18 ਮਾਰਚ ਨੂੰ 5 ਚੇਤ ਸੀ। ਸੰਮਤ 551 ਦਾ ਆਰੰਭ, (ਪੰਨਾ 86) ਚੇਤ ਸੁਦੀ ਏਕਮ, 6 ਅਪ੍ਰੈਲ ਦਿਨ ਸ਼ਨਿੱਚਰਵਾਰ ਦਾ ਦਰਜ ਹੈ। ਚੇਤ ਸੁਦੀ ਏਕਮ, 6 ਅਪ੍ਰੈਲ ਨੂੰ ਸੰਮਤ 551 ਨਾਨਕਸ਼ਾਹੀ ਦਾ ਨਹੀਂ, ਸੰਮਤ 2075 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 551 ਨਾਨਕਸ਼ਾਹੀ ਦਾ ਤਾਂ ਉਸ ਦਿਨ 24 ਚੇਤ ਸੀ।

ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਕੱਟੜ ਵਿਰੋਧੀ ਅਤੇ ਸੰਤ ਸਮਾਜ ਦੇ ਸਲਾਹਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਨੂੰ, ਕਿਤਾਬ ਲਿਖਣ ਵੇਲੇ ਤੱਕ (2016 ਈ:) ਇਹ ਜਾਣਕਾਰੀ ਨਹੀਂ ਸੀ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਜਾਂ ਚੇਤ ਸੁਦੀ ਏਕਮ ਤੋਂ? ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਜਿਸ ਨੂੰ ਕੰਧ ਉੱਤੇ ਟੰਗਿਆ ਕੈਲੰਡਰ ਵੀ ਵੇਖਣਾ ਨਹੀਂ ਆਉਂਦਾ, ਉਹ ਨਾਨਕਸ਼ਾਹੀ ਕੈਲੰਡਰ ਅਤੇ ਉਸ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਦੀ ਆਲੋਚਨਾ ਕਰ ਰਿਹਾ ਹੈ। "ਅਖੇ, ਮੈਂ 1999 ਈ: ਵਿਚ ਸਿੰਘ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਖ਼ਾਮੀਆਂ ਤੋਂ ਜਾਣੂ ਕਰਵਾ ਦਿੱਤਾ ਸੀ"।

# ਸਿੱਖਣੀ ਪੈਂਦੀ ਹੈ ਹਰ ਇੱਕ ਨੂੰ ਖੁਦ ਜ਼ਿੰਦਗੀ ਜਿਉਣ ਦੀ ਸਮਝ



ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਜ਼ਿੰਦਗੀ ਇਕ ਸੰਘਰਸ਼ ਹੈ। ਕਈ ਵਾਰ ਸਾਨੂੰ ਜ਼ਿੰਦਗੀ 'ਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਹੁਣ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਜ਼ਿੰਦਗੀ ਨੂੰ ਕਿਸ ਤਰ੍ਹਾਂ ਗੁਜ਼ਾਰਦੇ ਹਾਂ। ਜਿੰਨਾ ਵੀ ਸਾਡੇ ਕੋਲ ਹੈ, ਸਾਨੂੰ ਉਸੇ ਵਿਚ ਹੀ ਸਬਰ-ਸੰਤੋਖ ਕਰਨਾ ਚਾਹੀਦਾ ਹੈ। ਤੇ ਪ੍ਰਮਾਤਮਾ ਦਾ ਵੱਧ ਤੋਂ ਵੱਧ ਸ਼ੁਕਰਾਨਾ ਕਰਨਾ ਚਾਹੀਦਾ ਹੈ। ਕਿਸੇ ਕੋਲੋਂ ਵੱਧ ਹੁੰਦਾ ਹੈ, ਕਿਸੇ ਕੋਲ ਘੱਟ ਹੁੰਦਾ ਹੈ। ਕਿਸੇ ਕੋਲ ਬਹੁਤ ਘੱਟ ਸੀਮਤ ਮਾਤਰਾ ਵਿਚ ਸਾਧਨ ਹੁੰਦੇ ਹਨ। ਅੱਜ ਦੇ ਜ਼ਮਾਨੇ ਵਿਚ ਪੈਸੇ ਦੀ ਹੋੜ ਬਹੁਤ ਹੈ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਭਰਾ-ਭਰਾ ਦਾ ਦੁਸ਼ਮਣ ਹੋ ਚੁੱਕਿਆ ਹੈ। ਪੈਸਿਆਂ ਕਾਰਨ ਸਾਰੇ ਹੀ ਅੱਜ-ਕੱਲ੍ਹ ਰਿਸ਼ਤੇ ਟੁੱਟ ਚੁੱਕੇ ਹਨ। ਇੰਨਾ ਮਾੜਾ ਸਮਾਂ ਆ ਗਿਆ ਹੈ ਕਿ ਭਰਾ-ਭਰਾ ਇਕ-ਦੂਜੇ ਦੀ ਸ਼ਕਲ ਦੇਖਣ ਨੂੰ ਪਸੰਦ ਨਹੀਂ ਕਰਦੇ। ਬਸ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਕਹਿਣ ਦਾ ਮਤਲਬ ਇਹ ਹੈ ਕਿ ਪੈਸੇ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ।

ਜਦੋਂ ਅਸੀਂ ਸਵੇਰੇ ਉੱਠਦੇ ਹਾਂ, ਤਾਂ ਪ੍ਰਣ ਕਰੀਏ ਕਿ ਅਸੀਂ ਸਾਰਾ ਦਿਨ ਖ਼ੁਸ਼ ਰਹਿਣਾ ਹੈ। ਛੋਟੀਆਂ-ਛੋਟੀਆਂ ਗੱਲਾਂ ਕਰਕੇ ਅਸੀਂ ਦੁਖੀ ਨਹੀਂ ਹੋਣਾ ਹੈ। ਹਮੇਸ਼ਾ ਚੰਗਾ ਸੋਚੋ। ਕਦੇ ਵੀ ਕਿਸੇ ਪ੍ਰਤੀ ਨਾਕਾਰਾਤਮਕ ਵਿਚਾਰ ਨਾ ਰੱਖੋ। ਸਵੇਰੇ ਉਠਦੇ ਸਾਰ ਹੀ ਤੁਹਾਡੇ ਚਿਹਰੇ 'ਤੇ ਖੁਸ਼ੀ ਹੋਣੀ ਚਾਹੀਦੀ ਹੈ। ਮੱਥੇ 'ਤੇ ਪਈ ਤਿਊੜੀ ਨਾਲ ਅਸੀਂ ਆਪ ਵੀ ਦੁਖੀ ਹੁੰਦੇ ਹਾਂ। ਅਸੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਮੁਸੀਬਤ ਵਿਚ ਪਾ ਦਿੰਦੇ ਹਾਂ। ਜੇ ਚਿਹਰੇ 'ਤੇ ਖ਼ੁਸ਼ੀ ਰਹੇਗੀ ਤਾਂ ਘਰ ਦਾ ਮਾਹੌਲ ਵੀ ਬਹੁਤ ਵਧੀਆ ਹੋਵੇਗਾ। ਘਰ ਦੇ ਜੀਅ ਇਕ-ਦੂਜੇ ਦੀ ਕਦਰ ਕਰਨਗੇ। ਆਪਸੀ ਪਿਆਰ ਬਹੁਤ ਵਧੇਗਾ। ਕਿਸੇ ਪ੍ਰਤੀ ਨਫ਼ਰਤ ਨਹੀਂ ਰੱਖਣਗੇ। ਕਹਿਣ ਦਾ ਭਾਵ ਹੈ ਕਿ ਸਾਰੇ ਘਰ ਦਾ ਮਾਹੌਲ ਸਵਰਗ ਵਰਗਾ ਪ੍ਰਤੀਤ ਹੋਵੇਗਾ। ਇਕ ਦੂਜੇ ਦੀ ਇੱਜ਼ਤ ਹੋਵੇਗੀ। ਮਾਣ-ਸਤਿਕਾਰ ਵਧੇਗਾ।

ਕਈ ਵਾਰ ਅਸੀਂ ਪ੍ਰਮਾਤਮਾ ਨੂੰ ਕੋਸਦੇ ਰਹਿੰਦੇ ਹਾਂ ਕਿ ਤੂੰ ਮੈਨੂੰ ਇਹ ਨਹੀਂ ਦਿੱਤਾ, ਮੈਂ ਇੰਨੀ ਮਿਹਨਤ ਕੀਤੀ। ਤੂੰ ਮੈਨੂੰ ਉਹ ਨਹੀਂ ਦਿੱਤਾ ਜਾਂ ਮੈਨੂੰ ਛੋਟੀ ਕੋਠੀ ਦਿੱਤੀ ਹੈ ਜਾਂ ਛੋਟੀ ਕਾਰ, ਜਾਂ ਮੇਰੇ ਕੋਲ ਕੁੜੀਆਂ ਹਨ, ਮੁੰਡੇ ਦੀ ਦਾਤ ਨਹੀਂ ਬਖ਼ਸ਼ੀ, ਜਾਂ ਮੈਂ ਪ੍ਰਾਈਵੇਟ ਨੌਕਰੀ ਕਰਦਾ ਹਾਂ, ਮੇਰੇ ਕੋਲ ਜ਼ਿਆਦਾ ਜ਼ਮੀਨ ਨਹੀਂ ਹੈ, ਜਾਂ ਮੇਰੇ ਕੋਲ ਛੋਟੀ ਕਾਰ ਹੈ, ਹੋਰ ਵੀ ਕਈ ਤਰ੍ਹਾਂ ਦੇ ਮਨਮੁਟਾਵ ਮਨ ਵਿਚ ਹੁੰਦੇ ਹਨ। ਇਹ ਮਨਮੁਟਾਵ ਦੂਜਿਆਂ ਦੀ ਤਰੱਕੀ ਦੇਖ ਕੇ ਆਉਂਦੇ ਹਨ। ਕਈ ਵਾਰ ਅਸੀਂ ਆਪਣੇ ਦੁੱਖ ਨਾਲੋਂ ਜ਼ਿਆਦਾ ਦੁਖੀ ਨਹੀਂ ਹੁੰਦੇ, ਦੂਜੇ ਦੇ ਸੁੱਖ ਨਾਲ ਜ਼ਿਆਦਾ ਦੁਖੀ ਹੋ ਜਾਂਦੇ ਹਾਂ। ਜਿੰਨਾ ਸਾਨੂੰ ਪ੍ਰਮਾਤਮਾ ਨੇ ਦਿੱਤਾ ਹੈ, ਸਾਨੂੰ ਉਸ ਵਿਚ ਹੀ ਸਬਰ ਕਰਨਾ ਚਾਹੀਦਾ ਹੈ। ਅਕਸਰ ਸਾਡੇ ਸਮਾਜ ਵਿਚ ਅਜਿਹੀਆਂ ਉਦਾਹਰਨਾਂ ਹੁੰਦੀਆਂ ਹਨ ਕਿ ਜੋ ਸਾਨੂੰ ਹਮੇਸ਼ਾਂ ਖ਼ੁਸ਼ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ। ਕਈ ਵਾਰ ਸਾਡੇ ਸਾਹਮਣੇ ਅਜਿਹੀਆਂ ਉਦਾਹਰਨਾਂ ਹੁੰਦੀਆਂ ਹਨ, ਜਿਨ੍ਹਾਂ ਕੋਲ ਸੀਮਤ ਸਾਧਨ ਹੁੰਦੇ ਹਨ, ਉਹ ਬਹੁਤ ਖ਼ੁਸ਼ੀ ਨਾਲ ਜ਼ਿੰਦਗੀ ਗੁਜ਼ਾਰਦੇ ਹਨ। ਜੋ ਝੁੱਗੀ-ਝੌਂਪੜੀਆਂ ਵਾਲੇ ਹੁੰਦੇ ਹਨ, ਉਹ ਹਰ ਰੋਜ਼ ਕਮਾਉਂਦੇ ਹਨ ਤੇ ਸ਼ਾਮ ਨੂੰ ਖਾ ਲੈਂਦੇ ਹਨ। ਉਨ੍ਹਾਂ ਨੂੰ ਅਗਲੇ ਦਿਨ ਦੀ ਫ਼ਿਕਰ ਵੀ ਨਹੀਂ ਹੁੰਦੀ ਹੈ। ਫਿਰ ਵੀ ਬਹੁਤ ਵਧੀਆ ਜ਼ਿੰਦਗੀ ਗੁਜ਼ਾਰਦੇ ਹਨ। ਗ਼ਰੀਬ ਲੋਕਾਂ ਨੂੰ ਮਕਾਨ ਬਣਾਉਣ ਦੀ ਵੀ ਫਿਕਰ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਅੱਜ ਦਾ ਦਿਨ ਵਧੀਆ ਗੁਜ਼ਰਿਆ ਹੈ। ਸੋ ਕੱਲ੍ਹ ਦਾ ਵੀ ਦਿਨ ਵਧੀਆ ਗੁਜ਼ਰੇਗਾ। ਅਜਿਹੇ ਲੋਕ ਆਪਣੀ ਜ਼ਿੰਦਗੀ ਨੂੰ ਵਧੀਆ ਹੱਸ-ਖੇਡ ਕੇ ਗੁਜ਼ਾਰਦੇ ਹਨ। ਕਈ ਅਜਿਹੀ ਸ਼ਖ਼ਸੀਅਤਾਂ ਹੁੰਦੀਆਂ ਹਨ, ਜਿਨ੍ਹਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਬਹੁਤ ਹੀ ਸੀਮਤ ਸਾਧਨ ਹੁੰਦੇ ਹਨ, ਫਿਰ ਵੀ ਉਹ ਜ਼ਿੰਦਗੀ ਦੇ ਹਰ ਪਲ ਨੂੰ ਖ਼ੁਸ਼ੀ ਨਾਲ ਗੁਜ਼ਾਰਦੇ ਹਨ। ਅਜਿਹੇ ਲੋਕਾਂ ਦੀ ਜ਼ਿੰਦਗੀ ਵਿਚ ਫਿਰ ਵੀ ਦੁੱਖ ਬਹੁਤ ਘੱਟ ਹੁੰਦੇ ਹਨ। ਕਿਉਂਕਿ ਉਹ ਜ਼ਿੰਦਗੀ ਦਾ ਹਰ ਪਲ ਖੁਸ਼ੀ ਨਾਲ ਗੁਜ਼ਾਰਦੇ ਹਨ। ਘਰ ਵਿਚ ਇੱਕ ਦੂਜੇ ਦੀ ਇੱਜ਼ਤ ਕਰਦੇ ਹਨ। ਜੇ ਉਨ੍ਹਾਂ ਕੋਲ ਸੀਮਤ ਸਾਧਨ ਹਨ, ਤਾਂ ਉਸੇ ਵਿਚ ਖ਼ੁਸ਼ ਰਹਿੰਦੇ ਹਨ। ਦੂਜਿਆਂ ਦੀ ਤਰੱਕੀ ਨੂੰ ਦੇਖ ਕੇ ਜਲਦੇ ਨਹੀਂ ਹਨ। ਹਮੇਸ਼ਾ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਕਰਦੇ ਹਨ ਕਿ ਹੇ ਰੱਬ, ਜਿੰਨਾ ਵੀ ਤੂੰ ਸਾਨੂੰ ਦਿੱਤਾ, ਉਸੇ ਵਿਚ ਹੀ ਸਾਨੂੰ ਸਬਰ ਹੈ। ਕਹਿਣ ਦਾ ਮਤਲਬ ਇਹ ਹੈ ਕਿ ਅਜਿਹੇ ਲੋਕਾਂ ਨੂੰ ਜ਼ਿੰਦਗੀ ਨਾਲ ਕੋਈ ਵੀ ਸ਼ਿਕਵਾ ਨਹੀਂ ਹੁੰਦਾ।

ਅਜਿਹੇ ਲੋਕ ਜਿਨ੍ਹਾਂ ਨੂੰ ਜ਼ਿੰਦਗੀ ਨਾਲ ਗਿਲੇ-ਸ਼ਿਕਵੇ ਹੁੰਦੇ ਹਨ, ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਕਈ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਨਿਉਂਦਾ ਦੇ ਦਿੰਦੇ ਹਨ। ਅੱਜਕੱਲ੍ਹ ਤਾਂ ਵੈਸੇ ਹੀ ਜ਼ਿੰਦਗੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਸਮੇਂ ਦਾ ਕੀ ਕਦੋਂ ਮੌਤ ਹੋ ਜਾਂਦੀ ਹੈ। ਅਕਸਰ ਅਸੀਂ ਆਮ ਸੁਣਦੇ ਹਾਂ ਕਿ ਬੰਦਾ ਵਿਚਾਰਾ ਭਲਾ-ਚੰਗਾ ਰਾਤ ਸੋਇਆ ਸੀ, ਸਵੇਰੇ ਉੱਠਿਆ ਹੀ ਨਹੀਂ। ਫਿਰ ਕਿਉਂ ਅਸੀਂ ਅਜਿਹੇ ਗਿਲੇ-ਸ਼ਿਕਵਿਆਂ ਕਾਰਨ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਕਿਉਂ ਅਸੀਂ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਨਹੀਂ ਹੁੰਦੇ? ਕਿਉਂ ਅਸੀਂ ਹਮੇਸ਼ਾ ਖ਼ੁਸ਼ ਰਹਿਣਾ ਨਹੀਂ ਚਾਹੁੰਦੇ। ਜਿੰਨਾ ਵੀ ਹੈ, ਉਸੇ ਵਿਚ ਹੀ ਸਬਰ ਕਰਨਾ ਚਾਹੀਦਾ ਹੈ। ਜੇਕਰ ਅਸੀਂ ਖ਼ੁਸ਼ ਰਹਾਂਗੇ, ਤਾਂ ਸਾਨੂੰ ਕੋਈ ਵੀ ਪਰੇਸ਼ਾਨੀ ਨਹੀਂ ਆਵੇਗੀ। ਜੇ ਅਸੀਂ ਖ਼ੁਸ਼ ਰਹਾਂਗੇ, ਤਾਂ ਸਾਡੀ ਦੇਖਾ-ਦੇਖੀ ਵਿਚ ਪਰਿਵਾਰਕ ਮੈਂਬਰ ਵੀ ਖ਼ੁਸ਼ ਰਹਿਣਾ ਸਿੱਖ ਲੈਣਗੇ। ਇਸ ਲਈ ਆਓ, ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰੀਏ ਤੇ ਆਪ ਵੀ ਖ਼ੁਸ਼ ਰਹੀਏ ਤੇ ਹੋਰਾਂ ਨੂੰ ਵੀ ਖ਼ੁਸ਼ ਰਹਿਣ ਦੇਈਏ।

# ਬਿਦਰ ਦੇ ਦੰਗੇ

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
(Punjab Mail USA)



ਬਿਦਰ ਪੜ੍ਹਦਿਆਂ ਕਈ ਵਾਰ 1988 'ਚ ਹੋਏ ਦੰਗਿਆਂ ਬਾਬਤ ਜ਼ਿਕਰ ਤਾਂ ਛਿੜਦਾ ਰਿਹਾ ਪਰ ਅੱਲੜ੍ਹ ਉਮਰ ਕਾਰਨ ਉਸ ਬਾਰੇ ਜ਼ਿਆਦਾ ਧਿਆਨ, ਰੁਚੀ ਜਾਂ ਸੁਹਿਰਦਤਾ ਨਹੀਂ ਦਿਖਾਈ। ਨਵੰਬਰ 1984 'ਚ ਦਿੱਲੀ 'ਚ ਹੋਈ ਸਿੱਖ ਨਸਲਕੁਸ਼ੀ ਬਾਰੇ ਭਲੀ-ਭਾਂਤ ਜਾਣਦੇ ਹਾਂ। 4 ਸਾਲਾਂ ਬਾਅਦ 1988 ਵਿਚ ਕਰਨਾਟਕਾ ਸੂਬੇ ਦੇ ਬਿਦਰ ਸ਼ਹਿਰ 'ਚ ਵੀ ਇਸੇ ਤਰ੍ਹਾਂ ਦੇ ਦੰਗੇ ਹੋਏ ਸਨ। ਬਿਦਰ ਸ਼ਹਿਰ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਸਮੇਂ ਉਥੋਂ ਦੇ ਲੋਕਾਂ ਤੋਂ ਖਾਰੇ ਪਾਣੀ ਦੀ ਸਮੱਸਿਆ ਸੁਣਨ ਉਪਰੰਤ ਆਪਣੇ ਸੱਜੇ ਪੈਰ ਦੀ ਪਵਿੱਤਰ ਛੋਹ ਨਾਲ ਉਥੇ ਠੰਢੇ-ਮਿੱਠੇ ਜਲ ਦਾ ਚਸ਼ਮਾ ਪ੍ਰਗਟ ਕੀਤਾ, ਜੋ ਕਿ ਅੱਜ ਵੀ ਨਿਰੰਤਰ ਚੱਲ ਰਿਹਾ ਹੈ।

ਹੈਦਰਾਬਾਦ ਦੇ ਪ੍ਰਸਿੱਧ ਸਿੱਖ ਕਾਰੋਬਾਰੀ ਜੋਗਾ ਸਿੰਘ ਦੀ ਸਰਪ੍ਰਸਤੀ ਹੇਠ ਗੁਰੂ ਨਾਨਕ ਝੀਰਾ ਫਾਊਂਡੇਸ਼ਨ ਟਰੱਸਟ ਦੀ ਸਥਾਪਨਾ ਕੀਤੀ। ਇਸ ਟਰੱਸਟ ਅਧੀਨ ਗੁਰੂ ਨਾਨਕ ਪਬਲਿਕ ਸਕੂਲ, ਜੂਨੀਅਰ ਕਾਲਜ, ਗੁਰੂ ਨਾਨਕ ਦੇਵ ਪੋਲੀਟੈਕਨਿਕ ਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਤੋਂ ਇਲਾਵਾ ਗੁਰੂ ਨਾਨਕ ਦੇਵ ਹਸਪਤਾਲ ਵਰਗੀਆਂ ਸੰਸਥਾਵਾਂ ਚੱਲ ਰਹੀਆਂ ਹਨ। 1984 ਦੇ ਦੰਗਿਆਂ ਤੋਂ ਬਾਅਦ ਜ਼ਿਆਦਾਤਰ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਬਿਦਰ ਭੇਜਣ ਲੱਗੇ ਸਨ। ਇੱਥੋਂ ਦੇ ਕਾਲਜਾਂ 'ਚ ਜ਼ਿਆਦਾਤਰ ਵਿਦਿਆਰਥੀ ਉੱਤਰੀ ਭਾਰਤ ਤੋਂ ਸੰਬੰਧਤ ਸਨ, ਜਿਨ੍ਹਾਂ 'ਚੋਂ ਪੰਜਾਬ, ਯੂ.ਪੀ. ਰਾਜਸਥਾਨ ਤੇ ਜੰਮ-ਕਸ਼ਮੀਰ ਸੂਬਿਆਂ ਤੋਂ ਇਲਾਵਾ ਆਂਧਰਾ ਪ੍ਰਦੇਸ਼ ਤੇ ਕਰਨਾਟਕਾ ਦੇ ਬੱਚੇ ਵੀ ਪੜ੍ਹਦੇ ਸਨ। ਗੁਰੂ ਨਾਨਕ ਦੇਵ ਇੰਜੀਨੀਅਰਿੰਗ ਤੇ ਪੋਲੀਟੈਕਨਿਕ ਕਾਲਜ ਦੇ ਜ਼ਿਆਦਾਤਰ ਵਿਦਿਆਰਥੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਹੋਏ ਸਿੱਖ ਸਨ, ਕਿਉਂਕਿ ਹੋਸਟਲ ਅਜੇ ਬਣਾਏ ਜਾਣੇ ਸਨ, ਬਹੁਤ ਸਾਰੇ ਵਿਦਿਆਰਥੀ ਸ਼ਹਿਰ ਦੇ ਨਿੱਜੀ ਘਰਾਂ ਵਿਚ ਕਿਰਾਏ 'ਤੇ ਰਹਿੰਦੇ ਸਨ। ਬਿਦਰ ਦੇ ਸਥਾਨਕ ਲੋਕ ਦੂਜੇ ਸੂਬਿਆਂ ਖਾਸ ਕਰ ਪੰਜਾਬ ਤੋਂ ਉਥੇ ਪੜ੍ਹਨ ਗਏ ਸਿੱਖ ਤੇ ਗੈਰ ਸਿੱਖ ਵਿਦਿਆਰਥੀਆਂ ਦੇ ਲਾਈਫ ਸਟਾਈਲ ਤੋਂ ਪ੍ਰਭਾਵਤ ਸਨ ਤੇ ਉਨ੍ਹਾਂ ਤੋਂ ਖਾਰ ਖਾਂਦੇ ਸਨ। ਵਿਦਿਆਰਥੀਆਂ ਅਤੇ ਸਥਾਨਕ ਲੋਕਾਂ ਵਿਚਾਲੇ ਪਿਛਲੇ ਕਾਫੀ ਸਮੇਂ ਤੋਂ ਤਣਾਅ ਵੱਧਦਾ ਜਾ ਰਿਹਾ ਸੀ।

14 ਤੋਂ 16 ਸਤੰਬਰ 1988 ਨੂੰ ਹੋਏ ਬਿਦਰ ਦੇ ਦੰਗਿਆਂ 'ਚ 6 ਸਿੱਖ ਵਿਦਿਆਰਥੀਆਂ ਦੀ ਮੌਤ ਹੋਈ ਅਤੇ 100 ਦੇ ਕਰੀਬ ਜ਼ਖਮੀ ਹੋਈ। ਇਨ੍ਹਾਂ ਦੰਗਿਆਂ 'ਚ 1 ਕਰੋੜ ਤੋਂ ਵੱਧ ਦੀ ਸੰਪਤੀ ਦਾ ਨੁਕਸਾਨ ਹੋਇਆ। ਦਿੱਲੀ ਦੀ ਨਾਗਰਿਕ ਏਕਤਾ ਮੰਚ ਦੀ ਟੀਮ ਦੇ 2 ਮੈਂਬਰਾਂ ਨੇ 27 ਸਤੰਬਰ ਤੋਂ 1 ਅਕਤੂਬਰ 1988 ਤੱਕ ਬਿਦਰ ਸ਼ਹਿਰ ਤੇ ਆਸਪਾਸ ਦੇ ਇਲਾਕੇ 'ਚ ਜਾ ਕੇ ਉਥੇ ਸਿੱਖ ਤੇ ਗੈਰ ਸਿੱਖ ਲੋਕਾਂ ਨਾਲ ਗੱਲਬਾਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਸਥਾਨਕ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਪੁਲਿਸ ਅਧਿਕਾਰੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਵੀ ਸੰਪਰਕ ਸਾਧਿਆ। ਟੀਮ ਅਨੁਸਾਰ ਸਥਾਨਕ ਪੁਲਿਸ ਨੇ ਸ਼ੁਰੂਆਤ 'ਚ ਆਪਣੀ ਜ਼ਿੰਮੇਵਾਰੀ ਗੰਭੀਰਤਾ ਨਾਲ ਨਹੀਂ ਨਿਭਾਈ। 14 ਦੀ ਰਾਤ ਨੂੰ, ਜਦੋਂ ਕੁਝ ਸਿੱਖ ਵਿਦਿਆਰਥੀ ਸ਼ਹਿਰ ਦੇ ਵਿਚਕਾਰ ਵਾਲੇ ਬਾਜ਼ਾਰ ਤੋਂ ਗਾਂਧੀਨਗਰ ਸਥਿਤ ਆਪਣੀ ਰਿਹਾਇਸ਼ ਵੱਲ ਜਾ ਰਹੇ ਸਨ, ਉਨ੍ਹਾਂ ਨੂੰ ਕੁਝ ਸਥਾਨਕ ਹਿੰਦੂ ਲੜਕਿਆਂ ਦੇ ਸਮੂਹ ਨੇ ਅਗਲੇ ਦਿਨ ਹੋਣ ਵਾਲੇ ਗਣੇਸ਼ ਚਤੁਰਥੀ ਦੇ ਸਮਾਗਮ ਲਈ ਚੰਦਾ ਦੇਣ ਕਿਹਾ ਗਿਆ। ਵਿਦਿਆਰਥੀਆਂ ਨੇ ਇਨਕਾਰ ਕਰ ਦਿੱਤਾ, ਕਿਉਂਕਿ ਉਨ੍ਹਾਂ ਅਨੁਸਾਰ ਉਹ ਪਹਿਲਾਂ ਹੀ ਭੁਗਤਾਨ ਕਰ ਕਰ ਚੁੱਕੇ ਸਨ। ਇਸ ਕਾਰਨ ਉਥੇ ਮਚੀ ਹਫੜਾ-ਦਫੜੀ ਦੌਰਾਨ ਸਿੱਖ ਵਿਦਿਆਰਥੀਆਂ ਨਾਲ ਝਗੜਾ ਤੇ ਕੁੱਟਮਾਰ ਕੀਤੀ। ਉਸ ਉਪਰੰਤ ਉਹ ਆਪਣੇ ਹੋਰ ਸਾਥੀਆਂ ਨਾਲ ਵਾਪਸ ਮੌਕੇ 'ਤੇ ਪਰਤੇ ਅਤੇ ਸਥਾਨਕ ਤੇ ਸਬੰਧਤ ਲੋਕਾਂ ਨਾਲ ਝਗੜਾ ਵੱਧ ਗਿਆ, ਜਿਸਦੀ ਜਵਾਬੀ ਕਾਰਵਾਈ ਵਜੋਂ ਦੇਰ ਰਾਤ ਹਿੰਦੂ ਨੌਜਵਾਨਾਂ ਦੇ ਇੱਕ ਸਮੂਹ ਨੇ ਉਨ੍ਹਾਂ ਘਰਾਂ 'ਤੇ ਹਮਲਾ ਕਰ ਦਿੱਤਾ, ਜਿੱਥੇ ਸਿੱਖ ਵਿਦਿਆਰਥੀ ਰਹਿ ਰਹੇ ਸਨ। ਉਨ੍ਹਾਂ ਦੇ ਹੋਰ ਸਾਮਾਨ ਦੀ ਭੰਨਤੋੜ ਤੋਂ ਇਲਾਵਾ ਉਨ੍ਹਾਂ ਦੇ ਵਾਹਨ ਤੇ ਘਰ ਸਾੜ ਦਿੱਤੇ।

ਅਗਲੀ ਸਵੇਰ 15 ਸਤੰਬਰ ਤੋਂ ਨਿਯਮਿਤ ਹਮਲੇ ਸ਼ੁਰੂ ਹੋ ਗਏ, ਜੋ ਕਿ ਉਕਤ ਸਿੱਖ ਵਿਦਿਆਰਥੀਆਂ ਤੋਂ ਇਲਾਵਾ ਸ਼ਹਿਰ ਦੇ ਹੋਰ ਹਿੱਸਿਆਂ ਤੇ ਕਲੋਨੀਆਂ ਵਿਚ ਰਹਿ ਰਹੇ ਸਿੱਖਾਂ ਦੇ ਘਰਾਂ ਤੇ ਦੁਕਾਨਾਂ 'ਤੇ ਹੋਏ, ਜਿਨ੍ਹਾਂ 'ਚ ਵਿਦਿਆਰਥੀਆਂ ਤੋਂ ਇਲਾਵਾ ਹੋਰ ਸਿੱਖ ਕਾਰੋਬਾਰੀ ਤੇ ਏਅਰ ਫੋਰਸ ਤੋਂ ਸੇਵਾਮੁਕਤ ਸਿੱਖ ਪਰਿਵਾਰ ਵੀ ਸ਼ਾਮਲ ਸਨ। ਉਸ ਉਪਰੰਤ ਨਵੀਆਂ ਕਲੋਨੀਆਂ 'ਚ ਰਹਿ ਰਹੇ ਸਿੱਖ ਵਿਦਿਆਰਥੀਆਂ ਨੇ ਗਾਂਧੀਨਗਰ ਦੇ ਪਿੱਛੇ ਪੈਂਦੇ ਆਪਣੇ ਇੰਜੀਨੀਅਰਿੰਗ ਕਾਲਜ 'ਚ ਆਸਰਾ ਲਿਆ, ਜਿੱਥੇ ਦੁਪਹਿਰ ਸਮੇਂ 500 ਤੋਂ ਵੱਧ ਲੋਕਾਂ ਦੀ ਭੀੜ ਨੇ ਕਾਲਜ ਦੇ ਬਾਹਰੋਂ ਪੱਥਰਾਂ ਨਾਲ ਹਮਲਾ ਕਰ ਦਿੱਤਾ। ਪੁਲਿਸ ਫੋਰਸ ਨੇ 2 ਵਿਰੋਧੀ ਧੜਿਆਂ ਨੂੰ ਦੂਰ ਰੱਖਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਉਸਨੂੰ ਕੋਈ ਖਾਸ ਸਫਲਤਾ ਨਹੀਂ ਮਿਲੀ। ਉਥੇ ਉਮੜੀ ਦੰਗਾਕਾਰੀਆਂ ਦੀ ਭੀੜ ਤੇ ਸਿੱਖ ਵਿਦਿਆਰਥੀਆਂ ਨੂੰ ਕਾਬੂ ਕਰਨ ਦੌਰਾਨ ਪੁਲਿਸ ਦਾ ਐੱਸ.ਪੀ. ਡਾ. ਬੀ.ਉਮਾਪਥੀ ਵੀ ਜ਼ਖਮੀ ਹੋ ਗਿਆ, ਜਿਸ ਉਪਰੰਤ ਪੁਲਿਸ ਨੇ ਵਿਦਿਆਰਥੀਆਂ 'ਤੇ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਦਾਗੀਆਂ। ਇੰਜੀਨੀਅਰਿੰਗ ਕਾਲਜ ਦੀ ਛੱਤ ਤੋਂ ਸਾਫ ਦਿਖਾਈ ਦੇ ਰਿਹਾ ਸੀ ਕਿ ਬਾਹਰ ਗਾਂਧੀਨਗਰ ਵਿਖੇ ਕਿੱਦਾਂ ਉਨ੍ਹਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ ਤੇ ਸਾਮਾਨ ਦੀ ਤੋੜਭੰਨ ਤੇ ਲੁੱਟਮਾਰ ਕੀਤੀ ਗਈ।

ਇਹ ਸਭ 15 ਦੀ ਸ਼ਾਮ ਨੂੰ ਗੁਲਬਰਗਾ ਤੋਂ ਪੁਲਿਸ ਦਾ ਡੀ.ਆਈ.ਜੀ. ਐੱਸ.ਐੱਚ. ਪਾਵਟੇ ਦੇ ਆਪਣੀ ਫੋਰਸ ਸਮੇਤ ਉਥੇ ਪਹੁੰਚਣ ਤੀਕਰ ਚੱਲਦਾ ਰਿਹਾ। ਭਾਵੇਂ ਬਿਦਰ ਸ਼ਹਿਰ ਤੋਂ ਗੁਲਬਰਗਾ ਦੀ ਦੂਰੀ 120 ਕਿੱਲੋਮੀਟਰ ਹੈ, ਪਰ ਡੀ.ਆਈ.ਜੀ. ਪਾਵਟੇ ਉਥੇ ਸ਼ਾਮੀ 5.30 ਵਜੇ ਪਹੁੰਚਿਆ। ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਕੈਂਪਸ ਤੋਂ ਕੱਢ ਕੇ ਸ਼ਹਿਰ ਦੇ ਬਾਹਰਵਾਰ ਪੈਂਦੇ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਨਾਨਕ ਝੀਰਾ ਵਿਖੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਭਾਵੇਂ ਇਸ ਮਿਸ਼ਨ 'ਚ ਬਹੁਗਿਣਤੀ ਸਿੱਖ ਵਿਦਿਆਰਥੀਆਂ ਨੂੰ ਬਚਾ ਲਿਆ, ਪਰ ਉਨ੍ਹਾਂ ਦੇ 6 ਨਿਹੱਥੇ ਸਾਥੀ ਦੰਗਾਕਾਰੀਆਂ ਦੇ ਜਾਲ 'ਚ ਫਸ ਗਏ। ਉਨ੍ਹਾਂ ਨੂੰ ਜਿਸ ਤਰ੍ਹਾਂ ਕੋਹ-ਕੋਹ ਕੇ ਮਾਰਿਆ ਗਿਆ, ਉਹ ਕਿਸੇ ਬਿਮਾਰ ਮਾਨਸਿਕਤਾ ਵਾਲਿਆਂ ਦੀ ਦਰਿੰਦਗੀ ਤੋਂ ਘੱਟ ਨਹੀਂ ਸੀ।

ਇਸੇ ਦੌਰਾਨ ਬਾੜਾ ਬੰਕੀ ਦੇ ਦੋ ਭਰਾ ਅਮਰਜੀਤ ਸਿੰਘ ਤੇ ਹਰਵਿੰਦਰ ਸਿੰਘ, ਜੈਪੁਰ ਦਾ ਬਲਵਿੰਦਰ ਸਿੰਘ ਅਤੇ ਦਿੱਲੀ ਦਾ ਗੁਰਿੰਦਰ ਸਿੰਘ ਜੋ ਬਾਕੀ ਵਿਦਿਆਰਥੀਆਂ ਨਾਲ ਗੁਰਦੁਆਰੇ ਵੱਲ ਨਾ ਜਾ ਕੇ ਬਚਣ ਦੀ ਕੋਸ਼ਿਸ਼ ਕਰਦੇ ਹੋਏ ਨਾਲ ਲੱਗਦੇ ਖੇਤਾਂ ਵਿਚੋਂ ਦੀ ਨਿਕਲ ਕੇ ਹੈਦਰਾਬਾਦ ਨੂੰ ਜਾਂਦੀ ਸੜਕ ਵੱਲ ਭੱਜ ਗਏ। ਸ਼ਾਇਦ ਉਨ੍ਹਾਂ ਨੂੰ ਉਮੀਦ ਸੀ ਕਿ ਇੱਕ ਵਾਰੀ ਬੱਸ ਫੜ ਕੇ ਹੈਦਰਾਬਾਦ ਪਹੁੰਚ ਗਏ, ਤਾਂ ਉਥੋਂ ਸੁਰੱਖਿਅਤ ਆਪਣੇ-ਆਪਣੇ ਘਰ ਪਹੁੰਚ ਜਾਣਗੇ। ਪਰ ਹੋਣੀ ਨੂੰ ਉਨ੍ਹਾਂ ਦਾ ਇਸ ਤਰ੍ਹਾਂ ਬਚ ਕੇ ਜਾਣਾ ਗਵਾਰਾ ਨਹੀਂ ਸੀ। ਉਥੇ ਮੌਜੂਦ ਭਰੋਸੇਯੋਗ ਸੂਤਰਾਂ ਅਨੁਸਾਰ ਉਹ ਰਸਤੇ 'ਚ ਮੌਜੂਦ ਦੰਗਾਕਾਰੀਆਂ ਦੇ ਧੱਕੇ ਚੜ੍ਹ ਗਏ ਤੇ ਉਨ੍ਹਾਂ ਦੇ ਓਨੀ ਦੇਰ ਤੱਕ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਦੇ ਰਹੇ, ਜਦੋਂ ਤੱਕ ਉਨ੍ਹਾਂ ਨੂੰ ਪੂਰੀ ਤਸੱਲੀ ਨਹੀਂ ਹੋਈ ਕਿ ਇਹ ਮਰ ਚੁੱਕੇ ਹਨ। ਬਿਦਰ-ਹੈਦਰਾਬਾਦ ਮੁੱਖ ਸੜਕ ਤੋਂ ਕੁਝ ਕੁ ਗਜ਼ ਦੀ ਦੂਰੀ 'ਤੇ ਖੇਤਾਂ ਵਿਚਲੇ ਖੂਹ 'ਚੋਂ ਉਨ੍ਹਾਂ ਦੇ ਕਤਲ ਤੋਂ ਤਿੰਨ ਦਿਨਾਂ ਬਾਅਦ 18 ਸਤੰਬਰ 1988 ਨੂੰ ਉਨ੍ਹਾਂ ਚਾਰਾਂ ਦੀਆਂ ਵੱਢੀਆਂ-ਕੱਟੀਆਂ ਲਾਸ਼ਾਂ ਬਰਾਮਦ ਹੋਈਆਂ ਸਨ। ਇਨ੍ਹਾਂ ਤੋਂ ਇਲਾਵਾ ਜਨਤਾ ਪਾਰਟੀ ਦੇ ਇੱਕ ਸਥਾਨਕ ਨੇਤਾ ਕਾਸ਼ੀਨਾਥ ਰਾਓ ਬੁਲੇਰੇ ਦੇ ਫਾਰਮੇਸੀ ਕਾਲਜ ਦੇ ਵਿਦਿਆਰਥੀ, ਕੁਰੂਕਸ਼ੇਤਰ ਦੇ ਜਸਵੀਰ ਸਿੰਘ ਤੇ ਗੁਰਦਾਸਪੁਰ ਦੇ ਉਪਕਾਰ ਸਿੰਘ ਨੂੰ ਵੀ ਬੜੀ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਆਰਾ ਮਿੱਲ 'ਚ ਆਰੇ ਨਾਲ ਬੰਨ੍ਹੇ ਹੋਏ ਸਰਬਜੀਤ ਸਿੰਘ ਨਾਂ ਦੇ ਵਿਦਿਆਰਥੀ ਦੀ ਜਾਨ ਇਸ ਕਾਰਨ ਬਚ ਗਈ ਕਿਉਂਕਿ ਉਸ ਵਕਤ ਬੱਤੀ ਚਲੀ ਗਈ। ਉਸ ਤੋਂ ਬਾਅਦ ਉਸ ਨੂੰ ਸਕੂਟਰ ਦੇ ਪਿੱਛੇ ਬੰਨ੍ਹ ਕੇ ਖਿੱਚਣ ਉਪਰੰਤ ਜ਼ਖਮੀ ਹਾਲਤ 'ਚ ਛੱਡ ਕੇ ਭੱਜ ਗਏ।

ਨਾਗਰਿਕ ਏਕਤਾ ਮੰਚ ਦੀ ਟੀਮ ਦੇ ਉਹ 2 ਮੈਂਬਰ 18 ਸਾਲਾ ਇਲੈਕਟ੍ਰੋਨਿਕਸ ਦੇ ਪਹਿਲੇ ਸਾਲ ਦੇ ਬਠਿੰਡਾ ਦੇ ਵਿਦਿਆਰਥੀ ਕੁਲਦੀਪ ਸਿੰਘ ਨੂੰ ਵੀ ਮਿਲੇ, ਜਿਸ ਦੇ ਸਰੀਰ 'ਤੇ 12 ਜ਼ਖ਼ਮ ਸਨ। ਪੁਲਿਸ ਨੇ ਪਹਿਲਾਂ ਬੇਸੁਰਤ ਪਏ ਨੂੰ ਬਿਦਰ ਦੇ ਹਸਪਤਾਲ ਦਾਖਲ ਕਰਵਾਇਆ, ਜਿੱਥੋਂ ਉਸਨੂੰ ਹੈਦਰਾਬਾਦ ਦੇ ਓਸਮਾਨੀਆਂ ਹਸਪਤਾਲ ਭੇਜ ਦਿੱਤਾ। ਉਪਰੰਤ ਉਸਦੇ ਕਿਸਾਨ ਪਿਤਾ ਨੇ ਉਸ ਨੂੰ ਹੈਦਰਾਬਾਦ ਦੇ ਅਪੋਲੋ ਹਸਪਤਾਲ 'ਚ ਦਾਖਲ ਕਰਵਾਇਆ। ਇਕਬਾਲ ਸਿੰਘ ਨਾਂ ਦੇ ਸਿੱਖ ਵਪਾਰੀ ਦਾ ਰੈਸਟੋਰੈਂਟ, ਕੈਮਿਸਟ ਦਾ ਸਟੋਰ, ਇੱਕ ਗੋਦਾਮ ਤੇ ਇੱਕ ਮੈਸ ਨੂੰ ਨੁਕਸਾਨ ਪਹੁੰਚਾਇਆ। 15 ਸਤੰਬਰ ਦੀ ਰਾਤ ਨੂੰ ਪੰਜਾਬ ਐਂਡ ਸਿੰਧ ਬੈਂਕ ਦੀ ਇਮਾਰਤ ਨੂੰ ਅੱਗ ਲਗਾਈ ਗਈ। ਅਗਲੇ ਦਿਨ 16 ਸਤੰਬਰ ਨੂੰ ਜਦੋਂ ਸ਼ਹਿਰ 'ਚ ਸ਼ਾਂਤੀ ਬਣਾਈ ਰੱਖਣ ਲਈ ਸਥਾਨਕ ਪੁਲਿਸ ਤੇ ਕਰਨਾਟਕਾ ਸਪੈਸ਼ਲ ਰਿਜ਼ਰਵ ਪੁਲਿਸ ਫੋਰਸ ਨਾਲ ਜ਼ਿਲ੍ਹਾ ਪ੍ਰਸ਼ਾਸਨ ਮੀਟਿੰਗ ਕਰ ਰਿਹਾ ਸੀ, ਠੀਕ ਉਸੇ ਸਮੇਂ ਦੰਗਾਕਾਰੀਆਂ ਨੇ ਇੰਜੀਨੀਅਰਿੰਗ ਕਾਲਜ ਵਾਲੇ ਸਿੱਖ ਟਰੱਸਟੀ ਜੋਗਾ ਸਿੰਘ ਵੱਲੋਂ ਹੀ ਚਲਾਏ ਜਾ ਰਹੇ ਗੁਰੂ ਨਾਨਕ ਦੇਵ ਪੋਲੀਟੈਕਨਿਕ 'ਤੇ ਹਮਲਾ ਕਰਕੇ ਉੱਥੋਂ ਦਾ ਸਾਰਾ ਫਰਨੀਚਰ ਲੁੱਟਣ ਉਪਰੰਤ ਅੱਗ ਲਗਾ ਦਿੱਤੀ। ਸਵੇਰੇ 11 ਵਜੇ ਦੇ ਕਰੀਬ ਦਫਾ 144 ਲੱਗੀ ਹੋਣ ਦੇ ਬਾਵਜੂਦ ਇੱਕ ਸਿੱਖ ਐਕਸ ਸਰਵਿਸਮੈਨ ਦਾ ਘਰ ਜਲਾ ਦਿੱਤਾ ਗਿਆ। ਉਹ ਪਰਿਵਾਰ ਪਹਿਲਾਂ ਹੀ ਗੁਰਦੁਆਰੇ ਪਹੁੰਚ ਚੁੱਕਾ ਸੀ, ਜਿਸ ਕਾਰਨ ਦਾ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਇਨ੍ਹਾਂ ਦੰਗਿਆਂ ਦੇ ਪਿਛੋਕੜ ਨੂੰ ਆਰਥਿਕ ਸੰਦਰਭ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਬਿਦਰ ਸ਼ਹਿਰ 'ਚ ਮੈਡੀਕਲ ਕਾਲਜ ਦੀ ਮਨਜ਼ੂਰੀ ਨੂੰ ਲੈ ਕੇ ਕੈਪੀਟੇਸ਼ਨ ਫੀਸ ਆਧਾਰਿਤ ਤਣਾਅ ਸੀ। ਇੱਥੇ ਕਈ ਦਾਅਵੇਦਾਰ ਸਨ, ਜਿਨ੍ਹਾਂ 'ਚੋਂ ਜੋਗਾ ਸਿੰਘ, (ਗੁਰੂ ਨਾਨਕ ਝੀਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਝੀਰਾ ਸਾਹਿਬ ਐਜੂਕੇਸਨਲ ਫਾਊਂਡੇਸਨ ਦਾ ਮੁਖੀ, ਜਿਸ ਨੇ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ ਸਨ) ਵੀ ਇੱਕ ਮਜ਼ਬੂਤ ਦਾਅਵੇਦਾਰ ਸੀ। ਦੂਜੀਆਂ ਵਿਰੋਧੀ ਵਿੱਦਿਅਕ ਸੋਸਾਇਟੀਆਂ ਦੁਆਰਾ ਇਕ 'ਨਾਗਰਿਕ ਕਮੇਟੀ' ਬਣਾਈ ਗਈ ਸੀ, ਜੋ ਕਿ ਮੈਡੀਕਲ ਕਾਲਜ ਦੀ ਦੌੜ ਵਿਚ ਸੀ। ਪ੍ਰਦੇਸ ਭਾਜਪਾ ਸਕੱਤਰ ਦਾ ਸਮਰਥਨ ਪ੍ਰਾਪਤ ਕਾਸ਼ੀਨਾਥ ਰਾਓ ਬੇਲੂਰੇ ਵੀ ਇਸ ਦੌੜ 'ਚ ਸ਼ਾਮਲ ਸੀ। ਵਪਾਰਕ ਮੁਕਾਬਲੇਬਾਜ਼ੀ ਤੇ ਦੁਸ਼ਮਣੀ ਨੂੰ ਫਿਰਕੂ ਮੋੜ ਦੇਣ ਲਈ ਸਥਾਨਕ ਫਿਰਕੂ ਨੇਤਾਵਾਂ ਵੱਲੋਂ 2 ਭਾਈਚਾਰਿਆਂ ਦੇ ਮੈਂਬਰਾਂ ਵਿਚਕਾਰ ਨਫਰਤ ਫੈਲਾਉਣ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਪੰਜਾਬ ਬਾਰੇ ਮੀਡੀਆ ਵਿਚ ਰੋਜ਼ਾਨਾ ਆ ਰਹੀਆਂ ਖਬਰਾਂ ਤੋਂ ਇਹ ਪ੍ਰਭਾਵ ਫੈਲਾਇਆ ਕਿ ਇੱਥੇ ਸਿਰਫ ਹਿੰਦੂ ਹੀ ਮਾਰੇ ਜਾ ਰਹੇ ਹਨ, ਜਿਸ ਤਹਿਤ ਜਾਣਬੁੱਝ ਕੇ ਅਪੀਲ ਕੀਤੀ ਗਈ ਕਿ ਸਾਰੇ ਸਿੱਖ ਸੰਭਾਵੀ ਅੱਤਵਾਦੀ ਹਨ, ਜਿਨ੍ਹਾਂ ਤੋਂ ਬਿਦਰ ਨੂੰ ਖਤਰਾ ਹੋ ਸਕਦਾ ਹੈ, ਤਾਂ ਕਿ ਇਸ ਦੀ ਆੜ ਹੇਠ ਇੱਕ ਜਨਤਕ ਮੁੱਦਾ ਬਣਾ ਕੇ ਮੈਡੀਕਲ ਕਾਲਜ ਦੀ ਦਾਅਵੇਦਾਰੀ ਨੂੰ ਜੋਗਾ ਸਿੰਘ ਤੋਂ ਖੋਹ ਕੇ ਉਹ ਆਪ ਇਸ ਨੂੰ ਪ੍ਰਾਪਤ ਕਰ ਸਕਣ।

1988 'ਚ ਬਿਦਰ ਵਿਖੇ ਹੋਏ ਹਿੰਦੂ-ਸਿੱਖ ਦੰਗਿਆਂ ਦੀਆਂ ਘਟਨਾਵਾਂ ਦੀ ਰਿਪੋਰਟ ਰਾਸ਼ਟਰੀ ਅਖਬਾਰਾਂ 'ਚ ਛਪਣ ਵਿਚ ਬੇਲੋੜੀ ਦੇਰੀ ਹੋਈ। ਹਾਲਾਂਕਿ ਗੜਬੜੀ 14 ਤੋਂ 16 ਸਤੰਬਰ ਦੇ ਵਿਚਕਾਰ ਹੋਈ ਸੀ, ਪਰ ਲਗਭਗ ਇੱਕ ਹਫਤਾ ਬਾਅਦ ਰਾਸ਼ਟਰੀ ਪ੍ਰੈੱਸ ਨੇ ਇਨ੍ਹਾਂ ਰਿਪੋਰਟਾਂ ਨੂੰ ਪ੍ਰਕਾਸ਼ਿਤ ਕੀਤਾ। ਮੰਨ ਲਈਏ ਕਿ 14 ਦੀਆਂ ਘਟਨਾਵਾਂ 2 ਗਰੁੱਪਾਂ ਦੀ ਆਪਸੀ ਖਹਿਬਾਜ਼ੀ ਕਾਰਨ ਹੁੰਦੀਆਂ ਹਨ, ਤਾਂ ਅਗਲੇ 2 ਦਿਨਾਂ ਦੇ ਘਟਨਾਕ੍ਰਮ ਵਿਚ ਵਿਉਂਤਬੰਦੀ ਸਪੱਸ਼ਟ ਤੌਰ 'ਤੇ ਝਲਕਦੀ ਹੈ, ਜਦੋਂ ਸਿਰਫ ਤੇ ਸਿਰਫ ਸਿੱਖਾਂ, ਉਨ੍ਹਾਂ ਦੇ ਘਰਾਂ ਅਤੇ ਅਦਾਰਿਆਂ 'ਤੇ ਹਮਲੇ ਕੀਤੇ ਜਾਂਦੇ ਹਨ। ਬਿਦਰ ਦੰਗਿਆਂ ਤੋਂ ਬਾਅਦ, ਜਸਟਿਸ ਸ਼ਿਆਮਸੁੰਦਰ ਦੀ ਅਗਵਾਈ ਹੇਠ ਇੱਕ ਅਧਿਕਾਰਤ ਨਿਆਂਇਕ ਕਮੇਟੀ ਬਣਾਈ ਗਈ ਸੀ, ਜਿਸ ਨੇ 3 ਮਹੀਨਿਆਂ 'ਚ ਆਪਣੀ ਰਿਪੋਰਟ ਸੌਂਪਣੀ ਸੀ। ਰਾਜ ਸਰਕਾਰ ਨੇ 2 ਸਦਭਾਵਨਾ ਕਮੇਟੀਆਂ ਵੀ ਬਣਾਈਆਂ ਸਨ, ਪਹਿਲੀ ਵਿਚ ਸੁਰਜੀਤ ਸਿੰਘ ਬਰਨਾਲਾ, ਲੈਫਟੀਨੈਂਟ ਜਨਰਲ ਜਗਦੀਸ ਅਰੋੜਾ ਅਤੇ ਆਈ.ਕੇ. ਗੁਜਰਾਲ ਵਰਗੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਸਨ, ਜਦਕਿ ਦੂਜੀ 'ਚ ਕਰਨਾਟਕ ਦੇ ਵਿਧਾਇਕ ਸ਼ਾਮਲ ਸਨ। ਰਿਪੋਰਟ ਅਨੁਸਾਰ 29 ਸਤੰਬਰ 1988 ਤੱਕ 104 ਲੋਕ ਗ੍ਰਿਫਤਾਰ ਕੀਤੇ ਤੇ 3 ਕਤਲ ਦੇ ਮਾਮਲੇ ਦਰਜ ਕੀਤੇ ਗਏ ਸਨ।

86 ਬੈਚ ਦਾ ਵਿਦਿਆਰਥੀ ਕਸ਼ਮੀਰ ਸਿੰਘ ਸ਼ਾਹੀ, ਜਿਨ੍ਹਾਂ ਸਾਰਾ ਕੁਝ ਅੱਖੀਂ ਵੇਖਿਆ ਤੇ ਵਾਚਿਆ, ਨੇ ਦੱਸਿਆ ਕਿ ਬਿਦਰ ਦੇ ਸਥਾਨਕ ਲੋਕ ਪੰਜਾਬੀਆਂ ਦੇ ਵਧੀਆ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਢੰਗ ਤਰੀਕਿਆਂ ਤੋਂ ਖਾਰ ਖਾਂਦੇ ਸਨ। ਉਨ੍ਹਾਂ ਲਈ ਤਾਂ ਪੰਜਾਬੀਆਂ ਦੇ ਕੱਪੜੇ ਚੁੱਕਣੇ ਵੀ ਵੱਡੀ ਗੱਲ ਸੀ, ਜਿਸ ਤਹਿਤ ਉਨ੍ਹਾਂ ਨੇ ਉਥੇ ਪੰਜਾਬੀ ਵਿਦਿਆਰਥੀਆਂ ਦੇ ਘਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਕਸ਼ਮੀਰ ਸਿੰਘ ਸ਼ਾਹੀ ਹੋਰਾਂ ਅਨੁਸਾਰ ਉਹ 20-25 ਵਿਦਿਆਰਥੀ ਹਾਕੀਆਂ ਤੇ ਕਿਰਪਾਨਾਂ ਸਮੇਤ ਸ਼ਹਿਰ ਦੇ ਬਾਜ਼ਾਰਾਂ 'ਚ ਵੱਖ-ਵੱਖ ਘਰਾਂ 'ਚ ਰਹਿੰਦੇ ਪੰਜਾਬੀ ਮੁੰਡਿਆਂ ਨੂੰ ਲੱਭਣ ਤੁਰ ਪਏ। ਇਕੱਲੇ-ਦੁਕੱਲੇ ਵਿਦਿਆਰਥੀ ਉਨ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਉਨ੍ਹਾਂ ਨਾਲ ਰਲਦੇ ਗਏ। ਇਸ ਦੌਰਾਨ ਪੁਲਿਸ ਨੇ ਉਨ੍ਹਾਂ 'ਤੇ ਰਬੜ ਦੀਆਂ ਗੋਲੀਆਂ ਵੀ ਚਲਾਈਆਂ, ਜਿਸ ਕਾਰਨ ਗੁਰਦਾਸਪੁਰ ਨੇੜਲੇ ਧਾਰੀਵਾਲ ਸ਼ਹਿਰ ਦਾ ਫਾਰਮੇਸੀ ਕਾਲਜ ਦਾ ਇੱਕ ਵਿਦਿਆਰਥੀ ਡਰ ਕੇ ਭੱਜ ਗਿਆ। ਵਿਦਿਆਰਥੀਆਂ ਦੇ ਸਮੂਹ ਨੇ ਉਸ ਨੂੰ ਆਵਾਜ਼ਾਂ ਵੀ ਦਿੱਤੀਆਂ ਕਿ ਡਰਨ ਦੀ ਜ਼ਰੂਰਤ ਨਹੀਂ ਪਰ ਉਹ ਨਾ ਰੁਕਿਆ। ਜਿਸ ਕਾਰਨ ਅੱਗੇ ਜਾ ਕੇ ਉਹ ਦੰਗਾਕਾਰੀਆਂ ਦੇ ਧੱਕੇ ਚੜ੍ਹ ਗਿਆ ਤੇ ਉਥੇ ਉਨ੍ਹਾਂ ਨੇ ਉਸਨੂੰ ਜਾਨੋਂ ਮਾਰ ਦਿੱਤਾ। ਇੱਕ ਵਿਦਿਆਰਥੀ ਹੋਸਟਲ ਨੇੜਲੇ ਕਿਸੇ ਲੌਜ 'ਚ ਰਹਿੰਦਾ ਸੀ, ਜਿਸਨੂੰ ਲੌਜ 'ਚੋਂ ਕੱਢ ਕੇ ਉਸ ਦਾ ਵੀ ਕਤਲ ਕਰ ਦਿੱਤਾ।

ਗੁਰਦੁਆਰੇ 'ਚ ਮੌਜੂਦ ਕਾਰ ਸੇਵਾ ਵਾਲੇ ਨਿਸ਼ਾਨ ਬਾਬੇ ਨੇ ਵਿਦਿਆਰਥੀਆਂ ਦੀ ਪੂਰੀ ਸਹਾਇਤਾ ਕੀਤੀ। ਉਸਨੇ ਆਪਣੇ ਲੈਂਡਲਾਈਨ ਫੋਨ ਤੋਂ ਵਿਦਿਆਰਥੀਆਂ ਨੂੰ ਫੋਨ ਵੀ ਕਰਵਾਏ। ਉਸ ਸਮੇਂ ਟਰੰਕ ਕਾਲ ਐਕਸਚੇਂਜ 'ਚੋਂ ਬੁੱਕ ਕਰਵਾਉਣੀ ਪੈਂਦੀ ਸੀ ਪਰ ਐਕਸਚੇਂਜ ਵਾਲੇ ਵਾਰ-ਵਾਰ ਫੋਨ ਕੱਟ ਦਿੰਦੇ ਸਨ। ਕਸ਼ਮੀਰ ਸਿੰਘ ਸ਼ਾਹੀ ਹੋਰਾਂ ਦੱਸਿਆ ਕਿ ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਹਮਣੇ ਤੋਂ ਫੋਨ ਕਿਸੇ ਹੈਦਰ ਅਲੀ ਨਾਮਕ ਵਿਅਕਤੀ ਨੇ ਚੁੱਕਿਆ ਤੇ ਉਸਨੇ ਪੁੱਛਿਆ ਕਿ ਦੱਸੋ ਕਿਸਨੂੰ ਫੋਨ ਮਿਲਾਉਣਾ ਹੈ। ਉਨ੍ਹਾਂ ਦਿੱਲੀ ਦੇ ਅਨੰਦ ਬਖ਼ਸ਼ੀ ਨੂੰ ਫੋਨ ਮਿਲਾਇਆ, ਜਿਸਦਾ ਦੋਹਤਾ ਵੀ ਬਿਦਰ ਪੜ੍ਹਦਾ ਸੀ, ਜੋ ਕਿ ਉਸ ਵੇਲੇ ਸਾਬਕਾ ਮੰਤਰੀ ਬੂਟਾ ਸਿੰਘ ਦਾ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਸੀ। ਉਸ ਵੱਲੋਂ ਸੰਪਰਕ ਸਾਧਣ ਉਪਰੰਤ ਹੀ ਗੁਲਬਰਗਾ ਤੋਂ ਸਪੈਸ਼ਲ ਬਟਾਲੀਅਨ ਪਹੁੰਚੀ ਸੀ, ਜਿਸ ਨੇ ਬੱਸਾਂ ਰਾਹੀ ਵਿਦਿਆਰਥੀਆਂ ਨੂੰ ਕਾਲਜ ਤੋਂ ਸੁਰੱਖਿਅਤ ਗੁਰਦੁਆਰਾ ਸਾਹਿਬ ਵਿਖੇ ਪਹੁੰਚਾਇਆ ਸੀ। ਜੇਕਰ ਉਹ ਮਦਦ ਨਾ ਕਰਦੇ, ਤਾਂ ਸ਼ਾਇਦ ਹੋਰ ਵਧੇਰੇ ਜਾਨੀ ਮਾਲੀ ਨੁਕਸਾਨ ਹੋ ਜਾਂਦਾ। ਇਸ ਤੋਂ ਇਲਾਵਾ ਉਨ੍ਹਾਂ ਇੱਕ ਅਖਬਾਰ ਦੇ ਮੁੱਖ ਸੰਪਾਦਕ ਦੇ ਘਰ ਫੋਨ ਮਿਲਾਇਆ ਤੇ ਉਨ੍ਹਾਂ ਨੂੰ ਸਾਰੀ ਗੱਲਬਾਤ ਦੱਸੀ। ਇਸ ਤਰ੍ਹਾਂ ਕਈ ਦਿਨਾਂ ਬਾਅਦ ਅਖਬਾਰ 'ਚ ਖਬਰ ਲੱਗੀ ਸੀ।

ਇਸ ਤੋਂ ਇੱਕ ਗੱਲ ਹੋਰ ਵੀ ਸਾਬਤ ਹੁੰਦੀ ਹੈ ਕਿ ਹਜ਼ਾਰਾਂ ਦੀ ਗਿਣਤੀ 'ਚ ਭੜਕੇ ਦੰਗਾਕਾਰੀਆਂ ਨੇ ਜਿਹੜੇ 6 ਸਿੱਖ ਵਿਦਿਆਰਥੀਆਂ ਦਾ ਕਤਲ ਕੀਤਾ ਸੀ, ਉਹ ਬਾਜ਼ਾਰ 'ਚ ਸਹਿਜ ਸੁਭਾਅ ਘੁੰਮਦੇ ਭੀੜ ਦੇ ਅੜਿੱਕੇ ਚੜ੍ਹ ਗਏ ਸਨ। ਭਾਵ ਹਜ਼ਾਰਾਂ ਦੀ ਗਿਣਤੀ ਹੋਣ ਦੇ ਬਾਵਜੂਦ ਦੰਗਾਕਾਰੀਆਂ ਦੀ ਕਾਲਜ ਕੈਂਪਸ ਜਾਂ ਗੁਰਦੁਆਰੇ ਅੰਦਰ ਵੜਣ ਦੀ ਹਿੰਮਤ ਨਹੀਂ ਸੀ ਪਈ। ਇਹ ਸਿਹਰਾ ਪੰਜਾਬੀ ਵਿਦਿਆਰਥੀਆਂ ਦੇ ਏਕੇ ਨੂੰ ਜਾਂਦਾ ਹੈ।

## ਹਿਜਰਤਨਾਮਾ 73: ਬੀਬੀ ਜੀਤ ਕੌਰ ਉੱਗੀ

# ਦਸ ਲੱਖ ਪੰਜਾਬੀਆਂ ਦੀਆਂ ਲਾਸ਼ਾਂ ’ਤੇ ਆਜ਼ਾਦ ਭਾਰਤ ਦੀ ਖੜ੍ਹੀ ਹੈ ਬੁਨਿਆਦ

### ਆਜ਼ਾਦੀ ਦੇ ਓਹਲੇ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



“ਮੈਂ “ਜਦ ਵੰਡ ਦੀ ਹਨੇਰੀ ਝੁੱਲੀ, ਤਾਂ ਮੈਂ ਉਦੋਂ 9ਵੇਂ ਸਾਲ ’ਚ ਹੋਵਾਂਗੀ। ਮੈਂ ਆਪਣੇ ਬਚਪਨ ਦੇ ਮੁੱਢਲੇ ਸਾਲ ਸਰਗੋਧਾ ਦੇ ਪਿੰਡ, ਨਵਾਂ ਪਿੰਡ ਵਿਚ ਗੁਜ਼ਾਰੇ। ਉਥੇ ਸਾਡੇ ਦਾਦਾ ਜੀ ਨੂੰ ਗੋਰੇ ਵਲੋਂ ਮੁਰੱਬਾ ਅਲਾਟ ਸੀ। ਮੇਰਾ ਤਾਇਆ ਲਾਭ ਸਿੰਘ ਅਤੇ ਬਾਪ ਸੁਰੈਣ ਸਿੰਘ ਵੀ ਚੜ੍ਹਦੀ ਉਮਰੇ, ਬਾਬਾ ਜੀ ਦੇ ਨਾਲ ਹੀ ਗਏ। ਇਹ ਵਾਕਿਆ ਦੂਜੀ ਸੰਸਾਰ ਜੰਗ ਤੋਂ ਕੁੱਝ ਸਮਾਂ ਬਾਅਦ ਦਾ ਏ। ਮੇਰੇ ਬਾਪ ਅਤੇ ਚਾਚੇ ਦੀ ਸ਼ਾਦੀ ਉਧਰ ਹੀ ਹੋਈ। ਮੇਰੇ ਸਣੇ ਸਾਰੇ ਭੈਣ ਭਰਾਵਾਂ ਹਜ਼ਾਰਾ ਸਿੰਘ, ਸਵਰਨ ਸਿੰਘ, ਚਾਨਣ ਸਿੰਘ, ਸਵਰਨ ਕੌਰ, ਕਰਤਾਰ ਕੌਰ ਦਾ ਜਨਮ ਬਾਰ ਦਾ ਈ ਐ। ਵੈਸੇ ਸਾਡਾ ਜੱਦੀ ਪਿੰਡ ਤਨੇਲ ਨਵਾਂ (ਮਹਿਤਾ ਚੌਂਕ) ਹੈ। ਇਕ ਮੁਰੱਬੇ ਦੀ ਖੇਤੀ ਸੀ ਸਾਡੀ। ਬਜ਼ੁਰਗ ਫ਼ਸਲ ਬਹੁਤੀ ਨਰਮਾ, ਕਣਕ, ਗੰਨਾ ਹੀ ਬੀਜਦੇ। ਕਿਤੇ ਤਾਂ ਲੋਕਲ ਵਪਾਰੀ ਜਿਣਸ ਘਰਾਂ ’ਚੋਂ ਹੀ ਖ਼ਰੀਦ ਕਰ ਲੈ ਜਾਂਦੇ। ਕਈ ਦਫ਼ਾ ਪਿਤਾ ਜੀ ਜਿਣਸ ਨੂੰ ਗੱਡਿਆਂ ’ਤੇ ਲੱਦ, ਸਰਗੋਧਾ ਮੰਡੀ ਵੇਚ ਆਉਂਦੇ। ਰੌਲਿਆਂ ਤੋਂ ਕੋਈ ਢਾਈ ਕੁ ਵਰ੍ਹੇ ਪਹਿਲਾਂ ਮੇਰੇ ਚਾਚਾ ਜੀ, ਭਰਾ ਹਜ਼ਾਰਾ ਸਿੰਘ ਇਕ ਨੌਕਰ ਨਾਲ਼ ਲੈ ਕੇ ਬਹਾਵਲਪੁਰ ਜਾ ਪਹੁੰਚੇ। ਉਥੇ ਠੇਕੇ ’ਤੇ ਮੁਰੱਬਾ ਲੈ ਕੇ ਖੇਤੀ ਸ਼ੁਰੂ ਕੀਤੀ। ਭੈਣ ਸਵਰਨ ਕੌਰ ਵੀ ਰੋਟੀ ਟੁਕ ਲਈ ਨਾਲ਼ ਚਲੀ ਗਈ।

ਨਹਿਰ ਪਿੰਡੋਂ ਜ਼ਰਾ ਹੱਟਵੀਂ ਸੀ। ਪਿੰਡ ਵਿਚ ਦੋ ਟਿੰਡਾਂ ਵਾਲੇ ਖੂਹ ਵਗਦੇ। ਉਥੇ ਹੀ ਨਹਾਉਂਦੇ ਧੋਂਦੇ। ਪਸ਼ੂਆਂ ਨੂੰ ਪਾਣੀ ਡਾਹੁੰਦੇ। ਪਾਣੀ ਘੜੇ ਭਰਕੇ ਘਰ ਲਿਆਉਂਦੇ। ਉਹੀ ਫਟਕੜੀ ਪਾ ਕੇ ਪੀ ਛੱਡਦੇ।

ਪਿੰਡ ਵਿਚ ਇਕ ਗੁਰਦੁਆਰਾ ਸਜਦਾ। ਦਿਨ ਤਿਉਹਾਰ ਅਤੇ ਗੁਰਪੁਰਬ ਮਨਾਏ ਜਾਂਦੇ। ਮੇਰੇ ਭਾਈਆਂ, ਗ੍ਰੰਥੀ ਸਿੰਘ ਪਾਸੋਂ ਹੀ ਪੰਜਾਬੀ ਲਿਖਣੀ ਪੜ੍ਹਨੀ ਸਿੱਖੀ। ਸਕੂਲ, ਅੱਠਵੀਂ ਤੱਕ ਗੁਆਂਢੀ ਪਿੰਡ ਸੀ। ਜਦ ਰੌਲ਼ੇ-ਰੱਪੇ ਪਏ ਤਾਂ ਮੇਰਾ ਭਰਾ ਸਵਰਨ ਸੱਤਵੀਂ ਵਿਚ ਪੜ੍ਹਦਾ ਸੀ ਉਥੇ।

ਪਿੰਡ ਵਿਚ ਕੁੱਝ ਘਰ ਜੱਟ ਸਿੱਖਾਂ ਦੇ ਪਰ ਬਹੁ ਗਿਣਤੀ ਕੰਬੋਜ ਸਿੱਖਾਂ ਦੀ ਹੀ ਸੀ। ਬਾਕੀਆਂ ਵਿਚ ਛੋਟੀਆਂ ਬਰਾਦਰੀਆਂ ਦੇ ਕਾਮੇ ਲੋਕ। ਕੁੱਝ ਘਰ ਮੁਸਲਮਾਨ ਕਾਮਿਆਂ ਦੇ ਵੀ ਹੁੰਦੇ। ਆਪਸੀ ਭਾਈਚਾਰਕ ਸਾਂਝ ਸੀ। ਇਕ ਦੁਜੇ ਦੇ ਦੁੱਖ-ਸੁੱਖ ਵਿਚ ਸਾਂਝੀ ਹੁੰਦੇ। ਮੁਸਲਮਾਨ ਸਾਡੇ ਅਤੇ ਅਸੀਂ ਉਨ੍ਹਾਂ ਦੇ ਘਰਾਂ ਦਾ ਨਹੀਂ ਖਾਂਦੇ ਸਾਂ, ਹਾਂ ਪਰ ਸੁੱਕੀਆਂ ਚੀਜ਼ਾਂ ਦਾ ਆਦਾਨ-ਪ੍ਰਦਾਨ ਕਰ ਲੈਂਦੇ।

ਰੌਲਿਆਂ ਦਾ ਕੋਈ ਪਤਾ ਨਹੀਂ ਸੀ। ਅੱਜ ਦੀ ਤਰ੍ਹਾਂ ਕੋਈ ਰੇਡੀਓ, ਟੀ.ਵੀ. ਜਾਂ ਅਖ਼ਬਾਰਾਂ ਉਦੋਂ ਆਮ ਨਹੀਂ ਸਨ। ਕਿਧਰੇ ਕੋਈ ਸਰਗੋਧਾ ਜਾਂਦਾ ਤਾਂ ਕੋਈ ਨਵੀਂ ਖ਼ਬਰ ਸਾਰ ਲਿਆਉਂਦਾ। ਇਵੇਂ ਹੌਲ਼ੀ-ਹੌਲ਼ੀ ਖ਼ਬਰ ਆਮ ਹੋਣ ਲੱਗੀ ਕਿ ਪਾਕਿਸਤਾਨ ਬਣੇਗਾ। ਬਾਹਰ ਕੱਲਾ-ਦੁਕੱਲਾ ਹਿੰਦੂ-ਸਿੱਖ ਮਿਲਦਾ ਤਾਂ ਮਾਰ ਦਿੱਤਾ ਜਾਂਦਾ। ਲੁੱਟ-ਮਾਰ ਅਤੇ ਉਧਾਲਿਆਂ ਦੀਆਂ ਵੀ ਕਨਸੋਆਂ ਮਿਲਦੀਆਂ। ਇਹ ਸਭ ਕੀ ਹੈ, ਸਾਨੂੰ ਪਤਾ ਨਹੀਂ ਸੀ ਪਰ ਵਡੇਰਿਆਂ ਨੂੰ ਘਰਾਂ ਵਿਚ ਅਕਸਰ ਅਜਿਹੀਆਂ ਘਟਨਾਵਾਂ ਦੀ ਚਰਚਾ ਕਰਦੇ ਸੁਣਦੇ। ਰੌਲ਼ੇ ਵਧਦੇ ਗਏ। ਪਿੰਡ ਦੇ ਸਿਆਣਿਆਂ ਦਾ ਗੁਰਦੁਆਰੇ ’ਕੱਠ ਹੋਇਆ। ਸਾਰਿਆਂ ਸਰਗੋਧਾ ਦੇ ਰਫਿਊਜੀ ਕੈਂਪ ਲਈ ਤਿਆਰ ਹੋਣ ਦਾ ਮਤਾ ਪਾਸ ਕੀਤਾ। ਉਦੋਂ ਤੱਕ ਪਿੰਡ ਦੇ ਨੌਜਵਾਨਾਂ ਦਾ ਵਾਰੀ ਸਿਰ ਪਹਿਰਾ ਬੰਨ੍ਹ ਦਿੱਤਾ ਗਿਆ। ਰਾਤਾਂ ਨੂੰ ਬੋਲਿ ਸੋ ਨਿਹਾਲ ਦੇ ਜੈਕਾਰੇ ਉੱਚੇ ਉੱਠਦੇ। ਇਵੇਂ ਚੜ੍ਹਦੇ ਸਾਉਣ ਨੂੰ ਇਕ ਦਿਨ ਰਸਤੇ ਲਈ ਰਸਦ ਅਤੇ ਕੀਮਤੀ ਸਮਾਨ ਦੇ ਗੱਡੇ ਲੱਦ ਕੇ, ਸਰਗੋਧਾ ਲਈ ਹੱਕ ਲਏ। ਕੈਂਪ ਵਿਚ ਜਾ ਕੇ ਬਲਦ ਅਤੇ ਗੱਡੇ ਛੱਡਤੇ। ਹਫ਼ਤੇ ਦੇ ਠਹਿਰਾ ਤੋਂ ਬਾਅਦ ਗੱਡੀ ਚੜ੍ਹ, ਲਾਹੌਰ-ਅੰਬਰਸਰ ਹੁੰਦੇ ਦੁੱਖ, ਕਸ਼ਟ, ਫਾਕੇ ਝਾਗਦੇ ਤਨੇਲ ਨਵਾਂ (ਚੌਂਕ ਮਹਿਤਾ) ਬਗੈਰ ਕੁੱਝ ਖੱਟਿਆਂ, ਜਿਵੇਂ ਗਏ ਸਾਂ, ਉਵੇਂ ਵਾਪਸ ਪਰਤ ਆਏ। ਰਸਤੇ ’ਚ ਰੇਲਵੇ ਲਾਈਨਾਂ ਅਤੇ ’ਟੇਸ਼ਣਾ ਦੇ ਆਰ-ਪਾਰ ਕਈ ਵੱਡੀਆਂ ਟੁੱਕੀਆਂ ਲਾਸ਼ਾਂ ਦੇਖਣ ਨੂੰ ਮਿਲੀਆਂ। ਅੰਬਰਸਰ ਬਸ ਅੱਡੇ ਦੇ ਬਾਹਰ ਗੋਲੀ ਚੱਲੀ। ਜਿਸ ਵਿਚ ਕਈ ਮਰਦ, ਔਰਤਾਂ ਅਤੇ ਬੱਚੇ ਮਾਰੇ ਗਏ।



ਬੀਬੀ ਜੀਤ ਕੌਰ ਅਤੇ ਉਨ੍ਹਾਂ ਦੇ ਪੁੱਤਰ ਰਣਧੀਰ ਸਿੰਘ ਨਾਲ, ਲੇਖਕ ਮੁਲਾਕਾਤ ਸਮੇਂ।

ਬਹਾਵਲਪੁਰ ਤੋਂ ਭਾਈ ਹਜ਼ਾਰਾ ਸਿੰਘ ਤਾਂ ਸਾਉਣ ਮਹੀਨੇ ਆ ਗਏ ਪਰ ਚਾਚਾ ਜੀ ਅਤੇ ਭੈਣ ਸਵਰਨ ਕੌਰ ਅੱਸੂ ਵਿਚ ਆਏ। ਇਥੇ ਹੌਲੀ-ਹੌਲੀ ਸਭ ਕੁੱਝ ਆਮ ਵਾਂਗ ਹੋਣ ਲੱਗਾ। ਕੱਚੇ ਤੌਰ ’ਤੇ ਮੁਸਲਮਾਨਾਂ ਵਲੋਂ ਛੱਡੀਆਂ ਜ਼ਮੀਨਾਂ ਵਾਹੁਣ ਲੱਗੇ। ਪਿੰਡ ਸਕੂਲ ਕੋਈ ਨਹੀਂ ਸੀ, ਸੋ ਸਾਰੇ ਛੋਟੇ ਬੱਚਿਆਂ ਤਾਈਂ ਤਰਸਿੱਕਾ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਤਾ। ਫਿਰ ਸਾਡੇ ਬਜ਼ੁਰਗਾਂ ਆਪਣੇ ਖਰਚੇ ’ਤੇ ਛੋਟਾ ਸਕੂਲ ਖੋਲ੍ਹਿਆ। ਟੀਚਰ ਵੀ ਰੱਖਿਆ। ਅੱਜ ਉਹ ਸਰਕਾਰੀ ਹਾਈ ਸਕੂਲ ਹੋਇਐ।

ਮੇਰੀ ਸ਼ਾਦੀ 1960 ਦੇ ਕਰੀਬ 26 ਚੱਕ ਸਰਗੋਧਾ ’ਚੋਂ ਹੀ ਆਏ ਉੱਗੀ-ਜਲੰਧਰ ਪਰਿਵਾਰ ਦੇ ਸ. ਬਚਨ ਸਿੰਘ ਪੁੱਤਰ ਸ. ਸੁੰਦਰ ਸਿੰਘ ਜੋਸਨ ਨਾਲ ਹੋਈ। ਪਤੀ ਹੋਰੀਂ ਕੁੱਝ ਵਰ੍ਹੇ ਪਹਿਲਾਂ ਸਦੀਵੀ ਵਿਛੋੜਾ ਦੇ ਗਏ। ਇਸ ਵਕਤ ਮੈਂ ਆਪਣੇ ਪੁੱਤਰਾਂ ਰਣਧੀਰ, ਬਲਵੀਰ, ਸੰਤੋਖ, ਤਰਲੋਕ, ਧੀਆਂ ਹਰਭਜਨ, ਜਸਵਿੰਦਰ, ਸਰਬਜੀਤ, ਪੁੱਤ ਪੋਤਿਆਂ ਨੂੰਹਾਂ ਧੀਆਂ ਦੇ ਵੱਡ ਪਰਿਵਾਰ ਵਿਚ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਹੀ ਹਾਂ। ਦੁੱਖ ਐ ਕਿ 26-27 ਸਾਲ ਬਜ਼ੁਰਗਾਂ ਨੇ ਸਰਗੋਧਾ ਬਾਰ ਦੇ ਜੰਗਲ ਟਿੱਬੇ ਵਾਹ ਕੇ ਪੱਧਰਾ ਕਰਨ ਨੂੰ ਲਾਏ ਪਰ ਸਭ ਕੁੱਝ ਰੇਤਾ ਵਾਂਗ ਹੱਥੋਂ ਕਿਰ ਗਿਆ। ਹੌਕਾ ਲੈ ਕੇ ਸ਼ਾਂਤ ਹੋ ਜਾਈਦਾ ਹੈ ਕਿ ਇੰਨਾ ਹੀ ਬਹੁਤ ਹੈ ਕਿ ਚਲੋ ਪਰਿਵਾਰ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਰਬਾਂ ਦੀ ਸੰਪਤੀ ਤਮਾਸ਼ਾਈਆਂ ਵਲੋਂ ਤਬਾਹ ਕਰਤੀ। ਕਰੋੜਾਂ ਪੰਜਾਬੀਆਂ ਨੂੰ ਇਧਰੋਂ-ਉਧਰੋਂ ਉੱਠਣਾ ਪਿਆ। ਹਜ਼ਾਰਾਂ ਔਰਤਾਂ ਨੂੰ ਧਾੜਵੀਆਂ ਵਲੋਂ ਜ਼ਬਰੀ ਉਠਾ ਕੇ ਬੇਇੱਜ਼ਤ ਕੀਤਾ। ਦਸ ਲੱਖ ਪੰਜਾਬੀਆਂ ਦੀਆਂ ਲਾਸ਼ਾਂ ’ਤੇ ਆਜ਼ਾਦ ਭਾਰਤ ਦੀ ਬੁਨਿਆਦ ਖੜ੍ਹੀ ਹੈ। -ਸਾਡੀ ਕਾਹਦੀ ਆਜ਼ਾਦੀ ?”- ਬੀਬੀ ਜੀਤ ਕੌਰ ਹੁਰਾਂ ਮੱਥੇ ’ਤੇ ਹੱਥ ਮਾਰਦਿਆਂ ਕਿਹਾ।

---

# ਪਹਿਲਾਂ ਖਾਸ-ਖਾਸ ਖਬਰਾਂ --- ਹੁਣ ਖਬਰਾਂ ਵਿਸਥਾਰ ਨਾਲ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਜਦੋਂ ਤੋਂ ਰੇਡੀਓ ਹੋਂਦ ਵਿਚ ਆਇਆ ਹੈ ਖ਼ਬਰਾਂ ਇਸਦੇ ਅੰਗ-ਸੰਗ ਰਹੀਆਂ ਹਨ। ਬਲਕਿ ਖ਼ਬਰਾਂ ਇਸਦਾ ਅਹਿਮ ਅੰਗ ਰਹੀਆਂ ਹਨ।

ਟੈਲੀਵਿਜ਼ਨ ਦੀ ਆਮਦ ਨਾਲ ਭਾਵੇਂ ਰੇਡੀਓ ਦਾ ਬੋਲਬਾਲਾ ਘੱਟ ਗਿਆ ਪਰ ਪਾਠਕ ਹੈਰਾਨ ਹੋਣਗੇ ਕਿ ਆਕਾਸ਼ਵਾਣੀ ਦੇ ਮੁੱਖ ਦਫ਼ਤਰ ਦਿੱਲੀ ਤੋਂ ਅੱਜ ਵੀ 52 ਘੰਟੇ ਤੋਂ ਵੱਧ ਸਮੇਂ ਲਈ ਦੇਸ਼-ਵਿਦੇਸ਼ ਦੀਆਂ 82 ਭਾਸ਼ਾਵਾਂ, ਬੋਲੀਆਂ ਵਿਚ 500 ਤੋਂ ਵੱਧ ਖ਼ਬਰ ਬੁਲਿਟਨ ਪ੍ਰਸਾਰਿਤ ਹੁੰਦੇ ਹਨ। ਇਨ੍ਹਾਂ ਦਾ ਪ੍ਰਸਾਰਨ ਦੇਸ਼ ਦੀਆਂ 44 ਖੇਤਰੀ ਇਕਾਈਆਂ ਦੁਆਰਾ ਕੀਤਾ ਜਾਂਦਾ ਹੈ। ਇਹ ਪ੍ਰਸਾਰਨ ਆਕਾਸ਼ਵਾਣੀ ਦੇ ਜੁਦਾ-ਜੁਦਾ ਚੈਨਲਾਂ ’ਤੇ ਹੁੰਦਾ ਹੈ।

ਘਰੇਲੂ ਸੇਵਾਵਾਂ ਤਹਿਤ ਦਿੱਲੀ ਤੋਂ 89 ਖ਼ਬਰ ਬੁਲਿਟਨ ਪ੍ਰਸਾਰਿਤ ਕੀਤੇ ਜਾਂਦੇ ਹਨ। ਐੱਫ.ਐੱਮ. ਮੋਲਡ ਚੈਨਲ ਤੋਂ ਇਹ ਬੁਲਿਟਨ ਹਰੇਕ ਘੰਟੇ ਦੇ ਵਕਫ਼ੇ ਬਾਅਦ ਪੇਸ਼ ਕੀਤੇ ਜਾਂਦੇ ਹਨ।

ਆਕਾਸ਼ਵਾਣੀ ਦੀ ਖ਼ਬਰ ਬੁਲਿਟਨ ਪੇਸ਼ ਕਰਨ ਦੀ ਆਪਣੀ ਵਿਸ਼ੇਸ਼ ਸ਼ੈਲੀ, ਆਪਣਾ ਵਿਸ਼ੇਸ਼ ਢੰਗ-ਤਰੀਕਾ ਰਿਹਾ ਹੈ। ਉਸ ਢੰਗ-ਤਰੀਕੇ ਨੂੰ ਉਸਨੇ ਦਹਾਕਿਆਂ ਤੱਕ ਉਵੇਂ ਬਰਕਰਾਰ ਰੱਖਿਆ ਹੈ। ਹਰੇਕ ਨਿਊਜ਼ ਰੀਡਰ ਬੁਲਿਟਨ ਦੇ ਆਰੰਭ ਵਿਚ ਕਹਿੰਦਾ ਹੈ, “ਪਹਿਲਾਂ ਖ਼ਾਸ ਖ਼ਾਸ ਖ਼ਬਰਾਂ...।” ਖ਼ਾਸ-ਖ਼ਾਸ ਖ਼ਬਰਾਂ ਪੜ੍ਹਨ ਤੋਂ ਬਾਅਦ ਕਿਹਾ ਜਾਂਦਾ ਹੈ, “ਹੁਣ ਖ਼ਬਰਾਂ ਵਿਸਥਾਰ ਨਾਲ...।” ਫਿਰ ਜਦ ਦੂਰਦਰਸ਼ਨ ਦੀ ਸ਼ੁਰੂਆਤ ਹੋਈ, ਤਾਂ ਇਸਦੇ ਸਾਰੇ ਖੇਤਰੀ ਚੈਨਲਾਂ ਨੇ ਵੀ ਇਸੇ ਸ਼ੈਲੀ ਨੂੰ ਅਪਣਾ ਲਿਆ।

ਖ਼ਬਰਾਂ ਦੇ ਖੇਤਰ ਵਿਚ ਰੇਡੀਓ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਅੱਜ ਵੀ ਹੈ ਅਤੇ ਭਵਿੱਖ ਵਿਚ ਵੀ ਬਣੀ ਰਹੇਗੀ। ਭਾਰਤ ਦੇ, ਦੁਨੀਆਂ ਦੇ ਕਈ ਹਿੱਸੇ ਹਨ, ਜਿੱਥੇ ਟੈਲੀਵਿਜ਼ਨ ਦੀ ਪਹੁੰਚ ਨਹੀਂ ਹੈ। ਲੋਕਾਂ ਦੇ ਅਜਿਹੇ ਵਰਗ, ਅਜਿਹੇ ਸਮੂਹ ਹਨ, ਜਿਨ੍ਹਾਂ ਵਿਚ ਟੀ.ਵੀ. ਸੈੱਟ ਖਰੀਦਣ ਦੀ ਸਮਰੱਥਾ ਨਹੀਂ। ਅਜਿਹੀਆਂ ਸਥਿਤੀਆਂ ਵਿਚ ਦੇਸ਼-ਦੁਨੀਆਂ ਦੀ ਜਾਣਕਾਰੀ ਅਤੇ ਤਾਜ਼ਾ ਖ਼ਬਰਾਂ ਲਈ ਰੇਡੀਓ ਬੇਹੱਦ ਕਾਰਗਰ ਮਾਧਿਅਮ ਹੈ। ਸਰਕਾਰਾਂ ਦੇ ਫੈਸਲੇ, ਸਰਕਾਰਾਂ ਦੀਆਂ ਨੀਤੀਆਂ ਨੂੰ ਅਜਿਹੇ ਦੂਰ-ਦੁਰਾਡੇ ਵੱਸਦੇ ਲੋਕਾਂ ਤੱਕ ਪਹੁੰਚਾਉਣ ਵਿਚ ਰੇਡੀਓ ਨੇ ਵੱਡਾ ਯੋਗਦਾਨ ਪਾਇਆ ਹੈ।



ਰੇਡੀਓ, ਟੈਲੀਵਿਜ਼ਨ ’ਤੇ ਖ਼ਬਰਾਂ ਪੜ੍ਹਨਾ ਇਕ ਹੁਨਰ, ਇਕ ਕਲਾ ਹੈ। ਭਾਰਤ ਵਿਚ ਬਹੁਤ ਸਾਰੇ ਨਿਊਜ਼ ਐਂਕਰ ਹਨ, ਜਿਨ੍ਹਾਂ ਨੇ ਇਸ ਖੇਤਰ ਵਿਚ ਨਿਵੇਕਲੀ ਪਹਿਚਾਣ ਬਣਾਈ ਹੈ। ਲੰਮਾ ਸਮਾਂ ਖ਼ਬਰਾਂ ਪੜ੍ਹਨ ਉਪਰੰਤ ਕਈ ਐਂਕਰਾਂ ਨੇ ਆਪਣੇ ਖ਼ਬਰ ਚੈਨਲ ਆਰੰਭ ਕਰ ਲਏ ਅਤੇ ਬੜੇ ਕਾਮਯਾਬ ਰਹੇ। ਜਿਨ੍ਹਾਂ ਨੇ ਪਹਿਚਾਣ ਸਥਾਪਿਤ ਕੀਤੀ ਅਤੇ ਜਿਨ੍ਹਾਂ ਨੇ ਚੈਨਲ ਆਰੰਭ ਕਰਕੇ ਨਾਮਣਾ ਖੱਟਿਆ, ਉਨ੍ਹਾਂ ਵਿਚ ਅਜਿਹਾ ਕੀ ਸੀ, ਜਿਸਨੇ ਉਨ੍ਹਾਂ ਨੂੰ ਸ਼ੁਹਰਤ ਦਵਾਈ।

ਉਨ੍ਹਾਂ ਦੀ ਆਵਾਜ਼ ਸੁਣਨ ਵਾਲੇ ਦੇ ਦਿਲ ਦਿਮਾਗ ’ਤੇ, ਮਨ ’ਤੇ ਅਸਰ ਕਰਦੀ ਹੈ। ਕੰਨਾਂ ਨੂੰ ਚੰਗੀ ਲੱਗਦੀ ਹੈ। ਉਚਾਰਨ ਦੌਰਾਨ ਸ਼ਬਦਾਂ ਦੀ ਸਹੀ ਧੁਨੀ ਪੈਦਾ ਕਰਦੇ ਹਨ। ਉਨ੍ਹਾਂ ਨੂੰ ਆਪਣੀ ਭਾਸ਼ਾ ਦੀ ਸਮਝ ਸੀ, ਪਕੜ ਸੀ। ਸ਼ਬਦਾਂ ਦਾ ਉਚਾਰਨ ਸੰਬੰਧਤ ਭਾਸ਼ਾ ਦੇ ਮੁਹਾਵਰੇ ਅਨੁਸਾਰ ਹੁੰਦਾ ਸੀ। ਉਹ ਪੂਰੇ ਸਵੈ-ਵਿਸ਼ਵਾਸ ਨਾਲ ਖ਼ਬਰਾਂ ਪੜ੍ਹਦੇ ਸਨ। ਵਿਸ਼ਰਾਮ, ਅਰਧ-ਵਿਸ਼ਰਾਮ ਦੀ ਸਹੀ ਵਰਤੋਂ ਕਰਦਿਆਂ ਠੇਠ ਉਚਾਰਨ ਨੂੰ ਤਰਜੀਹ ਦਿੰਦੇ ਸਨ। ਉਹ ਖ਼ਬਰਾਂ ਪੜ੍ਹਦੇ ਵਕਤ ਖ਼ਬਰ ਅਨੁਸਾਰ, ਘਟਨਾ ਮੁਤਾਬਕ ਹਾਵ-ਭਾਵ ਅਤੇ ਉਚਾਰਨ ਦਾ ਲਹਿਜ਼ਾ ਤਬਦੀਲ ਕਰਨ ਦੀ ਸਮਰੱਥਾ ਰੱਖਦੇ ਸਨ। ਉਹ ਖ਼ਬਰਾਂ ਪੜ੍ਹਨ ਦੀ ਗਤੀ ਦਾ ਖਿਆਲ ਰੱਖਦਿਆਂ ਸਹਿਜ ਤੇ ਠਹਿਰਾਅ ਨਾਲ ਖ਼ਬਰਾਂ ਪੜ੍ਹਦੇ ਸਨ, ਤਾਂ ਜੋ ਸਰੋਤੇ ਅਤੇ ਦਰਸ਼ਕ ਸਮਝ ਸਕਣ। ਖ਼ਬਰ ਵਿਚ, ਘਟਨਾ ਵਿਚ ਵਿਸ਼ੇਸ਼ ਮਹੱਤਵ ਰੱਖਣ ਵਾਲੇ ਸ਼ਬਦਾਂ ’ਤੇ ਲੋੜ ਅਨੁਸਾਰ ਵਧੇਰੇ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਸ਼ਖਸੀਅਤ, ਉਨ੍ਹਾਂ ਦੀ ਦਿੱਖ, ਉਨ੍ਹਾਂ ਦੀ ਸਮਝ, ਉਨ੍ਹਾਂ ਦਾ ਸਲੀਕਾ, ਉਨ੍ਹਾਂ ਦਾ ਸਹਿਜ, ਉਨ੍ਹਾਂ ਦੀ ਪ੍ਰਤਿਭਾ ਦਰਸ਼ਕ-ਮਨਾਂ ਉੱਪਰ ਗਹਿਰਾ ਪ੍ਰਭਾਵ ਪਾਉਂਦੇ ਸਨ। ਉਹ ਸੰਜੀਦਗੀ ਦਾ ਪੱਲਾ ਨਹੀਂ ਛੱਡਦੇ ਸਨ। ਅੱਜ ਦੇ ਨਿਊਜ਼ ਐਂਕਰਾਂ ਅਤੇ ਉਨ੍ਹਾਂ ਵਿਚ ਇਹੀ ਬੁਨਿਆਦੀ ਅੰਤਰ ਸਨ।

ਆਰੰਭ ਤੋਂ ਅੰਤ ਤੱਕ ਇਕ ਰਿਦਮ, ਇਕ ਰਵਾਨਗੀ ਹੁੰਦੀ ਸੀ। ਉਚਾਰਨ ਸਹੀ, ਸਪੱਸ਼ਟ ਤੇ ਸਮਝ ਵਿਚ ਆਉਣ ਵਾਲਾ ਹੁੰਦਾ ਸੀ। ਲੋੜ ਅਨੁਸਾਰ ਆਵਾਜ਼ ਵਿਚ ਉਤਰਾਅ-ਚੜ੍ਹਾਅ ਲਿਆਉਂਦੇ ਸਨ। ਇੰਝ ਕਰਨ ਨਾਲ ਉਨ੍ਹਾਂ ਦੀ ਰੇਡੀਓ, ਟੀ.ਵੀ. ’ਤੇ ਪੇਸ਼ਕਾਰੀ ਮਿਆਰੀ, ਆਕਰਸ਼ਕ, ਦਿਲਚਸਪ, ਸੁਹਾਵਣੀ ਅਤੇ ਵੇਖਣ-ਸੁਣਨ ਯੋਗ ਹੋ ਜਾਂਦੀ ਸੀ। ਸਰੋਤਿਆਂ, ਦਰਸ਼ਕਾਂ ਨੂੰ ਅਜਿਹੀ ਪੇਸ਼ਕਾਰੀ ਆਪਣੇ ਅਨੁਕੂਲ ਅਤੇ ਉੱਚ-ਮਿਆਰੀ ਲੱਗਦੀ ਸੀ। ਉਹ ਉਨ੍ਹਾਂ ਨੂੰ ਵਾਰ ਵਾਰ ਵੇਖਣਾ-ਸੁਣਨਾ ਚਾਹੁੰਦੇ ਸਨ। ਅਜਿਹੇ ਰੇਡੀਓ, ਟੀ.ਵੀ. ਐਂਕਰਾਂ ਦੀ ਲੰਮੀ ਸੂਚੀ ਹੈ। ਭਾਵੇਂ 20-30-40 ਸਾਲ ਬੀਤ ਗਏ ਹਨ ਪਰੰਤੂ ਲੋਕ ਉਨ੍ਹਾਂ ਨੂੰ ਭੁੱਲੇ ਨਹੀਂ, ਅੱਜ ਵੀ ਯਾਦ ਕਰਦੇ ਹਨ। ਕਿਸੇ ਖੇਤਰ-ਵਿਸ਼ੇਸ਼ ਵਿਚ ਐਵੇਂ ਨਾਂ ਨਹੀਂ ਬਣਦਾ। ਲਗਾਤਰ ਮਿਹਨਤ ਕਰਨੀ ਪੈਂਦੀ ਹੈ। ਕੁਰਬਾਨੀ ਦੇਣੀ ਪੈਂਦੀ ਹੈ। ਸਮਾਂ ਦੇਣਾ ਪੈਂਦਾ ਹੈ। ਧਿਆਨ ਲਗਾਉਣਾ ਪੈਂਦਾ ਹੈ। ਕਾਸ਼ ਅੱਜ ਦੇ ਨਿਊਜ਼ ਐਂਕਰ ਵੀ ਅਜਿਹਾ ਕਰ ਪਾਉਂਦੇ।

# ਅਜੋਕੇ ਸਮੇਂ ਸਾਡੇ ਸਮਾਜ ਔਰਤ ਵੱਲੋਂ ਧੀ, ਨੂੰਹ ਅਤੇ ਸੱਸ ਦਾ ਸਫਰ..



ਸ਼ਿੰਦਰ ਸਿੰਘ ਮੀਰਪੁਰੀ
ਅਮਰੀਕਾ ਕੈਲੀਫੋਰਨੀਆ
559-285-0841
(Punjab Mail USA)



ਅਜੋਕੇ ਸਮੇਂ ਸਾਡੇ ਸਮਾਜ ਅੰਦਰ ਜੇਕਰ ਔਰਤ ਦੀ ਸਥਿਤੀ ਪ੍ਰਤੀ ਚਿੰਤਨ ਕਰਨ ਲੱਗੀਏ, ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਬਿਨਾਂ ਸ਼ੱਕ ਔਰਤ ਨੂੰ ਗੁਰਬਾਣੀ ਅੰਦਰ ਵੱਡਾ ਸਤਿਕਾਰ ਦਿੱਤਾ ਗਿਆ ਹੈ ਪਰ ਅੱਜ ਦੀ ਘੜੀ ਔਰਤ ਦੇ ਸਥਿਤੀ ਸਾਡੇ ਸਮਾਜ ਅੰਦਰ ਕੀ ਬਣ ਚੁੱਕੀ ਹੈ ਇਹ ਵੀ ਸੋਚਣ ਦਾ ਵਿਸ਼ਾ ਹੈ। ਲੰਘੇ ਸਮੇਂ ਔਰਤ ਵੱਲੋਂ ਸਮਾਜ ਨੂੰ ਇੱਕ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕਰਦਿਆਂ ਵੱਡੇ ਪੱਧਰ 'ਤੇ ਫੇਰ ਬਦਲ ਨੂੰ ਅੰਜਾਮ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਔਰਤ ਦੀ ਉਸਤੱਤ ਕਰਦਿਆਂ ਆਖਿਆ ਕਿ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'। ਸੋ ਇਸੇ ਤਰ੍ਹਾਂ ਹੋਰ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਅੰਦਰ ਔਰਤ ਨੂੰ ਵਡਿਆਈ ਦੇ ਨਾਲ ਨਿਵਾਜਿਆ ਗਿਆ ਹੈ। ਇਹ ਵੀ ਸੱਚ ਹੈ ਕਿ ਜਿੱਥੇ ਔਰਤ ਅੱਜ ਤਕੜੀ ਹੋ ਕੇ ਸਮਾਜ ਨੂੰ ਅੱਗੇ ਲਿਜਾਣ ਵਿਚ ਸਹਾਈ ਹੁੰਦੀ ਹੈ, ਉੱਥੇ ਹੀ ਬਹੁਤ ਸਾਰੇ ਖੇਤਰ ਅੰਦਰ ਔਰਤ ਦੀ ਦੁਰਦਸ਼ਾ ਕਿਸੇ ਤੋਂ ਲੁਕੀ ਨਹੀਂ ਹੈ। ਕਿਉਂਕਿ ਕਈ ਖੇਤਰ ਅੰਦਰ ਜਿੱਥੇ ਵੱਡੇ ਪੱਧਰ 'ਤੇ ਕੰਮ ਕੀਤਾ ਹੈ, ਉਥੇ ਔਰਤ ਨੂੰ ਅਪਮਾਨ ਵੀ ਸਹਿਣਾ ਪਿਆ ਹੈ। ਕੁਝ ਵੀ ਹੋਵੇ, ਜਿੱਥੇ ਅੱਜ ਔਰਤ ਸਾਡੇ ਸਮਾਜ ਦਾ ਧੁਰਾ ਮੰਨੀ ਜਾਂਦੀ ਹੈ, ਜਿਸ ਨੇ ਵੱਡੇ-ਵੱਡੇ ਰਾਜਿਆਂ, ਮਹਾਰਾਜਿਆਂ ਨੂੰ ਜਨਮ ਦਿੱਤਾ, ਉਥੇ ਹੀ ਸਮਾਜ ਨੂੰ ਸਿਰਜ ਕੇ ਇੱਕ ਨਵਾਂ ਰੂਪ ਦੇਣ ਵਿਚ ਸਿਰਫ ਔਰਤ ਦਾ ਹੀ ਅਹਿਮ ਯੋਗਦਾਨ ਹੈ।

ਔਰਤ ਪਹਿਲਾਂ ਕਿਸੇ ਪਰਿਵਾਰ ਦੀ ਧੀ ਹੁੰਦੀ ਹੈ। ਉਸਦੇ ਆਪਣੇ ਹੱਕ ਹੁੰਦੇ ਹਨ। ਉਹ ਛੋਟੀ ਹੁੰਦੀ ਜਿਸ ਘਰ ਵਿਚ ਖੇਡ ਕੇ ਜਵਾਨ ਹੁੰਦੀ ਹੈ, ਉੱਥੇ ਹੀ ਉਸਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਆਪਣੇ ਬਾਬਲ ਦੀ ਪੱਗ ਨੂੰ ਦਾਗ਼ ਨਹੀਂ ਲੱਗਣ ਦੇਣਾ ਹੁੰਦਾ ਹੈ। ਉਸ ਤੋਂ ਜਵਾਨ ਹੁੰਦੀ ਹੈ, ਤਾਂ ਆਪਣੇ ਸਹੁਰੇ ਘਰ ਜਾ ਕੇ ਆਪਣੇ ਪਰਿਵਾਰ ਦੀ ਇੱਜ਼ਤ ਨੂੰ ਬਰਕਰਾਰ ਰੱਖ ਕੇ ਆਪਣੀ ਸੱਸ-ਸਹੁਰੇ ਦੀ ਸੇਵਾ ਕਰਦੀ ਹੈ ਅਤੇ ਚੰਗਾ-ਮਾੜਾ ਸਹਿ ਕੇ ਅਗਲੇ ਸਮੇਂ ਨੂੰ ਕਤਾਰਬੱਧ ਕਰਨ ਦੇ ਲਈ ਸਿਰਫ ਪਰਿਵਾਰ ਅੰਦਰ ਨੂੰਹ ਦਾ ਹੀ ਯੋਗਦਾਨ ਮੰਨਿਆ ਜਾਂਦਾ ਹੈ। ਇੱਕ ਨੂੰਹ ਦੀ ਜ਼ਿੰਦਗੀ ਅੰਦਰ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ, ਉਸ ਦੇ ਪਤੀ ਨਾਲ ਲੜਾਈ-ਝਗੜੇ ਤੋਂ ਬਾਅਦ ਜੋ ਅੱਤਿਆਚਾਰ ਨੂੰ ਸਹਿਣਾ ਪੈਂਦਾ ਹੈ, ਉਸਨੂੰ ਸੁਣ ਕੇ ਕਿਸੇ ਵੀ ਇਨਸਾਨ ਦਾ ਕਾਲਜਾ ਮੂੰਹ ਨੂੰ ਆ ਜਾਂਦਾ ਹੈ। ਜਦ ਉਹ ਮਾਂ ਬਣਦੀ ਹੈ, ਤਾਂ ਉਸ ਪੁੱਤਰ ਦੀਆਂ ਹਰਕਤਾਂ ਦਾ ਸਭ ਤੋਂ ਵੱਧ ਭਾਰ ਇੱਕ ਮਾਂ 'ਤੇ ਹੁੰਦਾ ਹੈ। ਕਿਉਂਕਿ ਮਾਂ ਵੱਲੋਂ ਆਪਣੇ ਪੇਟ ਅੰਦਰ ਆਪਣੀ ਔਲਾਦ ਨੂੰ ਨੌਂ ਮਹੀਨੇ ਰੱਖ ਕੇ ਬਾਅਦ ਵਿਚ ਉਸ ਦੀ ਪਰਵਰਿਸ਼ ਕਰਨੀ ਹੀ ਹੁੰਦੀ ਹੈ। ਇਹ ਸਾਰਾ ਕੁਝ ਮਾਂ ਦੇ ਹਿੱਸੇ ਆਉਂਦਾ ਹੈ। ਉਸ ਤੋਂ ਬਾਅਦ ਫਿਰ ਮਾਂ ਦੀ ਜ਼ਿੰਦਗੀ ਦਾ ਅਗਲਾ ਸਫਰ ਸ਼ੁਰੂ ਹੁੰਦਾ ਹੈ। ਕਿਸੇ ਮਾਂ ਦੀ ਔਲਾਦ ਚੰਗੀ ਨਿਕਲੇ ਜਾਂ ਮਾੜੀ ਇਹ ਬਾਅਦ ਦੀ ਗੱਲ ਹੁੰਦੀ ਹੈ ਪਰ ਮਾਂ ਦੀ ਜ਼ਿੰਮੇਵਾਰੀ ਪਹਿਲਾਂ ਤੈਅ ਕੀਤੀ ਜਾਂਦੀ। ਸਿਆਣਿਆਂ ਨੇ ਸੱਚ ਆਖਿਆ ਹੈ ਕਿ ਮਾਂ ਦਾ ਦੇਣ ਕਿਤੇ ਵੀ ਨਹੀਂ ਦਿੱਤਾ ਜਾ ਸਕਦਾ।

ਫਿਰ ਇੱਕ ਮਾਂ 'ਤੇ ਜ਼ਿੰਮੇਵਾਰੀ ਪੈ ਜਾਂਦੀ ਹੈ ਉਸ ਦੀ ਔਲਾਦ ਦੀ। ਜਦੋਂ ਉਸ ਦੀ ਔਲਾਦ ਦੇ ਵਿਆਹ-ਸ਼ਾਦੀਆਂ ਹੁੰਦੇ ਹਨ, ਤਾਂ ਇੱਕ ਮਾਂ ਹੀ ਹੁੰਦੀ ਹੈ, ਜੋ ਆਪਣੀ ਔਲਾਦ ਦਾ ਖਿਆਲ ਰੱਖ ਕੇ ਉਸ ਦੀ ਅਗਲੀ ਜ਼ਿੰਦਗੀ ਨੂੰ ਤੈਅ ਕਰਦੀ ਹੈ। ਇਹ ਭਾਵੇਂ ਅਸੀਂ ਪਹਿਲਾਂ ਆਖ ਚੁੱਕੇ ਹਾਂ ਕਿ ਬਾਅਦ ਦੀ ਗੱਲ ਹੈ ਔਲਾਦ ਚੰਗੀ ਨਿਕਲੇ ਜਾਂ ਮਾੜੀ ਪਰ ਇੱਕ ਮਾਂ ਨੂੰ ਆਪਣੀ ਔਲਾਦ ਦਾ ਖਿਆਲ ਸਦਾ ਹੀ ਹੁੰਦਾ ਹੈ। ਜਦ ਉਸ ਦੀ ਔਲਾਦ ਘਰ ਵਿਆਹ ਕਰਵਾ ਕੇ ਆਉਂਦੀ ਹੈ, ਤਾਂ ਮਾਂ ਦਾ ਦਿਲ ਖ਼ੁਸ਼ੀ ਵਿਚ ਉੱਛਲ ਜਾਂਦਾ ਹੈ। ਇਹ ਗੱਲ ਅਲੱਗ ਹੈ ਕਿ ਉਸ ਦੀ ਨੂੰਹ ਘਰ ਵਿਚ ਆਈ ਉਸ ਦਾ ਖਿਆਲ ਰੱਖੇ ਜਾਂ ਨਾ। ਇਹ ਗੱਲ ਕਿਤੇ ਵੀ ਨਹੀਂ ਤੈਅ ਕੀਤੀ ਜਾ ਸਕਦੀ ਪਰ ਇੱਕ ਮਾਂ ਆਪਣੇ ਪੁੱਤਰ ਧੀ ਨੂੰ ਆਪਣੀ ਜੇਬ ਵਿਚੋਂ ਪੈਸੇ ਦੇ ਕੇ ਸਕੂਲ ਤੋਰਦੀ ਹੈ। ਸਹੁਰੇ ਤੋਰਦੀ ਹੈ ਅਤੇ ਸ਼ਹਿਰ ਭੇਜਦੀ ਹੈ ਕਿ ਪੁੱਤਰ ਘਰ ਦੇ ਸੌਦੇ ਆਦਿ ਲੈ ਕੇ ਆ। ਇਹ ਸਭ ਕੁੱਝ ਇੱਕ ਮਾਂ ਦੇ ਹਿੱਸੇ ਹੀ ਆਉਂਦਾ ਹੈ। ਇਹ ਵੀ ਅੱਜ ਦੀ ਜ਼ਿੰਦਗੀ ਦਾ ਕੌੜਾ ਸੱਚ ਹੈ ਕਿ ਆਪਣੇ ਸਹੁਰਿਆਂ ਤੋਂ ਬਾਅਦ ਉਸ ਦਾ ਪੁੱਤਰ ਆਪਣੀ ਮਾਂ ਨੂੰ ਵਿਸਾਰ ਦਿੰਦਾ ਹੈ। ਇਹ ਅਕਸਰ ਸਾਡੇ ਸਮਾਜ ਦਾ ਹਿੱਸਾ ਹੈ। ਇੱਥੇ ਸਮਾਜ ਵਿਚ ਇਹ ਗੱਲਾਂ ਆਮ ਹੁੰਦੀਆਂ ਹਨ। ਅੱਜਕੱਲ੍ਹ ਸਾਡੇ ਸਮਾਜ ਵਿਚ ਆਮ ਗੱਲ ਹੋ ਚੁੱਕੀ ਹੈ, ਜੋ ਨਹੀਂ ਹੋਣੀ ਚਾਹੀਦੀ। ਇੱਥੇ ਇਹ ਗੱਲ ਸਾਰੇ ਧੀਆਂ ਪੁੱਤਰਾਂ 'ਤੇ ਵੀ ਲਾਗੂ ਨਹੀਂ ਕੀਤੀ ਜਾ ਸਕਦੀ। ਕੁਝ ਧੀ ਪੁੱਤਰ ਆਪਣੀ ਮਾਂ ਦਾ ਪੂਰਾ ਖਿਆਲ ਰੱਖਦੇ ਹਨ।

ਸਿੱਖ ਇਤਿਹਾਸ 'ਤੇ ਝਾਤੀ ਮਾਰੀਏ, ਤਾਂ ਇੱਕ ਗੱਲ ਵੱਡੇ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਉਥੇ ਵੀ ਮਾਵਾਂ ਨੇ ਆਪਣੇ ਪੁੱਤਰਾਂ ਦਾ ਖ਼ਿਆਲ ਕਰਦਿਆਂ ਆਪਣੇ ਸ਼ਹੀਦ ਹੋ ਜਾਣ ਨੂੰ ਪਹਿਲ ਦਿੱਤੀ। ਉਹ ਵੀ ਸਾਡੇ ਸਮਾਜ ਦੀਆਂ ਮਾਵਾਂ ਹੀ ਸਨ, ਜਿਨ੍ਹਾਂ ਵੱਲੋਂ ਆਪਣੇ ਪੁੱਤਰਾਂ ਦੇ ਟੋਟੇ ਕਰਵਾ ਕੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਗਲਾਂ ਵਿਚ ਪਾ ਲਏ। ਕੁਝ ਮਾਵਾਂ ਨੂੰ ਬੇਹੱਦ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਕੁਝ ਦੇ ਪੁੱਤਰਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਕੁੱਝ ਦੇ ਪਰਿਵਾਰ ਦੇ ਮੈਂਬਰਾਂ ਨੂੰ ਸਮੇਂ ਦੇ ਹਾਕਮਾਂ ਵੱਲੋਂ ਘੋਰ ਤਸ਼ੱਦਦ ਕਰਦਿਆਂ ਮੌਤ ਦੇ ਹਵਾਲੇ ਕੀਤਾ। ਮਾਵਾਂ ਸਾਡੇ ਸਮਾਜ ਨੂੰ ਵੱਡੀ ਸੇਧ ਦਿੰਦੀਆਂ ਹਨ ਪਰ ਇਹ ਗੱਲ ਅਲੱਗ ਹੈ ਕਿ ਜੇਕਰ ਅਸੀਂ ਮਾਵਾਂ ਨੂੰ ਵਿਸਾਰਦੇ ਹਾਂ, ਤਾਂ ਉਥੇ ਗਲਤੀ ਸਾਡੀ ਹੁੰਦੀ ਹੈ। ਮਾਵਾਂ ਨੇ ਸਦਾ ਹੀ ਆਪਾ ਵਾਰ ਕੇ ਆਪਣੀ ਔਲਾਦ ਨੂੰ ਪਾਲਿਆ ਹੈ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਕਿ ਮਾਂ ਨੇ ਹਮੇਸ਼ਾ ਹੀ ਹਰ ਵਰਗ ਦੀ ਤਰੱਕੀ ਵਿਚ ਡਾਹਢਾ ਯੋਗਦਾਨ ਪਾਇਆ ਹੈ। ਖ਼ਾਸ ਕਰ ਸਿੱਖ ਇਤਿਹਾਸ ਦੇ ਝਾਤੀ ਮਾਰੀਏ ਤਾਂ ਮਾਈ ਭਾਗੋ ਦੀਆ ਵਾਰਸਾਂ ਸਾਡੀਆਂ ਮਾਵਾਂ ਨੇ ਵੱਡੀਆਂ ਕੁਰਬਾਨੀਆਂ ਨਾਲ ਸਿੱਖੀ ਬੂਟੇ ਨੂੰ ਸਿੰਜ ਕੇ ਆਪਣੇ ਖ਼ੂਨ ਰੂਪੀ ਮਿੰਝ ਪਾ ਕੇ ਵੱਡਾ ਕੀਤਾ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮਾਵਾਂ ਦਾ ਯੋਗਦਾਨ ਸਾਡੇ ਸਮਾਜ ਅੰਦਰ ਵੱਡਾ ਹੈ। ਹਰ ਗੱਲ 'ਤੇ ਮਾਂ ਧੀ ਅਤੇ ਦੋਹਤੀ ਦੀਆਂ ਕਹਾਵਤਾਂ ਆਮ ਦਿੱਤੀਆਂ ਜਾਂਦੀਆਂ ਹਨ।

ਅੱਜ ਦੇ ਸਮੇਂ ਅੰਦਰ ਇਹ ਵੀ ਸੱਚ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣ ਚੁੱਕੀ ਹੈ। ਔਰਤ ਵੱਲੋਂ ਔਰਤ ਦਾ ਹੀ ਵੱਡਾ ਨੁਕਸਾਨ ਕੀਤੇ ਜਾਣ ਦੀਆਂ ਘਟਨਾਵਾਂ ਅਕਸਰ ਸਾਡੇ ਸਾਹਮਣੇ ਆਉਂਦੀਆਂ ਹਨ ਕਿਉਂਕਿ ਬਹੁਤ ਜਗ੍ਹਾਵਾਂ ਉੱਪਰ ਅਸੀਂ ਵੇਖਿਆ ਹੈ ਕਿ ਔਰਤ ਨੇ ਹੀ ਔਰਤ ਦਾ ਨੁਕਸਾਨ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ। ਜੇਕਰ ਅਸੀਂ ਪਿਛਲੇ ਘਟਨਾਕ੍ਰਮ 'ਤੇ ਨਿਗ੍ਹਾ ਮਾਰੀਏ, ਤਾਂ ਔਰਤ ਨੇ ਵੱਡਾ ਨੁਕਸਾਨ ਔਰਤ ਦਾ ਕੀਤਾ ਹੈ। ਇਹ ਖਿੱਤਾ ਭਾਵੇਂ ਨੌਕਰੀਪੇਸ਼ਾ ਹੋਵੇ ਜਾਂ ਕੋਈ ਹੋਰ ਵੀ ਹੋਵੇ? ਜਿੱਥੇ ਔਰਤ ਨੇ ਆਪਣੀ ਹੀ ਔਰਤ ਜਾਤ ਨੂੰ ਨੀਵਾਂ ਦਿਖਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ। ਔਰਤ ਦਾ ਭਾਵੇਂ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ ਪਰ ਉਸਨੂੰ ਆਪਣੇ ਹੀ ਅੰਦਰੋਂ ਵੱਡੀ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਵੀ ਸੱਚ ਹੈ। ਕਈ ਜਗ੍ਹਾ ਲੜਕੀਆਂ ਨੂੰ ਸਹੁਰੇ ਘਰ ਵੱਲੋਂ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਕਈ ਜਗ੍ਹਾ ਸਹੁਰਿਆਂ ਵੱਲੋਂ ਲੜਕੀਆਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਵੀ ਸਾਹਮਣੇ ਆਇਆ ਹੈ। ਔਰਤ ਤਸ਼ੱਦਦ ਦਾ ਸ਼ਿਕਾਰ ਵੀ ਬਹੁਤ ਹੋਈ ਹੈ। ਹਰ ਜਗ੍ਹਾ ਦਰਿੰਦਿਆਂ ਵੱਲੋਂ ਔਰਤ ਨੂੰ ਲੋਚਿਆ ਜਾਂਦਾ ਹੈ। ਭਾਵੇਂ ਕੋਈ ਵੀ ਖੇਤਰ ਹੋਵੇ ਉਸ ਦਾ ਮਾਨਸਿਕ ਅਤੇ ਸਰੀਰਕ ਸੋਚਣ ਕੀਤੇ ਜਾਣਾ ਆਮ ਗੱਲ ਹੋ ਚੁੱਕੀ ਹੈ। ਕਾਲਜ ਦੇ ਵਿਚ ਨੌਜਵਾਨ ਮਨਚਲੇ ਲੜਕੀਆਂ ਦਾ ਸ਼ੋਸ਼ਣ ਕਰਦੇ ਹਨ, ਇਹੀ ਕੁਝ ਦਫ਼ਤਰਾਂ ਵਿਚ ਹੁੰਦਾ ਹੈ ।

ਜਿੰਨਾ ਕੁਝ ਮਰਜ਼ੀ ਲਿਖੀ ਜਾਈਏ, ਸ਼ਾਇਦ ਸਾਰੇ ਸਫ਼ੇ ਘੱਟ ਜਾਣ। ਇਹ ਵੀ ਸੱਚ ਹੈ ਕਿ ਇੱਕ ਔਰਤ ਦਾ ਧੀ, ਨੂੰਹ ਅਤੇ ਸੱਸ ਦਾ ਸਫਰ ਜਿੱਥੇ ਸੁਹਾਵਣਾ ਹੁੰਦਾ ਹੈ, ਉਥੇ ਉਸਨੂੰ ਔਕੜ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸੋ ਆਓ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਔਰਤ ਨੂੰ ਸਤਿਕਾਰ ਦੇ ਕੇ ਉਸ ਦਾ ਸਤਿਕਾਰ ਬਣਨ ਦੀ ਕੋਸ਼ਿਸ਼ ਕਰੀਏ। ਇਹ ਸਾਡਾ ਸਾਰਿਆਂ ਦਾ ਫਰਜ਼ ਵੀ ਹੈ ਅਤੇ ਜ਼ਿੰਮੇਵਾਰੀ ਵੀ ਬਣਦੀ ਹੈ ਕਿਉਂਕਿ ਸਾਡੇ ਗੁਰੂ ਸਾਹਿਬਾਨ ਨੇ ਵੀ ਔਰਤ ਨੂੰ ਆਪਣੀ ਗੁਰਬਾਣੀ ਦੇ ਵਿਚ ਖਾਸ ਜਗ੍ਹਾ ਦਿੱਤੀ ਹੈ। ਕੁਝ ਵੀ ਹੋਵੇ, ਬਿਨਾਂ ਸ਼ੱਕ ਦਾ ਅੱਜ ਹਰ ਖੇਤਰ ਦੇ ਵਿਚ ਔਰਤ ਵੱਲੋਂ ਮੁਕਾਬਲਾ ਕੀਤਾ ਜਾ ਰਿਹਾ ਹੈ, ਉੱਥੇ ਹੀ ਆਪਣੇ ਆਪਣੇ ਖੇਤਰ ਵਿਚ ਉਹ ਕਿਸੇ ਤੋਂ ਘੱਟ ਨਹੀਂ ਹਨ। ਗੱਲ ਭਾਵੇਂ ਖੇਡਾਂ ਦੀ ਹੋਵੇ ਜਾਂ ਹੋਰਨਾਂ ਖੇਤਰਾਂ ਦੀ। ਔਰਤ ਨੇ ਹਮੇਸ਼ਾ ਹੀ ਪੂਰੀਆਂ ਪਾਈਆਂ ਹਨ। ਇਸ ਲਈ ਸਾਡਾ ਸਾਰਿਆਂ ਦਾ ਸੱਚੇ-ਮਨੋਂ ਫਰਜ਼ ਬਣਦਾ ਹੈ ਕਿ ਅਸੀਂ ਔਰਤ ਪ੍ਰਤੀ ਜ਼ਿੰਮੇਵਾਰੀ ਨਿਭਾ ਕੇ ਆਪਦੇ ਫਰਜ਼ਾਂ ਦੀ ਪੂਰਤੀ ਕਰੀਏ।

# ਸੋਸ਼ਲ ਮੀਡੀਆ ਰਾਹੀਂ ਪਰਦੇਸੀਆਂ ਤੋਂ ਪਿਆਰ ਜਾਂ ਫ਼ਿਤੂਰ ਉੱਠਦਾ ਹੈ



-ਡਾ. ਸਤਿਆਵਾਨ 'ਸੌਰਭ'
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
(Punjab Mail USA)



ਆਖ਼ਰ ਇਹ ਰਿਸ਼ਤੇ ਕਿਸ ਖ਼ੁਸ਼ੀ ਦੀ ਭਾਲ ਵਿਚ ਹਨ, ਜੋ ਆਪਣੇ ਬੱਚਿਆਂ ਨੂੰ ਲੈ ਕੇ/ਛੱਡ ਕੇ ਤੁਰ ਜਾਂਦੇ ਹਨ? ਕੀ ਇਸ ਭਟਕਣਾ ਦੀ ਕੋਈ ਮੰਜ਼ਿਲ ਹੈ? ਨਾਰੀ ਨਾਰਾਇਣੀ ਦੀ ਮਿੱਥ ਪੁਰਾਤਨ ਹੋ ਗਈ ਹੈ। ਚਰਿੱਤਰ ਅਤੇ ਨੈਤਿਕਤਾ ਨੂੰ ਕੀ ਹੋਇਆ? ਮੈਨੂੰ ਲੱਗਦਾ ਹੈ ਕਿ ਇਹ ਪੀੜ੍ਹੀ ਦਰ ਤਬਦੀਲੀ ਹੈ। ਕੀ ਇਹ ਪੀੜ੍ਹੀ ਆਦਤ, ਸੰਸਕਾਰ ਅਤੇ ਸਰੀਰਕ ਸੁੱਖਾਂ ਦੀ ਤਾਂਘ ਨਾਲ ਬੇਵੱਸ ਹੈ, ਮਿਰਜ਼ੇ ਬਣ ਚੁੱਕੀ ਹੈ ਅਤੇ ਇਸ ਖੋਜ ਵਿਚ ਮਰ ਜਾਵੇਗੀ। ਇਸ ਸਮੇਂ ਭਾਰਤ-ਪਾਕਿਸਤਾਨ ਦੇ ਨਾਲ-ਨਾਲ ਦੁਨੀਆਂ 'ਚ ਸੁਰਖੀਆਂ ਬਟੋਰਨ ਵਾਲੀਆਂ ਦੋਵੇਂ ਔਰਤਾਂ ਪਹਿਲਾਂ ਲਵ ਮੈਰਿਜ ਕਰ ਚੁੱਕੀਆਂ ਹਨ, ਹੁਣ ਫਿਰ ਤੋਂ ਪਿਆਰ 'ਚ ਪੈ ਗਈਆਂ ਹਨ। ਕੀ ਉਹ ਮਾਸੂਮ ਬੱਚਿਆਂ ਦੀ ਪਰਵਾਹ ਨਹੀਂ ਕਰਦੇ? ਅਜਿਹੇ ਰਿਸ਼ਤੇ ਸਮਾਜ ਨੂੰ ਗੁੰਮਰਾਹ ਕਰਨ ਦਾ ਕੰਮ ਕਰਦੇ ਹਨ। ਉਨ੍ਹਾਂ ਦੇ ਦੇਖਣ-ਵੇਖਣ ਕਾਰਨ ਹੋਰ ਗੱਲਾਂ ਸਾਹਮਣੇ ਆਉਣਗੀਆਂ। ਇਸ ਨੂੰ ਉਹ ਸਾਰੇ ਆਜ਼ਾਦੀ ਕਹਿੰਦੇ ਹਨ। ਉਨ੍ਹਾਂ ਮਾਸੂਮ ਅਤੇ ਮਾਸੂਮ ਬੱਚਿਆਂ ਨਾਲ ਕੀ ਵਾਪਰ ਰਿਹਾ ਹੋਵੇਗਾ। ਮੈਂ ਇਸ ਬਾਰੇ ਸੋਚ ਕੇ ਹੀ ਉਦਾਸ ਮਹਿਸੂਸ ਕਰ ਰਿਹਾ ਹਾਂ। ਪਰ ਉਹ ਦੁਖੀ ਨਹੀਂ ਹੈ ਕਿ 15 ਸਾਲ ਦੀ ਧੀ ਦੁਨੀਆਂ ਦਾ ਸਾਹਮਣਾ ਕਿਵੇਂ ਕਰੇਗੀ?

ਪਾਕਿਸਤਾਨੀ ਨਾਗਰਿਕ ਸੀਮਾ ਗੁਲਾਮ ਹੈਦਰ ਅਤੇ ਭਾਰਤ ਦੇ ਸਚਿਨ ਦੀ ਅਸਾਧਾਰਨ ਪ੍ਰੇਮ ਕਹਾਣੀ ਦੀਆਂ ਉਲਝੀਆਂ ਤਾਰਾਂ ਅਜੇ ਸੁਲਝੀਆਂ ਨਹੀਂ ਸਨ ਕਿ ਰਾਜਸਥਾਨ ਦੀ ਅੰਜੂ ਅਤੇ ਪਾਕਿਸਤਾਨੀ ਪ੍ਰੇਮੀ ਨਸਰੁੱਲਾ ਦੀ ਪ੍ਰੇਮ ਕਹਾਣੀ ਸੁਰਖੀਆਂ ਵਿਚ ਆਉਣ ਲੱਗੀ। ਪਰ ਇਨ੍ਹਾਂ ਅਜੋਕੇ ਪ੍ਰੇਮ ਕਹਾਣੀਆਂ ਵਿਚ ਵੀ ਕਈ ਉਲਝੇ ਧਾਗੇ ਹਨ। ਇਕ ਤਾਂ ਇਹ ਰਿਸ਼ਤੇ ਵੱਖ-ਵੱਖ ਧਰਮਾਂ ਵਿਚਕਾਰ ਵਧੇ-ਫੁੱਲੇ ਹਨ ਅਤੇ ਦੂਜਾ ਇਨ੍ਹਾਂ ਵਿਚ ਪਰਿਵਾਰਾਂ ਨੇ ਕੋਈ ਭੂਮਿਕਾ ਨਹੀਂ ਨਿਭਾਈ। ਨਹੀਂ ਤਾਂ ਅਤੀਤ ਵਿਚ ਇਹ ਪ੍ਰੇਮ ਕਹਾਣੀਆਂ ਰਿਸ਼ਤੇਦਾਰਾਂ-ਗੁਆਂਢੀਆਂ ਜਾਂ ਵਪਾਰਕ ਸਬੰਧਾਂ ਰਾਹੀਂ ਹੁੰਦੀਆਂ ਰਹੀਆਂ ਹਨ। ਦੋਵਾਂ ਦੀਆਂ ਹਾਲੀਆ ਪ੍ਰੇਮ ਕਹਾਣੀਆਂ ਵਿਚ ਜੋ ਗੱਲ ਸਾਂਝੀ ਹੈ, ਉਹ ਇਹ ਹੈ ਕਿ ਇਹ ਪਿਆਰ ਸੋਸ਼ਲ ਮੀਡੀਆ ਰਾਹੀਂ ਖਿੜਿਆ। ਹਾਲਾਂਕਿ, ਇੱਕ ਪੁਰਾਣੀ ਕਹਾਵਤ ਹੈ ਕਿ ਪਿਆਰ ਅੰਨ੍ਹਾ ਹੁੰਦਾ ਹੈ ਅਤੇ ਇਸ ਵਿਚ ਤਰਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਪਰ ਅਜੋਕੇ ਸਮੇਂ ਵਿਚ ਅਜਿਹੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਇੱਕ ਖ਼ੂਬਸੂਰਤ ਔਰਤ ਨੂੰ ਪਾਕਿਸਤਾਨ ਤੋਂ ਜਾਸੂਸੀ ਲਈ ਵਰਤਿਆ ਗਿਆ ਹੈ। ਇਹ ਗਹਿਰੀ ਖੋਜ ਦਾ ਵਿਸ਼ਾ ਹੈ। ਅਸੀਂ ਅੱਜ ਤੱਕ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅੱਜ ਦੀ ਪੀੜ੍ਹੀ ਅੰਨ੍ਹੇਵਾਹ ਪੱਛਮੀ ਸੱਭਿਆਚਾਰ ਦਾ ਪਾਲਣ ਕਰ ਰਹੀ ਹੈ। ਸਰੀਰ ਦਾ ਖੋਖਲਾਪਣ, ਐਸ਼ੋ-ਆਰਾਮ, ਅਣਚਾਹੀ ਆਜ਼ਾਦੀ, ਆਧੁਨਿਕਤਾ ਦਾ ਦਿਖਾਵਾ ਅਤੇ ਅਨੈਤਿਕਤਾ ਵਰਗੀਆਂ ਚੰਗੀਆਂ ਆਦਤਾਂ ਅਤੇ ਆਦਤਾਂ ਦੀ ਘਾਟ ਅਤੇ ਪੈਸੇ ਨਾਲ ਬਹੁਤ ਜ਼ਿਆਦਾ ਲਗਾਵ ਮੁੱਖ ਕਮਜ਼ੋਰੀ ਬਣ ਗਏ ਹਨ। ਸਾਂਝੇ ਪਰਿਵਾਰ ਦਾ ਸੰਕਲਪ ਖਤਮ ਹੋ ਰਿਹਾ ਹੈ। ਵਿਚਾਰ ਅਤੇ ਸ਼ਰਮ ਦੀ ਭਾਵਨਾ ਲਗਭਗ ਖਤਮ ਹੋ ਗਈ ਹੈ।

ਕਈ ਵਾਰ ਅਜਿਹਾ ਹੁੰਦਾ ਹੈ, ਔਰਤਾਂ ਘਰੋਂ ਭੱਜ ਜਾਂਦੀਆਂ ਹਨ। ਕਦੇ ਇਕੱਲੇ ਤੇ ਕਦੇ ਸਹਾਰੇ ਲਈ ਕਿਸੇ ਨਾਲ, ਇਸ ਲਈ ਨਹੀਂ ਕਿ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਡਰਾਉਂਦੀਆਂ ਹਨ, ਲੋਕ ਉਨ੍ਹਾਂ ਨੂੰ ਡਰਾ-ਧਮਕਾ ਕੇ ਇਸ ਹੱਦ ਤੱਕ ਲੈ ਜਾਂਦੇ ਹਨ ਕਿ ਘਰ ਵਿਚ ਇਕ-ਦੋ ਤੂੜੀ ਵਾਲੇ ਵੀ ਉਹ ਆਪਣੇ ਆਪ ਨੂੰ ਬੇਗਾਨਿਆਂ ਮਹਿਸੂਸ ਕਰਨ ਲੱਗ ਪੈਂਦੇ ਹਨ। ਬੇਗਾਨੀ ਬਸਤੀ ਤੋਂ ਵੱਧ, ਉਹ ਘਰ ਜੋ ਵਾਰ-ਵਾਰ ਆਪਣਾ ਦੱਸਿਆ ਜਾਂਦਾ ਹੈ। ਜਨਮ ਤੋਂ ਲੈ ਕੇ ਮਰਨ ਤੱਕ, ਜੋ ਉਸ ਨਾਲ ਕਦੇ ਨਹੀਂ ਹੁੰਦਾ, ਸੱਸ ਬਣਨ ਤੱਕ ਸੱਸ ਦਾ ਰਾਜ, ਨੂੰਹ ਦੇ ਆਉਣ ਤੋਂ ਪਹਿਲਾਂ ਹੀ, ਘਰ ਛੱਡਣ ਦਾ ਡਰ ਹਰ ਪਲ ਉਸ ਨੂੰ ਸਤਾਉਂਦਾ ਹੈ। ਜਿਸ ਘਰ ਨੂੰ ਉਸ ਨੂੰ ਵਾਰ-ਵਾਰ ਦੱਸਿਆ ਜਾਂਦਾ ਹੈ, ਉਹ ਉਸ ਦਾ ਆਪਣਾ ਹੈ। ਉਹ ਇਸ ਨੂੰ ਬਹੁਤ ਬਰਦਾਸ਼ਤ ਕਰਦੀ ਹੈ, ਪਰ ਜਦੋਂ ਉਹ ਗੰਢ ਬੰਨ੍ਹਦਾ ਹੈ ਅਤੇ ਉਸ ਨੂੰ ਹੱਥ ਨਾਲ ਲਿਆਉਂਦਾ ਹੈ, ਕਈ ਵਾਰ ਅਜਨਬੀ ਬਣ ਜਾਂਦਾ ਹੈ। ਗੰਢ ਖੋਲ੍ਹ ਕੇ ਆਲਮੀ ਰਾਹ ਵਿਚ ਪਾ ਦਿੰਦੀ ਹੈ ਅਤੇ ਹੱਥ ਫੜ ਕੇ ਕਿਸੇ ਹੋਰ ਦਾ ਮੰਨ ਲੈਂਦੀ ਹੈ, ਫਿਰ ਔਰਤ ਬੇਗਾਨਿਆਂ ਨੂੰ ਛੱਡ ਕੇ ਬੇਗਾਨੀ ਬਸਤੀ ਲਈ ਰਵਾਨਾ ਹੋ ਜਾਂਦੀ ਹੈ।

ਇਨ੍ਹਾਂ ਘਟਨਾਵਾਂ ਨੇ ਇਕ ਵਾਰ ਫਿਰ ਤੋਂ ਸੋਸ਼ਲ ਮੀਡੀਆ ਦੀ ਸਮਾਜਿਕਤਾ ਬਾਰੇ ਬਹਿਸ ਤੇਜ਼ ਕਰ ਦਿੱਤੀ ਹੈ। ਹਾਲ ਹੀ ਦੀਆਂ ਦੋਵੇਂ ਘਟਨਾਵਾਂ ਨੂੰ ਇੱਕ ਪਾਸੇ ਛੱਡੀਏ ਤਾਂ ਦੇਸ਼ ਵਿਚ ਅਜਿਹੀਆਂ ਹਜ਼ਾਰਾਂ ਕਹਾਣੀਆਂ ਹਨ, ਜਿਨ੍ਹਾਂ ਵਿਚ ਸੋਸ਼ਲ ਮੀਡੀਆ ਰਾਹੀਂ ਕੁੜੀਆਂ ਨਾਲ ਧੋਖਾ ਕੀਤਾ ਗਿਆ। ਉਨ੍ਹਾਂ ਨੂੰ ਲੁੱਟਿਆ ਗਿਆ ਅਤੇ ਕਤਲ ਵੀ ਕੀਤਾ ਗਿਆ। ਇੱਕ ਸਿਆਣੇ ਵਿਅਕਤੀ ਲਈ ਸੋਸ਼ਲ ਮੀਡੀਆ ਦਾ ਡੂੰਘਾ ਪ੍ਰਭਾਵ ਹੁੰਦਾ ਹੈ। ਪਰ ਛੋਟੀ ਉਮਰ ਵਿਚ ਕੁਰਾਹੇ ਪੈ ਜਾਣਾ ਹੀ ਭਟਕਣਾ ਹੀ ਕਿਹਾ ਜਾ ਸਕਦਾ ਹੈ। ਦੂਜੇ ਪਾਸੇ ਵਿਆਹੁਤਾ ਰਿਸ਼ਤਿਆਂ ਨੂੰ ਤੋੜਨਾ ਭਾਰਤੀ ਸਮਾਜ ਲਈ ਵੱਡੀ ਚੁਣੌਤੀ ਮੰਨਿਆ ਜਾਵੇਗਾ। ਜੋ ਸਮਾਜ ਵਿਚ ਕਈ ਤਰ੍ਹਾਂ ਦੀਆਂ ਵਿਗਾੜਾਂ ਨੂੰ ਜਨਮ ਦੇ ਸਕਦਾ ਹੈ। ਭਾਰਤ ਜਿਸ ਨੂੰ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਲੈ ਕੇ ਪੱਛਮੀ ਦੁਨੀਆਂ ਵਿਚ ਮਿਸਾਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਅੱਜ ਉਹ ਰਿਸ਼ਤਿਆਂ ਵਿਚ ਤਬਦੀਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ।

ਔਰਤਾਂ ਰੋਜ਼ ਦੌੜਦੀਆਂ ਹਨ। ਪਰ ਉਨ੍ਹਾਂ ਦੇ ਭੱਜਣ ਅਤੇ ਸਰਹੱਦ ਪਾਰ ਤੋਂ ਭੱਜਣ ਵਾਲੀ ਵਿਆਹੀ ਔਰਤ ਵਿਚ ਬਹੁਤ ਫਰਕ ਹੈ। ਇਹ ਇੱਕ ਸਮਾਜਿਕ ਦੁਖਾਂਤ ਹੈ। ਵਿਗਾੜ ਨਹੀਂ। ਦੇਸ਼ ਲਈ ਪਿਆਰ ਕੁਰਬਾਨ ਕੀਤਾ ਜਾ ਸਕਦਾ ਹੈ। ਪਿਆਰ ਲਈ ਕੋਈ ਦੇਸ਼ ਨਹੀਂ। ਅਜਿਹੇ ਲੋਕਾਂ ਬਾਰੇ ਚਰਚਾ ਵੀ ਨਹੀਂ ਹੋਣੀ ਚਾਹੀਦੀ। ਕੀ ਅੱਜ ਦੇ ਕਾਨੂੰਨ ਵਿਵਸਥਾ ਨਾਲੋਂ ਇਹ ਬਿਹਤਰ ਹੈ ਕਿ ਰਾਜਿਆਂ-ਮਹਾਰਾਜਿਆਂ ਅਤੇ ਅੰਗਰੇਜ਼ਾਂ ਦੇ ਕਾਨੂੰਨਾਂ ਵਿਚ ਫੈਸਲਿਆਂ ਵਿਚ ਕੋਈ ਦੇਰੀ ਨਾ ਹੋਵੇ ਅਤੇ ਉਨ੍ਹਾਂ ਨੂੰ ਤੁਰੰਤ ਸਜ਼ਾਵਾਂ ਦੇ ਕੇ ਨਿਪਟਾਰਾ ਕੀਤਾ ਜਾਵੇ। ਪ੍ਰਕਿਰਿਆ ਸਮਾਜਿਕ ਖਾਪ ਪੰਚਾਇਤਾਂ/ਪੰਚੋ-ਪੰਤਲੋ/ਮੁੱਖੀਆਂ ਨੇ ਵਿਰੋਧ ਕੀਤਾ, ਉਨ੍ਹਾਂ ਨੂੰ ਰੂੜ੍ਹੀਵਾਦੀ, ਗੈਰ-ਰਵਾਇਤੀ, ਅਣਮਨੁੱਖੀ ਅਤੇ ਨਫ਼ਰਤ ਭਰੀ ਮਾਨਸਿਕਤਾ ਕਰਾਰ ਦੇ ਕੇ, ਕਾਨੂੰਨ ਵਿਚ ਔਰਤਾਂ ਦੇ ਛੇੜ-ਛਾੜ ਦੇ ਅੱਧੇ-ਅਧੂਰੇ ਦਾਅਵਿਆਂ 'ਤੇ ਕਾਨੂੰਨਾਂ ਵਿਚ ਸੋਧਾਂ ਕੀਤੀਆਂ, ਤਾਂ ਤਰਕਹੀਣ ਕਾਨੂੰਨ ਨੇ ਔਰਤਾਂ ਨੂੰ ਅਜਿਹੇ ਖੰਭ ਦਿੱਤੇ। ਜਿਸ ਕਾਰਨ ਅਜਿਹੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਲੜਕੇ-ਲੜਕੀਆਂ ਬਿਨਾਂ ਵਿਆਹ ਤੋਂ ਇਕ ਥਾਂ ਰਹਿ ਰਹੇ ਹਨ। ਇਹ ਪ੍ਰਣਾਲੀ ਸਮਾਜਿਕ ਸੰਸਥਾਵਾਂ ਅਤੇ ਸੱਭਿਆਚਾਰ ਨੂੰ ਤਬਾਹ ਕਰਨ ਲਈ ਬਣਾਏ ਗਏ ਕਾਨੂੰਨਾਂ ਦੀ ਦੁਰਦਸ਼ਾ ਦਾ ਰੂਪ ਹੈ।

# ਪੰਡਿਤ ਤਾਰਾ ਸਿੰਘ ਨਰੋਤਮ ਦੀ ਕਿਤਾਬ ਸ੍ਰੀ ਗੁਰੂ ਤੀਰਥ ਸੰਗ੍ਰਹਿ

-ਦਿਲਜੀਤ ਸਿੰਘ ਬੇਦੀ


(Punjab Mail USA)




ਪੰਡਿਤ ਤਾਰਾ ਸਿੰਘ ਨਰੋਤਮ ਦੀ ਕ੍ਰਿਤ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਨੂੰ ਡਾ. ਪਰਮਜੀਤ ਸਿੰਘ ਮਾਨਸਾ ਨੇ ਸੰਪਾਦਕ ਕਰਕੇ ਆਪਣੀ ਵਿਦਵਤਾ ਦਾ ਚੰਗਾ ਪ੍ਰਗਟਾਵਾ ਕੀਤਾ ਹੈ। ਨਿਰਮਲਾ ਸੰਪਰਦਾ ਵੱਲੋਂ ਸਿੱਖੀ ਪ੍ਰਚਾਰ-ਪ੍ਰਸਾਰ ਲਈ ਪਾਏ ਯੋਗਦਾਨ ਨੂੰ ਹੱਥਲੀ ਪੁਸਤਕ ਵਿਚ ਸੰਪਾਦਕ ਨੇ ਵੱਖ-ਵੱਖ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਭੂਮਿਕਾ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ, ਸੰਖੇਪ ਜਾਣਕਾਰੀ ਅਤੇ ਇਕ ਅਧਿਐਨ ਸ਼ਾਮਿਲ ਕੀਤਾ ਹੈ। ਦੂਜੇ ਭਾਗ ਵਿਚ ਮੂਲ ਪਾਠ, ਵਿਚ ਸਥਾਨੋਂ ਕਾ ਵੇਰਵਾ, ਤੀਰਥ ਯਾਤ੍ਰਾ ਕਾ ਲਾਭ, ਪੁਸਤਕ ਕੇ ਸੰਕੇਤ, ਸੇਵਾ ਕਾ ਫਲ, ਗੁਰਦੁਆਰੇ ਬਣਨ ਦੇ ਕਾਰਨ, ਗੁਰ ਸਥਾਨਾਂ ਦੇ ਇਲਾਕੇ, ਦਸ ਗੁਰੂ ਸਾਹਿਬਾਨ ਅਤੇ ਹੇਮਕੁੰਟ ਸਪਤ ਸ੍ਰਿੰਗ ਪਰਬਤ ਦਾ ਨਕਸ਼ਾ ਅੰਕਿਤ ਕੀਤਾ ਹੈ। ਤੀਜੇ ਭਾਗ ਵਿਚ ਸਾਹਿਬਜ਼ਾਦਿਓਂ ਕੇ ਜਨਮ ਸਥਾਨਾਦਿ, ਚੌਥੇ ਭਾਗ ਵਿਚ ਸ੍ਰੀਮਤ ਮਹਲੋਂ ਕੇ ਜਨਮਥਾਨਾਦਿ ਪੇਸ਼ ਕੀਤੇ ਹਨ। ਪੰਜਵੇਂ ਭਾਗ ਵਿਚ ਨਾਮੀ ਸੇਵਕੋਂ ਕੇ ਜਨਮਥਾਨਾਦਿ। ਗੁਰੂ ਨਾਨਕ ਜੀ ਕੇ ਸਿੱਖ, ਬਾਲਾ ਜੀ, ਮਰਦਾਨਾ ਜੀ, ਬਾਬਾ ਬੁੱਢਾ ਜੀ ਅਤੇ ਗੁਰੂ ਅੰਗਦ ਜੀ, ਗੁਰੂ ਰਾਮਦਾਸ ਜੀ ਕੇ ਸੇਵਕ, ਭਾਈ ਹੰਦਾਲ ਜੀ, ਭਾਈ ਸਾਲੋ ਜੀ। ਏਵੇਂ ਹੀ ਗੁਰੂ ਅਰਜਨ ਦੇਵ ਜੀ ਕੇ ਪ੍ਰੇਮੀ, ਭਾਈ ਗੁਰਦਾਸ, ਭਾਈ ਬੰਨੋ, ਭਾਈ ਬਹਲੋ, ਭਾਈ ਭਗਤੂ, ਗੰਗਾ ਰਾਮ ਬ੍ਰਾਹਮਣ, ਭਾਈ ਬਿਧੀ ਚੰਦ ਅਤੇ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਮਹਾਰਾਜ ਕੇ ਨਾਮੀ ਸੇਵਕ, ਦਇਆ ਸਿੰਘ, ਧਰਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ, ਸਾਹਿਬ ਰਾਮ ਕੌਰ, ਸੰਤ ਸਿੰਘ, ਚਾਲੀ ਮੁਕਤੇ, ਭਾਈ ਮਨੀ ਸਿੰਘ, ਮਾਨ ਸਿੰਘ ਭਾਈ ਨੰਦ ਲਾਲ, ਬੰਦਾ ਬੈਰਾਗੀ ਆਦਿ ਦਾ ਵੇਰਵਾ ਹੈ। ਛੇਵੇਂ ਭਾਗ ਵਿਚ ਗੁਰੂ ਜੀ ਕੇ ਬਸਤ੍ਰ, ਸ਼ਸਤ੍ਰ, ਮਾਲਾ, ਪੋਥੀ ਆਦਿ ਕਾ ਵੇਰਵਾ ਸ਼ਾਮਲ ਕੀਤਾ ਹੈ। ਸਤਵੇਂ ਭਾਗ ਵਿਚ ਮੁ.ਗਲ ਬਾਦਸ਼ਾਹਾਂ, ਬਾਰਾਂ ਮਿਸਲਾਂ, ਗੁਰੁ ਤੀਰਥ ਯਾਤ੍ਰਾ ਕੀ ਬਿਧਿ, ਭਗਤਾਂ ਕੇ ਨਾਮ, ਅਬ ਕਛੁ ਅਪਨਾ ਬ੍ਰਿਤਾਂਤ ਲਿਖਤੇ ਹੈਂ, ਸ਼ਬਦਾਵਲੀ ਅਤੇ ਅੰਤਿਕਾ ਸ਼ਾਮਲ ਕੀਤੀ ਹੈ।

ਸਿੱਖ ਧਰਮ ਵਿਚ ਵੱਖ-ਵੱਖ ਸੰਪ੍ਰਦਾਵਾਂ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਲੱਗੀਆਂ ਹੋਈਆਂ ਹਨ। ਸਿੱਖ ਧਰਮ ਵਿਚ ਨਿਰਮਲ ਸੰਪ੍ਰਦਾਇ ਨੂੰ ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਸੰਪ੍ਰਦਾ ਵੀ ਕਹਿ ਲਿਆ ਜਾਂਦਾ ਹੈ। ਨਿਰਮਲ ਸੰਪ੍ਰਦਾ ਨੇ ਗੁਰਬਾਣੀ ਦੀ ਵਿਆਖਿਆ ਕਰਕੇ ਸਿੱਖ ਧਰਮ ਨਾਲ ਸੰਬੰਧਿਤ ਸਾਹਿਤ ਰਚ ਕੇ ਸਿੱਖ ਸਾਹਿਤ ਨੂੰ ਅਮੀਰ ਕੀਤਾ ਹੈ। ਨਿਰਮਲ ਭੇਖ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਇਕ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਹੋਏ ਹਨ। ਉਸ ਦਾ ਵਿਅਕਤੀਤਵ ਬੜਾ ਪ੍ਰਭਾਵਸ਼ਾਲੀ ਸੀ, ਸਦਾ ਹੀ ਗੁਰਮਤਿ ਜਾਂ ਗੁਰਬਾਣੀ ਦੇ ਕਿਸੇ ਨਾ ਕਿਸੇ ਵਿਸ਼ੇ ਸਬੰਧੀ ਚਰਚਾ ਛੇੜੀ ਰੱਖਦੇ ਸਨ। ਉਨ੍ਹਾਂ ਨੂੰ ਵੇਦਾਂਤ, ਪੁਰਾਣ, ਵਿਆਕਰਣ, ਕੋਸ਼ ਅਤੇ ਧਰਮ ਸ਼ਾਸਤਰ 'ਤੇ ਪੂਰੀ ਪਕੜ ਸੀ। ਉਸ ਦੀ ਕਿਤ੍ਰ ਸ੍ਰੀ ਗੁਰੂ ਤੀਰਥ ਸੰਗ੍ਰਹਿ ਇੱਕ ਮਹੱਤਵਪੂਰਨ ਰਚਨਾ ਹੈ, ਜੋ ਗੁਰਦੁਆਰਿਆਂ ਦਾ ਇਤਿਹਾਸ ਅਤੇ ਉਨ੍ਹਾਂ ਦੇ ਸਥਾਨ ਦੀ ਭੂਗੋਲਿਕ ਜਾਣਕਾਰੀ ਦੇਣ ਤੋਂ ਇਲਾਵਾ ਗੁਰਦੁਆਰਿਆਂ ਦੇ ਤਤਕਾਲੀ ਪ੍ਰਬੰਧਕਾਂ ਬਾਰੇ ਵੀ ਸੂਚਨਾ ਪ੍ਰਦਾਨ ਕਰਦੀ ਹੈ। ਕਰਤਾ ਨੇ ਇਸ ਰਚਨਾ ਵਿਚ 501 ਗੁਰਧਾਮਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚੋਂ 64 ਸ੍ਰੀ ਗੁਰੂ ਨਾਨਕ ਦੇਵ ਜੀ ਦੇ, 7 ਸ੍ਰੀ ਗੁਰੂ ਅੰਗਦ ਦੇਵ ਜੀ ਦੇ, 11 ਸ੍ਰੀ ਗੁਰੂ ਅਮਰਦਾਸ ਜੀ ਦੇ, 9 ਸ੍ਰੀ ਗੁਰੂ ਰਾਮਦਾਸ ਜੀ ਦੇ, 33 ਸ੍ਰੀ ਗੁਰੂ ਅਰਜਨ ਦੇਵ ਜੀ ਦੇ, 79 ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ, 26 ਸ੍ਰੀ ਗੁਰੂ ਹਰਿਰਾਇ ਜੀ ਦੇ, 5 ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ, 100 ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਤੇ 167 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਗੁਰਦੁਆਰੇ ਹਨ। ਇਨ੍ਹਾਂ ਤੋਂ ਇਲਾਵਾ ਸਿੱਖ ਧਰਮ ਨਾਲ ਸੰਬੰਧਿਤ ਸਾਰੀਆਂ ਸੰਪ੍ਰਦਾਵਾਂ ਅਤੇ ਉਨ੍ਹਾਂ ਦੇ ਪੁਜਾਰੀਆਂ ਦਾ ਉਲੇਖ ਵੀ ਕੀਤਾ ਗਿਆ ਹੈ।

ਡੇਢ ਸਦੀ ਪਹਿਲਾਂ ਰਵਾਇਤੀ ਢੰਗ ਨਾਲ ਲਿਖੀ ਇਹ ਰਚਨਾ ਸਿੱਖ ਗੁਰਧਾਮਾਂ ਦਾ ਪਹਿਲਾ ਲਿਖਤ ਸਰੋਤ ਹੈ। ਆਪਣੇ ਸਮੇਂ ਦੇ ਗਿਆਨ-ਪ੍ਰਬੰਧ ਅਨੁਸਾਰ ਕਰਤਾ ਦੀ ਗੁਰਮਤਿ ਵਿਆਖਿਆ ਸਨਾਤਨੀ ਹੈ, ਪ੍ਰਵਾਨਣ ਯੋਗ ਨਹੀਂ ਹੈ। ਪਰੰਤੂ ਸਿੱਖ ਗੁਰਧਾਮਾਂ ਦੇ ਪ੍ਰਾਥਮਿਕ ਸਰੋਤ ਵਜੋਂ ਇਸ ਰਚਨਾ ਦਾ ਇਤਿਹਾਸਕ ਮਹੱਤਵ ਹੈ, ਇਸੇ ਕਰਕੇ ਇਸ ਦਾ ਪੁਨਰ-ਪ੍ਰਕਾਸ਼ਨ ਕੀਤਾ ਗਿਆ ਲੱਗਦਾ ਹੈ। ਡਾ. ਮਾਨਸਾ ਨੇ ਸ੍ਰੀ ਗੁਰੁ ਤੀਰਥ ਸੰਗ੍ਰਹਿ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ। ਇਸ ਦੇ ਮੂਲ ਪਾਠ ਦੀ ਵਿਅਖਿਆ ਕੀਤੀ ਹੈ। ਉਸ ਨੇ ਮਹੱਤਵ ਸ਼ਬਦਾਂ ਦੀ ਸ਼ਬਦਾਵਲੀ ਵੀ ਅੰਕਿਤ ਕੀਤੀ ਹੈ, ਤਾਂ ਜੋ ਪਾਠਕ ਜਨ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਸਕਣ। ਖੋਜ ਕਾਰਜ ਕਰਨਾ ਬਹੁਤਾ ਸੌਖਾ ਕਾਰਜ ਨਹੀਂ ਹੈ। ਪਰ ਡਾ. ਮਾਨਸਾ ਨੇ ਮਿਹਨਤ, ਲਗਨ ਤੇ ਪੂਰੀ ਸੂਝ ਨਾਲ ਇਸ ਕਾਰਜ ਨੂੰ ਨਵੀਂ ਦਿਸ਼ਾ ਵਿਚ ਪਾਠਕ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਸੰਪਰਦਾਵਾਂ ਵੱਲੋਂ ਸਿੱਖੀ ਪ੍ਰਚਾਰ ਪ੍ਰਸਾਰ ਹਿੱਤ ਪਾਏ ਯੋਗਦਾਨ ਸਬੰਧੀ ਡਾ. ਪਰਮਜੀਤ ਸਿੰਘ ਮਾਨਸਾ ਨਿਰੰਤਰ ਖੋਜ ਕਰਤਾ ਹਨ, ਉਸ ਨੇ ਇਸ ਰਚਨਾ ਨੂੰ ਸੰਪਾਦਕ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ, ਇਹ ਖੋਜੀਆਂ ਲਈ ਹਵਾਲਾ ਕਾਰਜ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਕੀਤੀ ਹੈ। ਇਸ 254 ਪੰਨਿਆ ਦੀ ਕਿਤਾਬ ਦਾ ਮੁੱਲ 450 ਰੁਪਏ ਨਿਯਤ ਕੀਤਾ ਗਿਆ ਹੈ।



ਪੰਡਿਤ ਤਾਰਾ ਸਿੰਘ ਨਰੋਤਮ
(1822-1891 ਈ.)

# ਦਾਜ਼ ਦੀ ਸਮੱਸਿਆ ਤੇ ਨੌਜਵਾਨ ਸੋਚ

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ, ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)





ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਸਮਾਜ ਵਿਚ ਹੀ ਜਨਮ ਲੈਂਦਾ ਹੈ ਅਤੇ ਸਮਾਜ਼ ਵਿਚ ਹੀ ਮਰਦਾ ਹੈ। ਸਮਾਜ ਵਿਚ ਵਿਚਰਦਿਆਂ ਉਹ ਕਈ ਪ੍ਰਕਾਰ ਦੇ ਰੀਤੀ ਰਿਵਾਜ਼ਾਂ ਅਤੇ ਸਮਾਜਿਕ ਸਰੋਕਾਰਾਂ ਦੇ ਸੰਪਰਕ ਵਿਚ ਆਉਂਦਾ ਹੈ, ਜਿਨ੍ਹਾਂ ਦਾ ਆਧਾਰ ਕਈ ਵਾਰ ਵਿਗਿਆਨਕ ਅਤੇ ਕਈ ਵਾਰ ਕੇਵਲ ਵਿਸ਼ਵਾਸ ਹੁੰਦਾ ਹੈ।

ਮਨੁੱਖ ਸਦੀਆਂ ਤੋਂ ਹੀ ਸਮਾਜਿਕ ਕੁਰੀਤੀਆਂ ਅਤੇ ਸਮੱਸਿਆਵਾਂ ਦੁਆਰਾ ਘਿਰਿਆ ਹੋਇਆ ਹੈ, ਇਨ੍ਹਾਂ ਸਮੱਸਿਆਵਾਂ ਵਿਚੋਂ ਬਹੁਤੀਆਂ ਸਮੱਸਿਆਵਾਂ ਦਾ ਸਬੰਧ ਔਰਤ ਨਾਲ ਹੈ, ਜੋ ਔਰਤ ਨੂੰ ਮਰਦ ਨਾਲੋਂ ਨੀਵਾਂ ਦਿਖਾਉਣ ਦਾ ਯਤਨ ਕਰਦੀਆਂ ਹੋਈਆਂ ਔਰਤਾਂ ਦੇ ਆਤਮ ਸਨਮਾਨ ਨੂੰ ਨੁਕਸਾਨ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਔਰਤਾਂ ਲੰਮੇ ਸਮੇਂ ਤੋਂ ਦਾਸ, ਪਰਦਾ ਅਤੇ ਸਤੀ ਪ੍ਰਥਾਵਾਂ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਨਾਲ ਜੂਝਦੀਆਂ ਆ ਰਹੀਆਂ ਹਨ। ਸਮੇਂ-ਸਮੇਂ 'ਤੇ ਚੱਲੀਆਂ ਸਮਾਜ ਸੁਧਾਰਕ ਲਹਿਰਾਂ ਅਤੇ ਰਾਜਾ ਰਾਮ ਮੋਹਨ ਰਾਏ ਵਰਗੇ ਸਮਾਜ ਸੁਧਾਰਕਾਂ ਨੇ ਔਰਤਾਂ ਨੂੰ ਸਮਾਜਿਕ ਕੁਰੀਤੀਆਂ ਦੀ ਦਲਦਲ ਵਿਚੋਂ ਕੱਢਣ ਦੀ ਤਮਾਮ ਕੋਸ਼ਿਸ਼ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਰਾਹੀਂ ਔਰਤ ਨੂੰ ਜੱਗ ਜਨਨੀ ਦਾ ਦਰਜਾ ਦੇ ਕੇ ਵਡਿਆਇਆ, ਉਸ ਨੂੰ ਸਤਿਕਾਰ ਦਿੱਤਾ। ਇਸ ਦੇ ਨਾਲ-ਨਾਲ ਸਮੇਂ-ਸਮੇਂ 'ਤੇ ਕਾਨੂੰਨ ਬਣਾਏ ਗਏ ਪਰ ਉਨ੍ਹਾਂ 'ਤੇ ਅਮਲ ਆਟੇ ਵਿਚ ਲੂਣ ਬਰਾਬਰ ਹੋਇਆ। ਪੈਸੇ ਅਤੇ ਰਾਜਨੀਤੀ ਦੀ ਤਾਕਤ ਨੇ ਔਰਤ ਨੂੰ ਭੋਗਣ ਅਤੇ ਮਾਨਣ ਦੀ ਵਸਤੂ ਬਣਾ ਕੇ ਰੱਖ ਦਿੱਤਾ। ਜਦੋਂ ਵੀ ਔਰਤ ਨੇ ਆਪਣੇ ਨਾਲ ਹੁੰਦੇ ਸ਼ੋਸ਼ਣ ਪ੍ਰਤੀ ਆਵਾਜ਼ ਬੁਲੰਦ ਕਰਨ ਦਾ ਯਤਨ ਕੀਤਾ, ਉਦੋਂ ਰਸੂਖਦਾਰਾਂ ਦੁਆਰਾ ਉਸ ਦੀ ਆਵਾਜ਼ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ। ਇਹੀ ਕਾਰਨ ਹੈ ਕਿ ਅੱਜ ਇੱਕੀਵੀਂ ਸਦੀ ਵਿਚ ਔਰਤ ਆਪਣੇ ਆਪ ਵਿਚ ਇਕੱਲੀ ਮਹਿਸੂਸ ਕਰਦੀ ਹੋਈ, ਖੁੱਲ੍ਹੀ ਹਵਾ ਵਿਚ ਉਡਾਣ ਭਰਨ ਵਿਚ ਸੰਕੋਚ ਕਰਦੀ ਹੈ ਕਿ ਕਿਤੇ ਸਮਾਜ ਦੇ ਦਰਿੰਦੇ ਉਸ ਦੀ ਆਵਾਜ਼ ਨੂੰ ਕੁਚਲ ਹੀ ਨਾ ਦੇਣ।

ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਸਮਾਜਿਕ ਕਾਰਕੁੰਨਾਂ ਨੇ ਉਜ਼ਾਗਰ ਕਰਕੇ ਸਮੇਂ-ਸਮੇਂ 'ਤੇ ਹਾਕਮਾਂ ਸਰਕਾਰਾਂ ਨੂੰ ਜਾਗਰੂਕ ਕੀਤਾ ਪਰ ਕੁਰਸੀ ਦੇ ਲਾਲਚੀ ਦਾਅਵੇਦਾਰਾਂ ਨੇ ਆਪਣਾ ਉੱਲੂ ਹਮੇਸ਼ਾ ਸਿੱਧਾ ਕੀਤਾ ਪਰੰਤੂ ਔਰਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਸਨਮਾਨ ਬਾਰੇ ਕਦੇ ਚਰਚਾ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ।

ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਹੁੰਦੇ ਹਨ। ਇਨ੍ਹਾਂ ਬੱਚਿਆਂ ਨੇ ਹੀ ਨੌਜਵਾਨ ਸ਼ਕਤੀ ਦੇ ਰੂਪ ਵਿਚ ਦੇਸ਼ ਨੂੰ ਬੁਲੰਦੀਆਂ 'ਤੇ ਲੈ ਕੇ ਜਾਣਾ ਹੈ। ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਨੌਜਵਾਨ ਪੀੜ੍ਹੀ ਨਾਲ ਸਿੱਧਾ ਸਬੰਧ ਹੈ। ਸਮਾਜ ਵਿਚ ਫੈਲੀਆਂ ਸਮਾਜਿਕ ਕੁਰੀਤੀਆਂ ਵਿਚ ਸਭ ਤੋਂ ਜ਼ਿਆਦਾ ਚਰਚਾ ਵਿਚ ਹੈ, ਦਾਜ ਦੀ ਸਮੱਸਿਆ, ਜਿਸ ਨਾਲ ਸਬੰਧਤ ਆਏ ਦਿਨ ਅਖ਼ਬਾਰਾਂ ਦੇ ਪੰਨੇ ਭਰੇ ਪਏ ਮਿਲਦੇ ਹਨ। ਦਾਜ ਦੀ ਸਮੱਸਿਆ ਇਸ ਕਦਰ ਭਿਆਨਕ ਰੂਪ ਧਾਰਨ ਚੁੱਕੀ ਹੈ ਕਿ ਲੋਕ ਧੀਆਂ ਜੰਮਣ ਤੋਂ ਡਰਨ ਲੱਗ ਪਏ ਹਨ, ਜਿਸ ਕਰਕੇ ਭਰੂਣ ਹੱਤਿਆਂ ਵਿਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਠੋਸ ਕਾਨੂੰਨ ਹੋਣ ਦੇ ਬਾਵਜੂਦ ਇਹ ਰੁੱਕ ਕਿਉਂ ਨਹੀਂ ਰਹੀ। ਜੇਕਰ ਨੌਜਵਾਨ ਪੀੜ੍ਹੀ ਇਸ ਵਿਰੁੱਧ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰੇ, ਤਾਂ ਕਿਤੇ ਨਾ ਕਿਤੇ ਇਸ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਅਜੋਕੇ ਸਮੇਂ ਵਿਚ ਸਿੱਖਿਆ ਦਾ ਪ੍ਰਸਾਰ ਬਹੁਤ ਵਧ ਚੁੱਕਿਆ ਹੈ। ਸ਼ਹਿਰਾਂ ਵਾਂਗ ਪਿੰਡਾਂ ਤੱਕ ਵੀ ਸਿੱਖਿਆ ਦੀ ਪਹੁੰਚ ਬਣ ਚੁੱਕੀ ਹੈ। ਪੇਂਡੂ ਬੱਚੇ ਵੀ ਉਚੇਰੀ ਸਿੱਖਿਆ ਤੱਕ ਪਹੁੰਚ ਕੇ ਉੱਚ ਅਹੁਦਿਆਂ ਨੂੰ ਹਾਸਲ ਕਰ ਰਹੇ ਹਨ। ਨੌਜਵਾਨ ਪੀੜ੍ਹੀ ਦੁਆਰਾ ਕੀਤੀ ਪੜ੍ਹਾਈ 'ਤੇ ਕੀਤਾ ਅਮਲ ਹੀ ਦਾਜ ਦੀ ਸਮੱਸਿਆ ਨੂੰ ਖ਼ਤਮ ਕਰ ਸਕਦਾ ਹੈ। ਨੌਜਵਾਨਾਂ ਨੂੰ ਦਾਜ ਰਹਿਤ ਵਿਆਹ ਕਰਨ ਦੀ ਪਹਿਲ ਕਰਨੀ ਹੋਵੇਗੀ। ਦਾਜ਼ ਲੈਣਾ ਅਤੇ ਦਾਜ਼ ਲੈਣਾ ਕਾਨੂੰਨੀ ਜੁਰਮ ਹੈ। ਇਹ ਸੰਦੇਸ਼ ਹਰ ਘਰ ਦੇ ਹਰ ਜੀਅ ਤੱਕ ਪਹੁੰਚਾਉਣਾ ਹੋਵੇਗਾ। ਵਿਆਹ ਇੱਕ ਸੌਦਾ ਨਹੀਂ, ਦੋ ਸਰੀਰਾਂ ਦਾ ਨਹੀਂ, ਸਗੋਂ ਦੋ ਰੂਹਾਂ, ਦੋ ਅਲੱਗ-ਅਲੱਗ ਵਿਚਾਰਾਂ ਦੇ ਮੇਲ ਦਾ ਨਾਮ ਹੈ। ਦਾਜ ਦਾ ਸਵਾਦ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਕੌੜਾ ਕਰ ਦਿੰਦਾ ਹੈ। ਅੱਜਕੱਲ੍ਹ ਫੈਸ਼ਨ ਦਾ ਜ਼ਮਾਨਾ ਹੈ। ਇੱਕ ਵਿਅਕਤੀ ਆਪਣੀ ਧੀ ਦੇ ਵਿਆਹ 'ਤੇ ਲੱਖਾਂ ਰੁਪਏ ਖ਼ਰਚ ਕਰਦਾ ਹੈ, ਤਾਂ ਉਸਨੂੰ ਦੇਖ ਕੇ ਦੂਜਾ ਵਿਅਕਤੀ ਕਰੋੜਾਂ ਰੁਪਏ ਖਰਚਣ ਲਈ ਕਰਜ਼ੇ ਵਰਗੀ ਸਮੱਸਿਆ ਨੂੰ ਸੱਦਾ ਦਿੰਦਾ ਹੋਇਆ ਖ਼ੁਦਕੁਸ਼ੀਆਂ ਦੇ ਰਾਹ ਤੁਰਦਾ ਹੈ। ਖ਼ੁਸ਼ੀਆਂ ਅਤੇ ਸ਼ਹਿਨਾਈਆਂ ਵਾਲੇ ਘਰ ਵਿਚ ਸੱਥਰ ਵਿਛ ਜਾਂਦੇ ਹਨ। ਨੌਜਵਾਨ ਪੀੜ੍ਹੀ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਨੂੰ ਵੀ ਦਾਜ ਰਹਿਤ ਸਾਦਾ ਵਿਆਹ ਕਰਨ ਲਈ ਸਮਝਾਉਣ, ਉਨ੍ਹਾਂ ਨੂੰ ਮਨਾਉਣ। ਸਾਦੇ ਵਿਆਹ ਕਰਕੇ ਜਿਥੇ ਫਾਲਤੂ ਦਾ ਖਰਚਾ ਬਚਾਇਆ ਜਾ ਸਕਦਾ ਹੈ, ਉਥੇ ਦਾਜ ਵਰਗੀ ਲਾਹਨਤ ਨੂੰ ਵੀ ਰੋਕਿਆ ਜਾ ਸਕਦਾ ਹੈ। ਨੌਜਵਾਨਾਂ ਦੇ ਨਾਲ-ਨਾਲ ਸਰਕਾਰਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਦਾਜ ਰੋਕੂ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰੇ, ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇ। ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀਆਂ ਔਰਤਾਂ ਨੂੰ ਵੀ ਹੁਣ ਜਾਗਣਾ ਪਵੇਗਾ, ਆਪਣੇ ਹੱਕਾਂ ਲਈ, ਆਪਣੀ ਇੱਜ਼ਤ ਲਈ ਅਤੇ ਆਪਣੇ ਆਤਮ-ਸਨਮਾਨ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨੀ ਹੋਵੇਗੀ, ਫ਼ਿਰ ਹੀ ਔਰਤ ਦਾ ਸਦੀਆਂ ਤੋਂ ਖੋਇਆ ਹੋਇਆ ਆਤਮ-ਸਨਮਾਨ ਵਾਪਸ ਲਿਆਉਣ ਲਈ ਕੁਝ ਯਤਨ ਕੀਤਾ ਜਾ ਸਕਦਾ ਹੈ। ਔਰਤ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਸਮੂਹਿਕਤਾ ਇਕਜੁੱਟਤਾ ਹੀ ਇਸ ਸਮੱਸਿਆ ਦਾ ਸੁਚੱਜਾ ਹੱਲ ਹੈ। ਔਰਤ ਦਾ ਸਨਮਾਨ ਬਰਕਰਾਰ ਰੱਖ ਕੇ ਉਸ ਨੂੰ ਮਰਦ ਦੇ ਬਰਾਬਰ ਤਰੱਕੀ ਦੇ ਮੌਕੇ ਦੇ ਕੇ ਹੀ ਸਮਾਜ ਅਤੇ ਦੇਸ਼ ਬੁਲੰਦੀਆਂ ਨੂੰ ਛੂਹ ਸਕਦਾ ਹੈ।

# ਮੰਦੀ ਦੇ ਕਾਲੇ ਪ੍ਰਛਾਵੇਂ ਹੇਠ ਜੀਅ ਰਹੇ ਹਨ ਕੈਨੇਡੀਅਨ !







-ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-9217997445
001-403-285-4208
(Punjab Mail USA)


ਕੈਨੇਡਾ ਦੇ ਲੋਕਾਂ ਨੂੰ ਮੌਜੂਦਾ ਹਾਕਮਾਂ ਵਲੋਂ ਘੋਰ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਲਿਬਰਲ ਅਤੇ ਐੱਨ.ਡੀ.ਪੀ. ਗਠਜੋੜ ਅਤੇ ਹਾਕਮੀ ਯੂਨੀਅਨ ਰਾਜਤੰਤਰ ਦੀ ਮਿਲੀਭੁਗਤ ਸਾਰੇ ਕੈਨੇਡਾ ਦੀ ਕਿਰਤੀ ਜਮਾਤ ਅਤੇ ਅਵਾਮ ਦੀਆਂ ਦੁਸ਼ਵਾਰੀਆ ਲਈ ਕੁਝ ਨਹੀਂ ਕਰ ਰਹੇ ਹਨ। ਇੱਥੋ ਦੇ 18 ਲੱਖ ਤੋਂ ਵੱਧ ਦੇ ਮੂਲਵਾਸੀ ਲੋਕਾਂ ਨਾਲ ਹੋਈਆਂ ਸੰਧੀਆ ਅਨੁਸਾਰ ਉਨ੍ਹਾਂ ਨੂੰ ਪੀਣ ਵਾਲੇ ਪਾਣੀ, ਰਿਹਾਇਸ਼ ਅਤੇ ਸਿਹਤ ਸਹੂਲਤਾਂ ਵੀ ਨਹੀਂ ਮਿਲ ਰਹੀਆਂ ਹਨ। ਲੋਕਾਂ ਨੂੰ ਪੂਰਾ ਆਰਥਿਕ ਨਿਆਂ ਨਾ ਮਿਲਣ ਕਰਕੇ ਲੋਕਾਂ ਅੰਦਰ ਨਿਰਾਸ਼ਤਾ ਦਾ ਆਲਮ ਛਾਇਆ ਹੋਇਆ ਹੈ। ਵਿਰੋਧੀ ਧਿਰ ਕੰਜ਼ਰਵੇਟਿਵ (ਟੋਰੀ) ਪਾਰਟੀ ਵੀ ਕੇਵਲ ਸਰਕਾਰ ਵਿਰੁੱਧ ਭੌਂਕ ਕੇ ਗੌਂਗਲੂਆਂ ਨੂੰ ਝਾੜ ਕੇ ਆਪਣੀ ਡਿਊਟੀ ਪੂਰੀ ਕਰ ਰਹੀ ਹੈ। ਹਾਕਮ ਅਤੇ ਵਿਰੋਧੀ ਦੋਨੋਂ ਧਿਰਾਂ ਕਿਉਂਕਿ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆ ਦੀ ਵਾਰੋ-ਵਾਰੀ ਮਿਲਕੇ ਪਿਛਲੇ 156 ਸਾਲਾਂ ਤੋਂ ਸੇਵਾ ਕਰ ਰਹੇ ਹਨ। ਇਸ ਲਈ ਕੈਨੇਡਾ ਅੰਦਰ ਕਿਰਤੀਆਂ ਦੀ ਤੇ ਲੋਕ ਪੱਖੀ ਸਰਕਾਰ ਦੀ ਅਜੇ ਕੋਈ ਆਸ ਨਹੀਂ ਰੱਖੀ ਜਾ ਸਕਦੀ ਹੈ। ਕੈਨੇਡਾ ਅੰਦਰ ਰਾਜ ਕਰ ਰਹੇ ਗਠਜੋੜ ਦਾ ਮੰਤਵ ਕੋਵਿਡ ਮਹਾਂਮਾਰੀ ਸਮੇਂ ਦੇ ਆਰਥਿਕ ਸੰਕਟ ਦਾ ਬੋਝ ਹੌਲੀ-ਹੌਲੀ ਲੋਕਾਂ 'ਤੇ ਪਾਉਣਾ ਹੈ ਤੇ ਕਾਰਪੋਰੇਟ ਘਰਾਣਿਆ ਨੂੰ ਖੁੱਲ੍ਹੇ ਗੱਫੇ ਦੇਣਾ ਹੈ। ਕਿਰਤੀ ਲੋਕਾਂ ਦੀਆਂ ਉਜਰਤਾਂ ਨੂੰ ਖੋਰਾਂ ਤੇ ਉਨ੍ਹਾਂ ਉਪਰ ਹਰ ਵੇਲੇ ਬੇਰੁਜ਼ਗਾਰੀ ਦੀ ਲਟਕ ਰਹੀ ਤਲਵਾਰ ਦਾ ਡਰ, ਇਹ ਸਭ ਪੂੰਜੀਵਾਦੀ ਦੀਵਾਲੀਆ ਆਰਥਿਕ ਨੀਤੀਆਂ ਦੇ ਜਾਰੀ ਰਹਿਣ ਦਾ ਹੀ ਸਿੱਟਾ ਹੈ।

ਕੈਨੇਡਾ ਦੀਆਂ ਪੂੰਜੀਵਾਦੀ ਕਾਰਪੋਰੇਟ ਪੱਖੀ ਅਤੇ ਸੱਜੇ ਪੱਖੀ ਹਾਕਮ ਪਾਰਟੀਆਂ ਨੇ ਕੋਵਿਡ-19 ਦੀ ਮਹਾਂਮਾਰੀ ਵੇਲੇ ਆਪਣੀਆਂ ਨੀਤੀਆ ਅੰਦਰ ਦੇਸ਼ 'ਤੇ ਪਸਰੀ ਗਰੀਬੀ ਨੂੰ 2030 ਤੱਕ ਖਤਮ ਕਰਨ ਲਈ ਵਾਇਦੇ ਕੀਤੇ ਸਨ ਕਿ ਲੰਬੇ ਸਮੇਂ ਲਈ ਪੂੰਜੀ ਨਿਵੇਸ਼ ਕਰਕੇ, ਮਕਾਨਾਂ ਦੀ ਥੁੜ੍ਹ ਦੂਰ ਕਰਨ ਲਈ ਮਕਾਨ ਉਸਾਰੀ, ਸਾਫ ਪਾਣੀ ਦੀ ਉਪਲਬਧੀ ਕਰਾਉਣੀ, ਸਿਹਤ ਤੇ ਟਰਾਂਸਪੋਰਟ ਸਭ ਦੀ ਪਹੁੰਚ ਤੱਕ ਕਰਨਾ। ਬੱਚਿਆ ਦੀ ਸਾਂਭ-ਸੰਭਾਲ, ਸਿਖਿਆ ਅਤੇ ਫਿਰ ਰੁਜ਼ਗਾਰ ਦਾ ਪ੍ਰਬੰਧ ਕਰਨਾ। ਇਸ ਟੀਚੇ ਲਈ ਸਾਲਾਨਾ 72-84 ਬਿਲੀਅਨ ਡਾਲਰ ਖਰਚ ਕਰਨਾ ਸੀ। ਪਰ ਟੀਚੇ ਨਾ ਤਾਂ ਪੂਰੇ ਹੋ ਸਕੇ, ਸਗੋਂ ਕੈਨੇਡਾ ਦੇ ਨਾਗਰਿਕ ਹਾਕਮਾਂ ਦੀਆ ਉਦਾਰਵਾਦੀ ਨੀਤੀਆਂ ਕਾਰਨ ਮੰਦੇ ਨਾਲ ਜੂਝ ਰਹੇ ਹਨ, ਜਿਸ ਲਈ ਮੌਜੂਦਾ ਸਰਕਾਰ ਜ਼ਿੰਮੇਵਾਰ ਹੈ। ਕੈਨੇਡਾ ਦੀ ਆਰਥਿਕਤਾ ਦੇਸ਼ ਦੀ ਰੀਅਲ-ਅਸਟੇਟ, ਮੈਨੂਫੈਕਚਰਿੰਗ ਅਤੇ ਕੁਦਰਤੀ ਸੋਮਿਆਂ 'ਤੇ ਨਿਰਭਰ ਕਰਦੀ ਸੀ, ਜੋ ਰੁਜ਼ਗਾਰ ਵੀ ਦਿੰਦੀ ਅਤੇ ਦੇਸ਼ ਦੀ ਜੀ.ਡੀ.ਪੀ. ਵਿਚ ਵੀ ਭਰਵਾਂ ਹਿੱਸਾ ਪਾਉਂਦੀ ਸੀ। ਪਰ ਉਹ ਉਦਾਰਵਾਦੀ ਨੀਤੀਆਂ ਕਾਰਨ ਮੂੰਧੇ ਮੂੰਹ ਪਈਆਂ ਹਨ। ਰੁਜ਼ਗਾਰ ਖੁੱਸਣ ਕਾਰਨ ਖਰੀਦ ਸ਼ਕਤੀ ਵੀ ਹੇਠਾਂ ਚਲੀ ਗਈ ਹੈ, ਵਿਆਜ ਦਰਾਂ 'ਚ ਬੇ-ਥਹਾ ਵਾਧਾ, ਆਰਥਿਕ ਦਰ 'ਚ ਖੜੋਤ ਆਉਣੀ, ਮੁਦਰਾ-ਸਫੀਤੀ ਨੂੰ ਜਨਮ ਦਿੰਦੀ, ਜਿਸ ਵਿਚੋਂ ਹੀ ਅੱਗੋਂ ਮੰਦਾ ਜਨਮ ਲੈਂਦਾ ਹੈ।

ਕੈਨੇਡਾ ਵਿਚ ਇਸ ਵੇਲੇ ਘੱਟ ਗਿਣਤੀ ਲਿਬਰਲ ਪਾਰਟੀ ਦੀ ਪੂੰਜੀਵਾਦੀ ਕਾਰਪੋ-ਪੱਖੀ ਇਸਾਈਅਤ ਪ੍ਰਭਾਵ ਵਾਲੀ ਸਰਕਾਰ ਹੈ, ਜਿਸ ਨੂੰ ਐੱਨ.ਡੀ.ਪੀ. ਪਾਰਟੀ ਜੋ ਨਾਂ ਦੀ ਸਮਾਜਵਾਦੀ ਹੈ, ਜਿਸ ਦਾ ਆਧਾਰ ਮਜ਼ਦੂਰਾਂ 'ਚ ਸਮਝਿਆ ਜਾਂਦਾ ਹੈ ਪਰ ਪੂੰਜੀਵਾਦੀ ਨੀਤੀਆਂ ਦੀ ਹੀ ਹਮਾਇਤ ਕਰਦੀ ਹੈ। ਜਸਟਿਨ ਟਰੂਡੋ ਨੂੰ ਇਹ ਹਮਾਇਤ ਦੇ ਰਹੀ ਹੈ। ਵਿਰੋਧੀ ਧਿਰ ਟੋਰੀ (ਕੰਜ਼ਰਵੇਟਿਵ) ਪਾਰਟੀ ਹੈ, ਉਹ ਵੀ ਪੂੰਜੀਪਤੀ ਸੱਜੇ ਪੱਖੀ ਸੋਚ ਵਾਲੀ ਹੈ। ਦੋਨੋਂ ਵੱਡੀਆਂ ਸੱਜੇ ਪੱਖੀ ਪਾਰਟੀਆਂ ਅਮਰੀਕਾ ਦੇ ਪ੍ਰਭਾਵ ਅਧੀਨ ਹਨ। ਇਸ ਲਈ ਕੈਨੇਡਾ ਦੇ ਨਾਗਰਿਕਾਂ ਨੂੰ ਹੁਣ ਇਸ ਮੰਦੀਗ੍ਰਸਤ ਮਾਹੌਲ 'ਚ ਨਿਕਲਣ ਲਈ ਕੋਈ ਆਰਥਿਕ ਰਾਹਤ ਮਿਲਣ ਦੀ ਵੀ ਵੱਡੀ ਆਸ ਨਹੀਂ ਹੈ। ਮਹਿੰਗਾਈ, ਬੇਰੁਜ਼ਗਾਰੀ, ਮਕਾਨਾਂ ਦੀ ਸਮੱਸਿਆ, ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਵਿਆਜ ਦਰ 'ਚ ਅਥਾਹ ਵਾਧਾ ਹਜ਼ਾਰਾਂ ਕੈਨੇਡੀਅਨ ਕਿਰਤੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਰਿਹਾ ਹੈ। ਦੂਸਰੇ ਪਾਸੇ ਇਪਸੌਸ ਕੰਪਨੀ ਦੇ ਇਕ ਸਰਵੇਖਣ 'ਚ ਇਹ ਪਾਇਆ ਹੈ ਕਿ 64 ਫੀਸਦੀ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ-ਮਹਿੰਗਾਈ ਤੇ ਬੇਰੁਜ਼ਗਾਰੀ ਦੇ ਹੱਲ, ਲੋਕਾਂ ਨੂੰ ਇਲਾਜ ਤੇ ਬੱਚਿਆਂ ਨੂੰ ਸਿੱਖਿਆ ਸਹੂਲਤਾਂ ਦੇਣ ਤੋਂ ਪਿਛੇ ਹੱਟ ਰਹੀ ਹੈ ਅਤੇ ਮਕਾਨਾਂ ਦੀ ਸਮੱਸਿਆ ਦਾ ਹੱਲ ਤੇ ਵਿਆਜ ਦਰਾਂ ਨੂੰ ਕਾਬੂ ਹੇਠ ਰੱਖਣ ਲਈ ਫੇਲ੍ਹ ਹੋਈ ਹੈ। 63 ਫੀਸਦੀ ਨੇ ਕਿਹਾ ਕਿ ਸਰਕਾਰ ਆਪਣੇ ਸਰਕਾਰੀ ਖਰਚੇ ਘੱਟ ਕਰਨ ਅਤੇ ਜਵਾਬਦੇਹੀ ਤੇ ਪਾਰਦਰਸ਼ਤਾ ਦੀ ਘਾਟ ਕਾਰਨ ਲੋਕਾਂ ਦੀ ਪਸੰਦ ਹੇਠ ਨਹੀਂ ਹੈ। ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਸਰਕਾਰ ਨਸ਼ੀਲੀ ਦਵਾਈਆਂ ਦੇ ਸੇਵਨ ਕਾਰਨ ਹੋ ਰਹੀਆਂ ਮੌਤਾਂ ਰੋਕਣ ਲਈ ਫੇਲ੍ਹ ਹੋਈ ਹੈ।

ਸੰਸਾਰ ਆਰਥਿਕ ਵਾਧਾ ਦਰ ਬੜੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਇਹ ਲੱਛਣ 80 ਸਾਲ ਪਹਿਲਾਂ ਹੋਏ ਮੰਦਵਾੜੇ ਬਾਦ ਦੋ ਵਾਰੀ ਵਾਪਰ ਚੁੱਕੇ ਮੰਦੇ ਬਾਦ ਪਨਪਿਆ ਹੈ। ਇਹ ਧੀਮੀ ਦਰ 2023 ਨੂੰ ਜੋ 3.0 ਫੀਸਦੀ ਦਿੱਸਦੀ ਸੀ, ਘੱਟ ਕੇ 1.7 ਫੀਸਦੀ ਤੱਕ ਪੁੱਜ ਗਈ। ਇਸ ਦਾ ਅਸਰ ਕੈਨੇਡਾ 'ਤੇ ਵੀ ਪੈ ਰਿਹਾ ਹੈ। ਗਰੀਬੀ ਦਰ ਵੀ ਵੱਧੇਗੀ? ਇਸੇ ਤਰ੍ਹਾਂ ਬੇਰੁਜ਼ਗਾਰੀ ਦਰ ਵੀ ਵੱਧੇਗੀ ਅਤੇ ਕਿਰਤ ਸ਼ਕਤੀ ਨੂੰ ਰੁਜ਼ਗਾਰ ਦੀ ਪ੍ਰਾਪਤੀ ਵੀ ਘੱਟੇਗੀ (ਆਈ.ਐੱਲ.ਓ. ਜਨਵਰੀ 2023)। ਸੰਸਾਰ ਮੁਦਰਾ ਸਫੀਤੀ ਭਾਵ ਜਿਉਣ ਵਾਲੀਆਂ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਦਾ 2022 ਵਿਚ ਇੰਡੈਕਸ ਜੋ 143.7 ਸੀ, ਇਸ ਤੋਂ ਵੀ ਉਪਰ ਚਲਾ ਜਾਵੇਗਾ? "ਓਕਸਫੈਮ" ਦੀ ਰਿਪੋਰਟ ਅਨੁਸਾਰ ਗਰੀਬਾਂ ਤੇ ਅਮੀਰਾਂ ਵਿਚਕਾਰ ਪਾੜਾ ਹੋਰ ਵਧੇਗਾ? ਬੈਂਕ ਆਫ ਕੈਨੇਡਾ ਮੁਤਾਬਿਕ ਲੋਕਾਂ ਵਲੋਂ ਮਕਾਨਾਂ, ਗੱਡੀਆਂ ਅਤੇ ਛੋਟੇ ਕਾਰੋਬਾਰੀਆਂ ਵਲੋਂ ਲਏ ਕਰਜ਼ੇ ਦੇ ਵਿਆਜ ਦਰ੍ਹਾਂ 'ਚ ਵਾਧਾ 4.4 ਫੀਸਦੀ ਦਰ ਤੋਂ ਵੀ ਹੋਰ ਵੱਧ ਸਕਦਾ ਹੈ। ਜਦੋਂ ਤੱਕ ਅਸੀਂ ਮੁਦਰਾ ਸਫ਼ੀਤੀ ਦੀ ਦਰ 2 ਫੀਸਦੀ ਤੱਕ ਹੇਠਾਂ ਨਾ ਲਿਆਂਦੀ। ਕਿਰਤ-ਆਰਥਿਕ ਮਾਹਰ 'ਜਿਮ ਸਟੋਨ ਫੋਰਡ' ਦਾ ਕਹਿਣਾ ਹੈ ਕਿ ਸਰਕਾਰ ਦੀ ਇਹ ਆਰਥਿਕ ਨੀਤੀ ਦੇਸ਼ ਦੀ ਆਰਥਿਕਤਾ ਨੂੰ ਹੋਰ ਆਰਥਿਕ ਮੰਦੇ ਵੱਲ ਧੱਕ ਦੇਵੇਗੀ, ਜਿਸ ਕਾਰਨ ਉਜਰਤਾਂ ਹੋਰ ਖੁਰ ਜਾਣਗੀਆਂ, ਆਮਦਨ ਘੱਟ ਜਾਵੇਗੀ। ਫਿਰ 8-9 ਫੀਸਦੀ ਬੇਰੁਜ਼ਗਾਰੀ ਘੱਟ ਕਰਨੀ ਮੁਸ਼ਕਲ ਹੋ ਜਾਵੇਗੀ?

ਕੈਨੇਡਾ ਦੇ ਆਰਥਿਕ ਮਾਹਰਾਂ ਨੇ ਕਿਹਾ ਹੈ ਕਿ ਸੰਸਾਰ ਆਰਥਿਕ ਮੰਦੀ ਦੇ ਚੱਲਦੇ ਹੋਏ ਭਾਵੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮੰਦੀ ਨੂੰ ਰੋਕਣ ਲਈ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੀ ਗੱਲ ਕੀਤੀ ਹੈ ਅਤੇ ਇਸ ਲਈ ਇਮੀਗ੍ਰੇਸ਼ਨ ਨੂੰ ਵਧਾ ਕੇ ਤੇਜ਼ ਕੀਤਾ ਹੈ, ਤਾਂ ਕਿ ਕਿਰਤ ਮੰਡੀ ਅੰਦਰ ਪੈਦਾ ਹੋਏ ਫੈਲਾਅ ਨੂੰ ਭਰਿਆ ਜਾ ਸਕੇ। ਪਰ ਇਸ ਦੇ ਬਾਵਜੂਦ ਵੀ ਮੰਦਾ ਰੋਕਿਆ ਨਹੀਂ ਜਾ ਸਕੇਗਾ, 'ਭਾਵੇਂ ਕਿ ਆਉਣ ਵਾਲੇ ਪ੍ਰਵਾਸੀ ਲੋਕਾਂ, ਰਫ਼ਿਊਜੀ, ਰਿਸ਼ਤੇਦਾਰਾਂ ਅਤੇ ਪ੍ਰਵਾਸੀ ਕੌਮਾਂਤਰੀ ਵਿਦਿਆਰਥੀਆਂ ਵਲੋਂ ਆਰਥਿਕਤਾ ਅੰਦਰ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਪਰ ਦੂਸਰੇ ਪਾਸੇ ਉਨ੍ਹਾਂ ਲੋਕਾਂ ਦੀਆਂ ਸਮਾਜਿਕ ਲੋੜਾਂ, ਰੁਜ਼ਗਾਰ, ਮਕਾਨ, ਜਿਊਣ ਲਈ ਲੋੜੀਂਦੀਆਂ ਸਹੂਲਤਾਂ, ਇਲਾਜ, ਬੱਚਿਆਂ ਦੀ ਪੜ੍ਹਾਈ ਦੇ ਪ੍ਰਬੰਧ ਕਰਨ ਲਈ ਖਰਚੇ ਵੱਧਣ ਦੇ ਨਾਲ ਬਜਟੀ ਆਰਥਿਕ ਬੋਝ ਵੀ ਵੱਧ ਜਾਵੇਗਾ। ਇਥੇ ਇਹ ਦੱਸਿਆ ਜਾਂਦਾ ਹੈ ਕਿ 2015 ਤੋਂ ਲੈ ਕੇ ਅੱਜ ਤੱਕ ਲਗਭਗ 2.5 ਮਿਲੀਅਨ ਨਵੇਂ ਸਥਾਈ ਵਸਨੀਕ ਕੈਨੇਡਾ ਆ ਚੁੱਕੇ ਹਨ। ਹੁਣ ਕੈਨੇਡਾ ਦੀ ਆਬਾਦੀ ਵੱਧ ਕੇ 40 ਮਿਲੀਅਨ, ਭਾਵ 4 ਕਰੋੜ ਪੁੱਜ ਗਈ ਹੈ। ਇਸ ਵੇਲੇ ਵੱਡੀ ਸਮੱਸਿਆ ਆਵਾਸ ਲਈ ਮਕਾਨਾਂ ਅਤੇ ਰੁਜ਼ਗਾਰ ਦੀ ਹੈ। ਇਕ ਪਾਸੇ ਮਕਾਨਾਂ ਦੀ ਭਾਰੀ ਥੁੜ ਹੈ, ਪਰ ਦੂਸਰੇ ਪਾਸੇ ਹਾਊਸਿੰਗ ਮੰਡੀ ਅੰਦਰ ਰੀਅਲ-ਅਸਟੇਟ ਦੀ ਫਰਜ਼ੀ ਮੰਗ ਕਾਰਨ ਇਸ ਖੇਤਰ ਵਿਚ 7.6 ਫੀਸਦੀ ਦਾ ਵਾਧਾ ਨੋਟ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਦੇ ਡਾਇਰੈਕਟਰ "ਮੈਕਲੇਮ" ਨੇ ਕਿਹਾ ਹੈ, "ਪ੍ਰਵਾਸੀਆਂ ਦੀ ਆਮਦ ਕਾਰਨ ਮਕਾਨਾਂ ਦੀ ਮੰਗ ਨੇ ਕੀਮਤਾਂ ਵਿਚ ਅਥਾਹ ਵਾਧਾ ਵੀ ਕਰ ਦਿੱਤਾ ਹੈ। ਇਸ ਸਮੁੱਚੇ ਵਰਤਾਰੇ ਕਾਰਨ ਵਿਆਜ ਦਰਾਂ ਨੂੰ ਵੀ ਵਧਾਉਣਾ ਪਿਆ ਹੈ। ਵਿਆਜ ਦਰਾਂ ਦੇ ਵਾਧੇ ਕਾਰਨ ਹੁਣ ਆਮ ਨਾਗਰਿਕ ਲਈ ਕਿਸ਼ਤਾਂ ਅਦਾ ਕਰਨੀਆਂ ਮੁਸ਼ਕਲ ਹੋ ਗਈਆਂ ਹਨ।"

ਜੂਨ, 2023 ਦੌਰਾਨ ਹੀ ਆਰਥਿਕ ਮਾਹਰਾਂ ਨੇ ਇਸ ਮੰਦੀ ਬਾਰੇ ਜੋ ਕੈਨੇਡਾ ਅੰਦਰ ਮਾਰੋ-ਮਾਰ ਕਰਦੀ ਆ ਰਹੀ ਸੀ, ਸਬੰਧੀ ਸੁਚੇਤ ਕੀਤਾ ਸੀ। ਕੈਨੇਡਾ ਦੇ ਅੰਕੜਾ ਵਿਭਾਗ ਨੇ ਅਸਲ ਕੁੱਲ ਘਰੇਲੂ ਉਤਪਾਦ 'ਚ ਵਾਧਾ ਦਰ 0.3-ਫੀਸਦੀ ਦੱਸੀ ਹੈ। ਪਰ ਜ਼ਮੀਨੀ ਪੱਧਰ 'ਤੇ ਆਰਥਿਕ ਸੰਕਟ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ। ਜੀਵਨ ਲੋੜਾਂ (ਲਿਵਿੰਗ ਕੋਸਟ) ਅੰਦਰ ਖਰੀਦਣ ਸ਼ਕਤੀ 'ਚ 90.21 ਗੁਣਾ ਵਾਧਾ ਹੋ ਗਿਆ ਹੈ। ਸਿਹਤ ਅੰਕੜਾ 69.53 ਫੀਸਦੀ ਉੱਚਾ ਚਲਾ ਗਿਆ ਹੈ। ਜੀਵਨ ਦੀ ਵਿਸ਼ੇਸ਼ਤਾ ਦਾ ਇੰਡੈਕਸ 156.38 ਫੀਸਦੀ ਉੱਚਾ ਚਲਾ ਗਿਆ ਹੈ। ਜਾਇਦਾਦ ਦੀਆਂ ਕੀਮਤਾਂ ਭਾਵ ਆਮਦਨ ਉਪਰ ਗਹਿਣੇ ਹੋਈ ਕੀਮਤ 88.18 ਫੀਸਦੀ ਪੁੱਜ ਗਈ ਹੈ। ਇਕ ਬੈੱਡ ਵਾਲੇ ਕਮਰੇ ਦਾ ਕਿਰਾਇਆ (ਕੇਂਦਰੀ ਕੈਲਗਰੀ ਸ਼ਹਿਰ) 1673.99 ਡਾਲਰ ਤੱਕ ਪੁੱਜ ਗਿਆ ਹੈ। ਕੈਲਗਰੀ ਸ਼ਹਿਰ ਅੰਦਰ ਤਿੰਨ ਜੀਆਂ ਦੇ ਪਰਿਵਾਰ (ਮਾਂ+ਬਾਪ+ਤਿੰਨ ਬੱਚੇ) ਦਾ ਖਰਚਾ ਮਕਾਨ ਕਿਰਾਇਆ, ਭੋਜਨ, ਘਰ ਲਈ ਸਮਾਨ, ਗੱਡੀ ਦਾ ਤੇਲ ਖਰਚਾ, ਸਿਹਤ 'ਤੇ ਖਰਚਾ, ਬਿਜਲੀ-ਪਾਣੀ ਆਦਿ ਬਿਲ ਕੁੱਲ ਮਿਲਾਕੇ ਖਰਚਾ 4672 ਡਾਲਰ ਪ੍ਰਤੀ ਮਹੀਨਾ ਆਉਂਦਾ ਹੈ (ਅਕਤੂਬਰ, 2022 ਕੈਲਗਰੀ)। ਇਕ ਕੈਨੇਡੀਅਨ ਕਿਰਤੀ ਅਤੇ ਉਸਦੀ ਪਤਨੀ ਦੋਨੋਂ ਜੋ ਕੈਜ਼ੂਅਲ ਲੇਬਰ, ਜਾਂ ਅਰਥ-ਕੈਜ਼ੂਅਲ ਲੇਬਰ ਜਾਂ ਹੋਰ ਛੋਟੇ-ਮੋਟੇ ਕੰਮ ਕਰਦੇ ਹੋਣ, ਜਦਕਿ ਇਕ ਦਿਹਾੜੀਦਾਰ ਦੀ ਉਜਰਤ 15-ਡਾਲਰ ਪ੍ਰਤੀ ਘੰਟਾ ਹੋਵੇ। ਉਸ ਨੂੰ ਰੋਜ਼ ਕਦੀ ਵੀ 8-ਘੰਟੇ ਕੰਮ ਵੀ ਨਾ ਮਿਲੇ ਤਾਂ ਦੋਨੋਂ ਮਿਲ ਕੇ ਇਕ ਮਹੀਨੇ ਦਾ ਖਰਚ ਕਿਵੇਂ ਪੂਰਾ ਕਰ ਸਕਣਗੇ, ਜੋ ਮੁਮਕਿਨ ਨਹੀਂ ਜਾਪਦਾ? ਉਹ ਫਿਰ ਕਿਉਂ ਨਹੀਂ ਮਾਨਸਿਕ ਰੋਗੀ ਹੋਣਗੇ? ਕੈਨੇਡਾ ਜਿਥੇ ਕਦੀ ਝਾੜੂਆਂ ਨਾਲ ਡਾਲਰਾਂ ਨੂੰ ਇਕੱਠੇ ਕੀਤਾ ਜਾਂਦਾ ਸੀ, ਅੱਜ ਇਥੇ ਹਰ ਪਾਸੇ ਸੋਕਾ ਪਿਆ ਹੋਇਆ ਦਿਸ ਰਿਹਾ ਹੈ।

ਕੈਨੇਡਾ ਅੰਦਰ ਕਿਰਤੀ ਦੀ ਖਰੀਦ ਸ਼ਕਤੀ ਜਿਹੜੀ ਇਕ ਦਹਾਕੇ ਉਸ ਦੇ ਗੁਜ਼ਾਰੇ ਤੋਂ ਵੀ ਵੱਧ ਹੁੰਦੀ ਸੀ ਤੇ ਉਹ ਕਾਫੀ ਡਾਲਰ ਜੋੜ ਲੈਂਦਾ ਸੀ। ਪਰ ਅੱਜ ਉਹ ਖੁਰ ਗਈ ਹੈ। ਹੁਣ ਗੁਜ਼ਾਰਾ ਕਰਨਾ ਵੀ ਮੁਸ਼ਕਲ ਹੈ। ਸਰਕਾਰ ਦੇ ਚੱਲ ਰਹੇ ਫਿਸਕਲ ਬਜ਼ਟ (ਖਰਚਾ ਤੇ ਆਮਦਨ ਵਿਚਕਾਰ ਪਾੜਾ) ਕਾਰਨ ਕਿਰਤੀਆਂ ਦੀਆਂ ਉਜਰਤਾਂ 3-4-ਫੀਸਦੀ ਤੱਕ ਖੁਰ ਗਈਆਂ ਹਨ। ਖਰੀਦ ਸ਼ਕਤੀ 1992-ਡਾਲਰ ਹੇਠਾਂ ਆ ਗਈ ਹੈ। ਜਦਕਿ ਪੂੰਜੀਪਤੀਆਂ ਦੇ ਮੁਨਾਫ਼ਿਆਂ 'ਚ ਅਥਾਹ ਵਾਧਾ ਹੋਇਆ ਹੈ। ਵੱਡੇ-ਵੱਡੇ ਕਾਰਪੋਰੇਟਾਂ ਦੇ ਮੁੱਖ ਕਾਰਜਕਾਰੀ ਅਫਸਰਾਂ ਦੀਆਂ ਤਨਖਾਹਾਂ ਵਿਚ ਕਈ ਗੁਣਾ ਵਾਧਾ ਕੀਤਾ ਗਿਆ ਹੈ। ਕੋਵਿਡ-19 ਮਹਾਂਮਾਰੀ ਬਾਦ ਕੈਨੇਡਾ ਅੰਦਰ 10 ਫੀਸਦੀ ਇਸਤਰੀ ਕਿਰਤ ਸ਼ਕਤੀ ਕਿਰਤ ਮੰਡੀ 'ਚ ਬਾਹਰ ਕਰ ਦਿੱਤੀ ਗਈ ਹੈ, ਜਿਸ ਨਾਲ ਇਕ ਟ੍ਰਿਲੀਅਨ ਡਾਲਰ ਦਾ ਕਸਾਰਾ ਪਿਆ ਹੈ ਅਤੇ ਕਿਰਤੀ ਪ੍ਰਵਾਰਾਂ 'ਚ ਰੁਜ਼ਗਾਰ ਖੁਸਣ ਨਾਲ ਹੋਰ ਮੰਦਾ ਵੱਧਿਆ ਹੈ। ਭਾਵੇਂ ਕੈਨੇਡਾ ਸਰਕਾਰ ਵਲੋਂ ਕਾਰਬਨ ਫੰਡ ਅਤੇ ਸਹਾਇਤਾ ਫੰਡ ਵੀ ਸ਼ੁਰੂ ਕੀਤਾ ਹੈ, ਜਿਸ ਰਾਹੀਂ ਭੋਜਨ, ਸਿਹਤ ਸਹੂਲਤਾਂ, ਐਮਰਜੈਂਸੀ ਤੇ ਸਹਾਰਾ ਪ੍ਰਦਾਨ ਕਰਨ ਅਤੇ ਪ੍ਰਤੀ ਵਿਅਕਤੀ 100-200 ਡਾਲਰ ਮਾਲੀ ਸਹਾਇਤਾ ਵਜੋਂ ਨਿਗੁਣੇ ਜਿਹੇ ਰਾਹਤ ਵਜੋਂ ਦਿੱਤੇ ਗਏ ਹਨ। ਪਰ ਇਸ ਦੇ ਬਾਵਜੂਦ ਵੀ ਅਮੀਰੀ ਅਤੇ ਗਰੀਬੀ ਵਿਚਕਾਰ ਪਾੜਾ ਵੱਧ ਰਿਹਾ ਹੈ। ਹਾਕਮਾਂ ਦੀਆਂ ਉਦਾਰੀਵਾਦੀ ਨੀਤੀਆਂ ਕਾਰਨ ਜਿਹੜਾ ਪੂੰਜੀਪਤੀ ਇਕ ਬਿਲੀਅਨ ਦਾ ਮਾਲਕ ਸੀ, ਉਹ ਹੁਣ 20-ਬਿਲੀਅਨ ਦਾ ਮਾਲਕ ਬਣ ਗਿਆ ਹੈ (ਓਕਸਫੈਮ ਕੈਨੇਡਾ)।

ਮੌਜੂਦਾ ਜਸਟਿਨ ਟਰੂਡੋ ਦੀ ਲਿਬਰਲ-ਐੱਨ.ਡੀ.ਪੀ. ਸਰਕਾਰ ਵਲੋਂ ਬੜੇ ਲੁੱਕਵੇਂ ਢੰਗ ਨਾਲ ਆਪ ਬਾਹਰ ਰਹਿ ਕੇ ਓਨਟਾਰੀਓ ਸਰਕਾਰ ਰਾਹੀਂ ਓਨਟਾਰੀਓ ਕੋਲੀਸ਼ਨ ਹੈਲਥ ਪ੍ਰਾਈਵੇਟ ਬਿਲ-60 ਡੱਗ-ਫੋਰਡ ਵਲੋਂ ਰੈਫਰੈਂਡਮ ਲਿਆਂਦਾ ਜਾ ਰਿਹਾ ਸੀ, ਜਿਸ ਦਾ ਮਨਸ਼ਾ ਕੈਨੇਡਾ ਅੰਦਰ ਰਾਜਸੀ ਸਿਹਤ ਵਿਭਾਗ ਦਾ ਨਿੱਜੀਕਰਨ ਕਰਨਾ ਹੈ। ਸਰਕਾਰੀ ਸਿਹਤ ਸਹੂਲਤਾਂ ਅਤੇ ਪ੍ਰਬੰਧ ਦੀ ਥਾਂ ਪ੍ਰਾਈਵੇਟ ਅਦਾਰਿਆਂ, ਡਾਕਟਰਾਂ ਅਤੇ ਮਾਹਰਾਂ ਦੇ ਹੱਥ ਸਾਰੇ ਸਿਹਤ ਸਿਸਟਮ ਨੂੰ ਨਿੱਜੀ ਹੱਥਾਂ ਵਿਚ ਦੇਣਾ। ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਅਤੇ ਫਿਰ ਸਾਰੇ ਕੈਨੇਡਾ ਅੰਦਰ ਇਸ ਨੂੰ ਲਾਗੂ ਕਰਨਾ ਫੈਡਰਲ ਸਰਕਾਰ ਨੂੰ ਆਸਾਨ ਹੋ ਜਾਵੇਗਾ? ਇਹ ਇਕ ਅੱਜ ਰੈਫਰੈਂਡਮ ਟਰਾਇਲ ਹੈ। ਜੇਕਰ ਜਿਸ ਨੂੰ ਇਸ ਸਟੇਜ 'ਤੇ ਰੋਸ ਵਿਰੋਧਤਾ ਕਰਕੇ ਬੰਦ ਕਰਨ ਲਈ ਨਿਸ਼ਾਨਾ ਨਾ ਬਣਾਇਆ ਗਿਆ, ਤਾਂ ਇਹ ਕੈਨੇਡਾ ਦੀ ਕਿਰਤੀ ਜਮਾਤ, ਘੱਟ ਆਮਦਨ ਵਾਲੇ ਨਾਗਰਿਕਾਂ, ਸੀਨੀਅਰਜ਼ ਅਤੇ ਪ੍ਰਵਾਸੀ ਜਿਨ੍ਹਾਂ ਨੂੰ ਸਰਕਾਰੀ ਹਸਪਤਾਲਾਂ ਅਤੇ ਸਿਸਟਮ ਅਧੀਨ ਸਹੂਲਤਾਂ ਮਿਲਦੀਆਂ ਹਨ, ਉਨ੍ਹਾਂ ਤੋਂ ਹੱਥ ਧੋਣੇ ਪੈਣਗੇ? ਜੇਕਰ ਫੈਡਰਲ ਸਰਕਾਰ ਫਿਰ ਅਜਿਹਾ ਬਿਲ ਲਿਆਵੇਗੀ, ਤਾਂ ਉਹ ਸਹਿਜੇ ਹੀ ਪਾਸ ਹੋ ਜਾਵੇਗਾ, ਕਿਉਂਕਿ ਐੱਨ.ਡੀ.ਪੀ. ਜੇਕਰ ਵਿਰੋਧ ਵੀ ਕਰੇਗੀ, ਤਾਂ ਕੰਜ਼ਰਵੇਟਿਵ (ਟੋਰੀ) ਪੂਰੀ ਹਮਾਇਤ ਦੇਵੇਗੀ।

ਅਮਲ ਵਿਚ ਜੇਕਰ ਦੇਖਿਆ ਜਾਵੇ, ਤਾਂ ਕੈਨੇਡਾ ਅੰਦਰ ਪਿਛਲੀਆਂ ਬਾਈ-ਇਲੈਕਸ਼ਨ ਵੇਲੇ ਕੈਨੇਡਾ ਦੇ ਨਾਗਰਿਕਾਂ ਨੂੰ ਜੋ ਸਹੂਲਤਾਂ ਸਿਹਤ ਰੁਜ਼ਗਾਰ, ਮਹਿੰਗਾਈ ਰੋਕਣ, ਮਾਨਸਿਕ ਸਿਹਤ ਲਈ, ਮਕਾਨਾਂ ਦੀ ਉਸਾਰੀ, ਆਮ ਲੋਕਾਂ ਤੇ 14-ਟੈਕਸਾਂ ਦਾ ਬੋਝ ਘੱਟ ਕਰਨ ਦੇ ਵਾਅਦੇ ਕੀਤੇ ਸਨ। ਲਿਬਰਲ ਰਾਜਗੱਦੀ 'ਤੇ ਕਾਬਜ਼ ਹੋਣ ਤੋਂ ਬਾਦ ਸਭ ਵਾਅਦੇ ਭੁੱਲ ਗਏ ਹਨ। ਸਗੋਂ ਟੋਰੀ ਜਿਹੜੇ ਵਿਰੋਧੀ ਧਿਰ 'ਚ ਬੈਠੇ ਹੋਏ ਹਨ, ਉਨ੍ਹਾਂ ਨੇ ਵੀ ਕੋਈ ਖਾਸ ਲੋਕ ਹਿਤੂ ਰੋਲ ਨਹੀਂ ਅਦਾ ਕੀਤਾ। ਦੋਨੋਂ ਧਿਰਾਂ ਦੇਸ਼ ਅੰਦਰ ਪੂੰਜੀਵਾਦੀ ਕਾਰਪੋਰੇਟ ਘਰਾਣਿਆਂ ਨੂੰ ਹੀ ਵੱਧ ਛੋਟਾਂ ਦੇ ਕੇ ਉਨ੍ਹਾਂ ਨੂੰ ਉੱਚਾ ਚੁੱਕ ਰਹੇ ਹਨ। ਕੈਨੇਡਾ 'ਚ ਆਵਾਮ ਸਾਹਮਣੇ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਮਕਾਨਾਂ ਲਈ ਲਏ ਕਰਜ਼ਿਆਂ ਦੇ ਵਿਆਜ ਦਰਾਂ 'ਚ ਬੇਥਹਾ-ਵਾਧਾ ਅਤੇ ਪੈਦਾ ਹੋਏ ਮਾਨਸਿਕ ਦਬਾਅ ਨੇ ਸਾਹ ਸੂਤੇ ਹੋਏ ਹਨ। ਇਹ ਵੀ ਵਿਡੰਬਨਾਂ ਹੈ ਕਿ ਜੇਕਰ ਟਰੂਡੋ ਦੀ ਲਿਬਰਲ ਪਾਰਟੀ ਨੂੰ ਲੋਕ ਪਸੰਦ ਨਹੀਂ ਕਰਦੇ, ਤਾਂ ਰਾਜਗੱਦੀ 'ਤੇ ਬੈਠਣ ਵਾਲੀ ਟੋਰੀ ਪਾਰਟੀ ਵੀ ਕਿਹੜੀ ਲੋਕ-ਪੱਖੀ ਹੈ।

ਕੈਨੇਡਾ ਦੇ ਲੋਕਾਂ ਨੂੰ ਮਿਲਕੇ ਆਪਣੀਆਂ ਸਮੱਸਿਆਵਾਂ ਦੇ ਹੱਲ ਅਤੇ ਦੁਸ਼ਵਾਰੀਆਂ ਦੇ ਖਾਤਮੇ ਲਈ ਕਿਰਤੀਆਂ, ਆਮ ਲੋਕਾਂ, ਟਰੇਡ ਯੂਨੀਅਨਾਂ, ਵਿਦਿਆਰਥੀਆਂ ਅੰਦਰ ਆਪਸੀ ਮਿਲ-ਬੈਠ ਕੇ ਇਕ ਜਨਤਕ ਦਬਾਅ ਪੈਦਾ ਕਰਕੇ ਹਾਕਮਾਂ ਨੂੰ ਸਹੂਲਤਾਂ ਦੇਣ ਲਈ ਮਜਬੂਰ ਕਰਨਾ ਚਾਹੀਦਾ ਹੈ। ਇਸ ਦਬਾਅ ਲਈ ਜਮਹੂਰੀ ਲੋਕ, ਖੱਬੇ ਪੱਖੀ ਸ਼ਕਤੀਆਂ ਅਤੇ ਟਰੇਡ ਯੂਨੀਅਨਾਂ ਨੂੰ ਮਿਲ ਕੇ ਇਕ ਮੰਚ ਬਣਾ ਕੇ ਉਪਰਾਲਾ ਕਰਨਾ ਚਾਹੀਦਾ ਹੈ। ਇਸ ਵਿਚ ਹੀ ਸਾਰੇ ਕੈਨੇਡੀਅਨ ਲੋਕਾਂ ਦਾ ਭਲਾ ਹੋਵੇਗਾ। ਨਾਟੋ ਦੇ ਮੈਂਬਰ ਵਲੋਂ ਜੋ ਕੈਨੇਡਾ ਮਿਲੀਅਨ ਡਾਲਰ ਜੰਗ ਲਈ ਖਰਚਦਾ ਹੈ, ਉਹ ਬੰਦ ਕਰਕੇ ਲੋਕਾਂ ਦੀ ਭਲਾਈ ਲਈ ਖਰਚਣਾ ਚਾਹੀਦਾ ਹੈ। ਕੈਨੇਡਾ ਦੀ ਆਰਥਿਕਤਾ ਇਸ ਵੇਲੇ ਘੋਰ ਮੰਦੇ ਦੇ ਕਾਲੇ ਪਰਛਾਵੇਂ ਹੇਠ ਆ ਰਹੀ ਹੈ। ਆਓ! ਇਸ ਪ੍ਰਤੀ ਲੋਕਾਂ ਨੂੰ ਸੁਚੇਤ ਕਰੀਏ।

## 'ਯਾਦ ਰੱਖਣ ਯੋਗ ਗੱਲਾਂ'


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325




- ਤੂਫ਼ਾਨ ਹਨੇਰੀਆਂ ਤਾਂ ਰੁੱਖਾਂ ਨੂੰ ਹੀ ਡੇਗਦੇ ਹਨ, ਪਰ ਈਮਾਨ ਤਾਂ ਬੰਦ ਹਵਾ ਵਿਚ ਦੀ ਡਿੱਗਦੇ ਵੇਖ ਸਕਦੇ ਹੋ।
- ਇਨਸਾਨ ਨੂੰ ਜਿੰਨੇ ਤਜ਼ਰਬੇ ਦੁੱਖਾਂ ਵਿਚ ਮਿਲਦੇ ਹਨ, ਸੁੱਖਾਂ ਵਿਚ ਉਸ ਦਾ ਦਸਵਾਂ ਹਿੱਸਾ ਵੀ ਨਹੀਂ ਮਿਲਦੇ।
- ਕੁਝ ਚੀਜ਼ਾਂ ਵੈਸੇ ਹੀ ਬਦਨਾਮ ਹੁੰਦੀਆਂ ਹਨ। ਕਿਸੇ ਸੱਜਣ ਨੇ ਵਰਤ ਰੱਖਿਆ, ਜਿਸ ਵਿਚ ਅਨਾਜ ਨਹੀਂ ਖਾਂਦੇ, ਸਿਰਫ ਫਰੂਟ, ਦੁੱਧ ਅਤੇ ਆਲੂ ਖਾ ਲੈਂਦੇ ਹਨ। ਉਹ ਸਵੇਰੇ ਹੀ ਚਿਪਸ ਲੈਣ ਗਿਆ, ਤਾਂ ਦੁਕਾਨਦਾਰ ਕਹਿੰਦੇ, ਅੱਜ ਸਵੇਰੇ ਹੀ ਸ਼ੁਰੂ ਹੋ ਰਹੇ ਹੋ।।
- ਫੁੱਲੇ ਹੋਏ ਮੂੰਹ ਨਾਲ ਪਕਾਇਆ ਹੋਇਆ ਫੁਲਕਾ ਕਦੇ ਨਹੀਂ ਫੁੱਲਦਾ।
- ਸਸਤੇ ਲੋਕਾਂ ਅਤੇ ਸਸਤੀਆਂ ਚੀਜ਼ਾਂ 'ਤੇ ਭਰੋਸਾ ਕਰਨਾ ਬਹੁਤ ਮਹਿੰਗਾ ਪੈਂਦਾ ਹੈ।
- ਸਮੇਂ-ਸਮੇਂ ਦੀ ਗੱਲ ਹੈ, ਅੱਜ ਅਸੀਂ ਖੁਸ਼ ਰਹਿ ਕੇ ਓਨਾਂ ਆਨੰਦ ਨਹੀਂ ਮਾਣਦੇ, ਜਿੰਨਾ ਖੁਸ਼ ਦਿਸ ਕੇ ਆਨੰਦ ਲੈਣਾ ਚਾਹੁੰਦੇ ਹਾਂ।
- ਸਭ ਕੁਝ ਹਾਲਤਾਂ 'ਤੇ ਟਿਕਿਆ ਹੈ ਇੱਕ ਗਰੀਬ ਦਾ ਬੱਚਾ ਗੁਬਾਰੇ ਵੇਚ ਰਿਹਾ ਸੀ, ਕਿਸੇ ਬੱਚੇ ਨੇ ਖ਼ਰੀਦਿਆ। ਗਰੀਬ ਬੱਚਾ ਖੁਸ਼ ਸੀ ਗੁਬਾਰਾ ਵੇਚ ਕੇ, ਅਮੀਰ ਖੁਸ਼ ਸੀ ਗੁਬਾਰਾ ਖਰੀਦ ਕੇ ਅਤੇ ਇੱਕ ਸ਼ੈਤਾਨ ਨੇ ਗੁਬਾਰਾ ਪਾੜ ਦਿੱਤਾ, ਉਹ ਆਪਣੀ ਜਗ੍ਹਾ ਖੁਸ਼ ਸੀ।
- ਕੁਝ ਇਨਸਾਨ ਕਿੰਨੇ ਮੁਤੱਸਬੀ ਹੁੰਦੇ ਹਨ, ਮਤਲਬ ਖਾਤਰ ਕੁਝ ਵੀ ਕਰਦੇ ਸਨ। ਕਿਸੇ ਇਕੱਠ ਵਿਚ ਇੱਕ ਔਰਤ ਕਹਿ ਰਹਿ ਸੀ, ਮੇਰੀ ਬੇਟੀ ਨੂੰ ਪੰਛੀ ਬਹੁਤ ਪਸੰਦ ਹਨ, ਕੋਲ ਫਿਰਦਾ ਇੱਕ ਭੂੰਡ ਪਟਾਕਾ ਜਿਹਾ ਕਹਿੰਦਾ, ਹਾਂ ਜੀ, ਮੈਨੂੰ ਸਾਰੇ ਉੱਲੂ-ਉੱਲੂ ਕਹਿੰਦੇ ਹਨ। (Punjab Mail USA)

# ਬੱਚਿਆਂ ’ਤੇ ਹੁੰਦੇ ਜ਼ੁਲਮਾਂ ਨੂੰ ਰੋਕਿਆ ਜਾਵੇ






**ਬਲਜਿੰਦਰ ਮਾਨ**
-ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
- 98150-18947
(Punjab Mail USA)


ਮਨੁੱਖ ਦਾ ਸਭ ਤੋਂ ਸੁਨਹਿਰੀ ਸਮਾਂ ਬਚਪਨ ਹੁੰਦਾ ਹੈ। ਉਸ ਵੇਲੇ ਨਾ ਕੋਈ ਫਿਕਰ ਤੇ ਨਾ ਹੀਂ ਕੋਈ ਜ਼ਿੰਮੇਵਾਰੀ ਦੀ ਚਿੰਤਾ ਹੁੰਦੀ ਹੈ। ਉਸ ਸਮੇਂ ਸਾਰੇ ਫਿਕਰ ਮਾਪਿਆਂ ਦੇ ਹੀ ਹੁੰਦੇ ਹਨ। ਬੱਚੇ ਜਿਵੇਂ-ਜਿਵੇਂ ਵੱਡੇ ਹੋਣ ਲੱਗਦੇ ਹਨ, ਉਨ੍ਹਾਂ ਸਿਰ ਜ਼ਿੰਮੇਵਾਰੀਆਂ ਦਾ ਬੋਝਾ ਵਧਦਾ ਜਾਂਦਾ ਹੈ। ਅੱਜਕੱਲ੍ਹ ਤਾਂ ਬੱਚਿਆਂ ਤੋਂ ਬਾਲਪਨ ਵੀ ਖੋਇਆ ਜਾ ਰਿਹਾ ਹੈ। ਬੜੀ ਛੋਟੀ ਉਮਰ ਵਿਚ ਹੀ ਉਹ ਪੜ੍ਹਾਈ-ਲਿਖਾਈ ਦੇ ਭਾਰ ਹੇਠ ਆ ਜਾਂਦਾ ਹੈ। ਇਸ ਬਾਰੇ ਸਿੱਖਿਆ ਸ਼ਾਸਤਰੀਆਂ ਦੀਆਂ ਵੱਖੋ-ਵੱਖਰੀਆਂ ਰਾਵਾਂ ਹਨ ਪਰ ਇਸ ਗੱਲ ’ਤੇ ਸਾਰੇ ਇਕਮੱਤ ਹਨ ਕਿ ਬਾਲਪੰਨ ਜ਼ਰੂਰ ਬਚਿਆ ਰਹਿਣਾ ਚਾਹੀਦਾ ਹੈ। ਜਦੋਂ ਗਲੀਆਂ, ਬਾਜ਼ਾਰਾਂ ਵਿਚ ਵਿਚਰਦੇ ਹਾਂ, ਤਾਂ ਸਕੂਲ ਜਾਣ ਵਾਲੇ ਬਾਲ ਅਤੇ ਬਾਲੜੀਆ ਭੀਖ ਮੰਗਦੇ ਦਿਖਾਈ ਦਿੰਦੇ ਹਨ। ਬਸ ਸਾਡੀ ਚਿੰਤਾ ਦਾ ਇਹੀ ਵਿਸ਼ਾ ਹੈ। ਜਿਸ ਦੇਸ਼ ਵਿਚ 2022 ਦੇ ਸਾਲ ਵਿਚ 4 ਲੱਖ 13 ਹਜ਼ਾਰ 760 ਭਿਖਾਰੀਆਂ ਦੀ ਗਿਣਤੀ ਹੋਵੇ, ਉਸਦੀ ਹਾਲਤ ਬਾਰੇ ਕੀ ਕਿਹਾ ਜਾ ਸਕਦਾ ਹੈ। ਦੂਜਾ ਵਿਸ਼ਾ ਇਹ ਹੈ ਕਿ ਇਨ੍ਹਾਂ ਵਿਚ ਦੋ ਲੱਖ ਔਰਤਾਂ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਸਾਰੇ ਗਰੀਬੀ ਦੇ ਮਾਰੇ ਹੋਏ ਹਨ ਜਾਂ ਕੋਈ ਹੋਰ ਕਾਰਨ ਵੀ ਹਨ। ਇਨ੍ਹਾਂ ਪਿੱਛੇ ਸਰਗਰਮ ਗਿਰੋਹਾਂ ਦਾ ਹਿੱਸਾ ਹੈ, ਜਿਹੜੇ ਬੱਚਿਆਂ ਨੂੰ ਲਾਪਤਾ ਕਰ ਦਿੰਦੇ ਹਨ।

ਦੇਸ਼ ਭਰ ਵਿਚ ਗੁਆਚਣ ਵਾਲੇ ਬੱਚਿਆਂ ਦੀ ਗਿਣਤੀ ਆਏ ਸਾਲ ਵਧਦੀ ਜਾ ਰਹੀ ਹੈ। ਸੰਸਦ ਵਿਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪਿਛਲੇ ਪੰਜਾਂ ਸਾਲਾਂ ਵਿਚ 4 ਲੱਖ 75 ਹਜ਼ਾਰ ਤੋਂ ਵੱਧ ਬੱਚੇ ਗੁਆਚੇ ਜਾਂ ਅਗਵਾ ਹੋਏ। ਲਾਪਤਾ ਹੋਣ ਵਾਲੇ ਬੱਚਿਆਂ ਵਿਚ ਇਕੱਲੇ ਮੱਧ ਪ੍ਰਦੇਸ਼ ਵਿਚੋਂ 61 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋਏ। ਪੱਛਮੀ ਬਗਾਲ ਵਿਚੋਂ 49 ਹਜ਼ਾਰ ਬੱਚੇ ਲਾਪਤਾ ਹੋਏ। ਪੰਜਾਬ ਵਿਚੋਂ ਬੀਤੇ ਦਸਾਂ ਸਾਲਾਂ ਵਿਚ ਦਸ ਹਜ਼ਾਰ ਬੱਚੇ ਲਾਪਤਾ ਹੋਏ ਦੱਸੇ ਜਾਂਦੇ ਹਨ। ਭਾਵ ਹਰ ਰੋਜ਼ ਤਿੰਨ ਬੱਚੇ ਲਾਪਤਾ ਹੁੰਦੇ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਦੋਆਬਾ ਖੇਤਰ ਦੇ ਹਨ। ਹਰਿਆਣਾ, ਹਿਮਾਚਲ ਦੀ ਸਥਿਤੀ ਕੰਟਰੋਲ ਹੇਠ ਦੱਸੀ ਗਈ ਹੈ। ਦੇਸ਼ ਦੇ ਜਾਨ-ਮਾਲ ਦੀ ਰੱਖਿਆ ਕਰਨਾ ਮੌਕੇ ਦੀਆਂ ਸਰਕਾਰਾਂ ਦਾ ਕੰਮ ਹੁੰਦਾ ਹੈ। ਜੇਕਰ ਉਹ ਅਜਿਹਾ ਕਰਨ ਵਿਚ ਕਾਮਯਾਬ ਨਹੀਂ ਹੁੰਦੀਆਂ, ਤਾਂ ਉਨ੍ਹਾਂ ਦੀਆਂ ਕਾਰਜਸ਼ੀਲ ਨੀਤੀਆਂ ਦੀ ਪੜਤਾਲ ਕਰਨੀ ਬਣਦੀ ਹੈ। ਇਹ ਪਤਾ ਲੱਗਾ ਹੈ ਕਿ ਗੁਆਚੇ ਬੱਚਿਆਂ ਨੂੰ ਵਾਰ-ਵਾਰ ਵੇਚਿਆ ਜਾਂਦਾ ਹੈ। ਉਨ੍ਹਾਂ ਕੋਲੋਂ ਸਾਰੇ ਗੈਰ ਕਾਨੂੰਨੀ ਕੰਮ ਕਰਵਾਏ ਜਾਂਦੇ ਹਨ। ਜੋ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕਤਾ ਦੇ ਖਿਲਾਫ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਪੀੜਾ ਦਿਨ-ਬ-ਦਿਨ ਵਧਦੀ ਹੀ ਜਾਂਦੀ ਹੈ। ਉਹ ਇਸ ਦਲਦਲ ਵਿਚ ਐਸਾ ਧੱਸਦੇ ਹਨ ਕਿ ਮੁੜ ਆਪਣੀ ਸਧਾਰਣ ਜ਼ਿੰਦਗੀ ਨੂੰ ਪ੍ਰਾਪਤ ਨਹੀਂ ਕਰ ਪਾਉਂਦੇ।

ਜਦੋਂ ਲਾਪਤਾ ਹੋਈਆਂ ਲੜਕੀਆਂ ਬਾਰੇ ਪੜਤਾਲ ਕੀਤੀ ਜਾਂਦੀ ਹੈ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿਚੋਂ ਬਹੁਤੀਆਂ ਨੂੰ ਮੰਗਤੀਆਂ ਬਣਾ ਕੇ ਬਾਅਦ ਵਿਚ ਵੇਸਵਾਗਮਨੀ ਦਾ ਦਲ-ਦਲ ਵਿਚ ਧੱਕ ਦਿੱਤਾ ਜਾਂਦਾ ਹੈ। ਘਿਨਾਉਣੇ ਕੰਮਾਂ ਲਈ ਮਜਬੂਰ ਹੋਈਆਂ ਇਹ ਬਾਲੜੀਆਂ ਅੱਗੇ ਜਾ ਕੇ ਗੰਭੀਰ ਰੋਗਾਂ ਦਾ ਵੀ ਸ਼ਿਕਾਰ ਹੋ ਜਾਂਦੀਆਂ ਹਨ। ਕਈ ਵਾਰ ਬੱਚਿਆਂ ਦੇ ਅੰਗ ਵੀ ਵੇਚੇ ਜਾਂਦੇ ਹਨ। ਇਥੋਂ ਤੱਕ ਕੇ ਹੱਥ ਜਾਂ ਪੈਰ ਵੱਢ ਕੇ ਚੌਂਕਾਂ ਵਿਚ ਭੀਖ ਮੰਗਣ ਲਈ ਬਿਠਾ ਦਿੱਤਾ ਜਾਂਦਾ ਹੈ। ਅਜਿਹੇ ਤਰਸਯੋਗ ਅਤੇ ਦਿਲ ਦਹਿਲਾਉਣ ਵਾਲੇ ਦ੍ਰਿਸ਼ ਦੇਖਕੇ ਹਰ ਕੋਈ ਇਹੀ ਆਖਦਾ ਹੈ ਕਿ ਸਾਡਾ ਬਾਲ ਭਲਾਈ ਤੇ ਇਸਤਰੀ ਸੁਰੱਖਿਆ ਵਿਭਾਗ ਕਿਹੜੀ ਸੌਣੀ ਸੁੱਤਾ ਪਿਆ ਹੈ। ਪੁਲਿਸ ਪ੍ਰਸ਼ਾਸਨ ਵੀ ਇਸ ਮਾਮਲੇ ਵਿਚ ਕਈ ਥਾਂਈਂ ਦੱਲਿਆ ਨਾਲ ਮਿਲਿਆ ਹੋਇਆ ਦੱਸਿਆ ਜਾਂਦਾ ਹੈ। ਲੱਗਦਾ ਇੰਜ ਹੈ ਕਿ ਅਜੋਕੇ ਮਨੁੱਖ ਵਿਚੋਂ ਇਨਸਾਨੀਅਤ ਖਤਮ ਹੋ ਗਈ ਹੈ। ਉਸਨੂੰ ਸਿਰਫ਼ ਮਾਇਆ ਹੀ ਦਿਖਾਈ ਦਿੰਦੀ ਹੈ। ਜਿਸ ਖਾਤਰ ਉਹ ਹਰ ਘਿਨਾਉਣੀ ਹਰਕਤ ਕਰਨ ਲਈ ਤਿਆਰ ਰਹਿੰਦਾ ਹੈ। ਇਨਸਾਨ ਤੋਂ ਹੈਵਾਨ ਬਣਿਆ ਮਨੁੱਕ ਹਰ ਮਾੜਾ ਤੇ ਅਤਿ ਘਿਨਾਉਣਾ ਕੰਮ ਕਰਨ ਤੋਂ ਕਦੀ ਪਿੱਛੇ ਨਹੀਂ ਹਟਦਾ। ਲਾਪਤਾ ਹੁੰਦੇ ਬੱਚਿਆਂ ਵਿਚੋਂ 60 ਫੀਸਦੀ ਬੱਚੇ ਅਪਰਾਧ ਦੀ ਦੁਨੀਆਂ ਵਿਚ ਚਲੇ ਜਾਂਦੇ ਹਨ, ਭਾਵ ਕੋਮਲ ਭਾਵਨਾਵਾਂ ਨਾਲ ਖਿਲਵਾੜ ਕਰਕੇ ਉਨ੍ਹਾਂ ਨੂੰ ਇਸ ਕਾਲ ਕੋਠੜੀ ਵਿਚ ਧੱਕਾ ਦੇ ਦਿੱਤਾ ਜਾਂਦਾ ਹੈ। ਕੋਈ ਸਮੱਗਲਰ, ਕੋਈ ਡਾਕੂ ਤੇ ਕੋਈ ਨਸ਼ੇੜੀ ਬਣਕੇ ਸਮਾਜ ਲਈ ਸਮੱਸਿਆ ਬਣ ਜਾਂਦਾ ਹੈ।

ਜੇਕਰ ਉਨ੍ਹਾਂ ਦੀ ਸਾਂਭ-ਸੰਭਾਲ ਵੱਲ ਖਾਸ ਧਿਆਨ ਦਿੱਤਾ ਜਾਵੇ, ਤਾਂ ਇਹ ਬੱਚੇ ਅਪਰਾਧ ਜਗਤ ਤੋਂ ਬਚ ਸਕਦੇ ਹਨ। ਪਰ ਲੋੜ ਹੈ ਸਭ ਨੂੰ ਸੁਚੇਤ ਹੋਣ ਦੀ। ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰੀਤੰਤਰ ਨੂੰ ਇਕਜੁੱਟ ਹੋ ਕੇ ਇਸ ਬਾਲ ਸੰਸਾਰ ਦੀ ਰਾਖੀ ਕਰਨੀ ਬਣਦੀ ਹੈ। ਇਨ੍ਹਾਂ ਵਿਚੋਂ ਕੋਈ ਵੀ ਦੇਸ਼ ਕੌਮ ਲਈ ਹੀਰਾ ਸਾਬਤ ਹੋ ਸਕਦਾ ਹੈ। ਬੱਚੇ ਹੀ ਦੇਸ਼ ਕੌਮ ਦੀਆਂ ਜੜ੍ਹਾਂ ਹਨ। ਜੇਕਰ ਇਹ ਨਰੋਈਆਂ ਹੋਣਗੀਆਂ, ਤਦ ਹੀ ਦੇਸ਼ ਕੌਮ ਦੀ ਜੁਆਨੀ ਸਮੇਂ ਦੀ ਹਾਣੀ ਬਣ ਸਕੇਗੀ। ਗੁਆਚੇ ਹੋਏ ਬੱਚਿਆਂ ਨੂੰ ਲੱਭਣ ਵਿਚ ਕੇਰਲ ਸੂਬਾ ਸਭ ਤੋਂ ਅੱਗੇ ਹੈ। ਜਦਕਿ ਇਹ ਸਥਿਤੀ ਦਿੱਲੀ, ਯੂ.ਪੀ ਅਤੇ ਰਾਜਸਥਾਨ ਵਰਗੇ ਸੂਬਿਆਂ ਵਿਚ ਚਿੰਤਾਜਨਕ ਹੈ। 2011 ਵਿਚ 35000 ਬੱਚੇ ਲਾਪਤਾ ਹੋਏ ਸਨ, ਜਦਕਿ ਹੁਣ ਇਹ ਗਿਣਤੀ 55 ਹਜ਼ਾਰ ਤੱਕ ਪੁੱਜ ਚੁੱਕੀ ਹੈ। ਸਥਿਤੀ ਕਿੰਨੀ ਦੁਖਦਾਈ ਹੈ ਕਿ ਹਰ ਅੱਠ ਮਿੰਟ ਬਾਅਦ ਇਕ ਬੱਚਾ ਲਾਪਤਾ ਜਾਂ ਅਗਵਾ ਹੋ ਜਾਂਦਾ ਹੈ। ਇਨ੍ਹਾਂ ਘਟਨਾਵਾਂ ਪਿੱਛੇ ਮੁੱਖ ਕਾਰਨ ਗਰੀਬੀ ਅਤੇ ਭੁੱਖਮਰੀ ਹੈ। ਯੂਨੀਸੈਫ ਅਨੁਸਾਰ ਹਰ ਛੇਵਾਂ ਬੱਚਾ ਗਰੀਬੀ ਦੀ ਦਲਦਲ ਵਿਚ ਫਸਿਆ ਹੋਇਆ ਹੈ। ਇਹ ਸੱਚ ਹੀ ਕਿਹਾ ਗਿਆ ਹੈ ਕਿ ਸਭ ਤੋਂ ਬੁਰੀ ਭੁੱਖ ਹੁੰਦੀ ਹੈ। ਭੁੱਖੇ ਬੱਚੇ ਜਾਂ ਵਿਅਕਤੀ ਤੋਂ ਆਪਣੀ ਮਰਜ਼ੀ ਅਨੁਸਾਰ ਸਭ ਕੁੱਝ ਕਰਵਾਇਆ ਜਾ ਸਕਦਾ ਹੈ। ਉਹ ਉਸਦੇ ਨਤੀਜਿਆਂ ਬਾਰੇ ਨਹੀਂ ਸੋਚਦਾ ਸਗੋਂ ਰੋਟੀ ਦੇਣ ਵਾਲੇ ਨੂੰ ਹੀ ਰੱਬ ਮੰਨਦਾ ਹੈ ਅਤੇ ਉਸਦੀਆਂ ਸਭ ਸ਼ਰਤਾਂ ਮਨਜ਼ੂਰ ਕਰਦਾ ਹੋਇਆ ਕੁਰਾਹੇ ਤੁਰਿਆ ਜਾਂਦਾ ਹੈ। ਇਸ ਲਈ ਇਨ੍ਹਾਂ ਮਜਬੂਰ ਲੋਕਾਂ ਦੀ ਬਾਂਹ ਫੜਨ ਦੀ ਜ਼ਿੰਮੇਵਾਰੀ ਸਾਡੀਆਂ ਸਰਕਾਰਾਂ ਦੀ ਹੈ। ਸਰਕਾਰੀ ਅੰਕੜੇ ਪੇਸ਼ ਕਰਨ ਨਾਲ ਮਸਲੇ ਹੱਲ ਨਹੀਂ ਹੁੰਦੇ। ਇਹ ਅੰਕੜੇ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰਦੇ ਹਨ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ। ਭਾਰਤ ਦਾ ਚੰਦ ਤੱਕ ਕਬਜ਼ਾ ਕਰਨਾ ਵਿਸ਼ਵ ਪੱਧਰੀ ਬਹੁਤ ਵੱਡੀ ਪ੍ਰਾਪਤੀ ਹੈ ਪਰ ਦੇਸ਼ ਵਿਚ ਵਸਦੇ ਗਰੀਬ ਬੱਚਿਆਂ ਨੂੰ ਇਸ ਦਲਦਲ ਵਿਚ ਫਸਣ ਤੋਂ ਕੌਣ ਬਚਾਵੇਗਾ? ਇਨ੍ਹਾਂ ਸਵਾਲਾਂ ਦੇ ਜੁਆਬ ਲੱਭਣ ਲਈ ਸ਼ਹਿਰੀਆਂ ਨੂੰ ਹਰ ਮੰਤਰੀ-ਸੰਤਰੀ ਨੂੰ ਸਵਾਲ ਕਰਨਾ ਬਣਦਾ ਹੈ।

ਜ਼ਮੀਨੀ ਹਕੀਕਤਾਂ ਵੱਲ ਧਿਆਨ ਦਿੰਦੇ ਹੋਏ ਇਹੋ ਜਿਹੀਆਂ ਯੋਜਨਾਵਾਂ ਉਲੀਕਣ ਦੀ ਜਰੂਰਤ ਹੈ, ਜੋ ਦੇਸ਼ ਵਿਚੋਂ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰ ਸਕਣ। ਖਾਸ ਕਰ ਦੇਸ਼ ਕੌਮ ਦਾ ਸਰਮਾਇਆ ਆਖੇ ਜਾਂਦੇ ਬੱਚਿਆਂ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਲੜਕੀਆਂ ਦੀ ਸੁਰੱਖਿਆ ਤੇ ਤਵੱਜੋ ਦੇਣ ਦੀ ਜ਼ਰੂਰਤ ਹੈ। ਹਰ ਖੇਤਰ ਵਿਚ ਝੰਡੇ ਗੱਡਣ ਵਾਲੀਆਂ ਨਾਰੀਆਂ ਦੀਆਂ ਧੀਆਂ ਅੱਜ ਵੀ ਤ੍ਰਾਸਦੀ ਦੀ ਸ਼ਿਕਾਰ ਹਨ। ਬਚਪਨ ਬਚੇਗਾ, ਤਾਂ ਹੀ ਦੇਸ਼ ਬਚੇਗਾ। ਜੇਕਰ ਆਏ ਸਾਲ ਅਜਿਹੀਆਂ ਘਟਨਾਵਾਂ ਦੀ ਗਿਣਤੀ ਵਧਦੀ ਗਈ, ਤਾਂ ਸਾਨੂੰ ਗੁਆਚੇ ਬਚਪਨ ’ਤੇ ਅਫਸੋਸ ਕਰਨ ਤੋਂ ਸਿਵਾਏ ਸਾਡੇ ਹੱਥ ਕੁੱਝ ਨਹੀਂ ਬਚਣਾ। ਵਿਸ਼ਵ ਵਿਆਪੀ ਇਸ ਸਮੱਸਿਆ ਦੀ ਚਾਲ ਭਾਰਤ ਵਿਚ ਬਹੁਤ ਤੇਜ਼ ਹੈ। ਜੇਕਰ ਇਸ ਨੂੰ ਸਮੇਂ ਸਿਰ ਨੱਥ ਨਾ ਪਾਈ, ਤਾਂ ਦੇਸ਼ ਵਿਚ ਅਪਰਾਧਾਂ ਦੀ ਗਿਣਤੀ ’ਚ ਵਾਧਾ ਹੋਣਾ ਵੀ ਸੁਭਾਵਿਕ ਹੀ ਹੈ। ਦੇਸ਼ ਨੂੰ ਹਰ ਪੱਖੋਂ ਖੁਸ਼ਹਾਲ ਬਣਾਉਣ ਲਈ ਬਾਲ ਜੀਵਨ ਨੂੰ ਬਚਾਉਣਾ ਅਤੇ ਇਸਨੂੰ ਹਰਿਆ-ਭਰਿਆ ਰੱਖਣਾ ਲਾਜ਼ਮੀ ਹੈ। ਬੱਚੀਆਂ ਦੇ ਉਧਾਲੇ ਦੇ ਅਪਰਾਧ ਦਾ ਇਹ ਜ਼ਹਿਰ ਕਾਫੀ ਡੂੰਘਾ ਫੈਲ ਚੁੱਕਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਰਲਕੇ ਹਮਲਾ ਕਰਨਾ ਪਵੇਗਾ। ਅਜਿਹਾ ਕਰਨ ਨਾਲ ਹਰ ਇਨਸਾਨ ਆਪਣੇ ਬੱਚਿਆਂ ਨੂੰ ਹੱਸਦੇ-ਖੇਡਦੇ ਦੇਖ ਕੇ ਪ੍ਰਸੰਨ ਹੋ ਸਕੇਗਾ। ਪੁਲਿਸ ਪ੍ਰਸਾਸ਼ਨ, ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਇਸ ਖੇਤਰ ਵਿਚ ਹੋਰ ਸਰਗਰਮ ਹੋਵੇ, ਤਾਂ ਇਸ ਅਪਰਾਧ ਦੀ ਵਧਦੀ ਗਿਣਤੀ ਨੂੰ ਨੱਥ ਪਾਈ ਜਾ ਸਕਦੀ ਹੈ।

---

# ਦਿਲਚਸਪ ਵਾਕਿਆਤ




**ਸੱਤਪਾਲ ਸਿੰਘ ਦਿਓਲ**
98781-70771
(Punjab Mail USA)


## ਇੱਕ ਸੌ ਨੌ

ਪੁਲਿਸ ਵੱਲੋਂ ਅਕਸਰ ਹੀ ਧਾਰਾ 109 ਸੀ.ਆਰ.ਪੀ.ਸੀ. ਦੇ ਤਹਿਤ ਔਰਤ-ਮਰਦ ਦੀ ਗ੍ਰਿਫਤਾਰੀ ਕਰਕੇ ਅਕਸਰ ਹੀ ਐੱਸ.ਡੀ.ਐੱਮ. ਦੀ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ। ਹਾਲ ਹੀ ਵਿਚ ਸੰਵਿਧਾਨਿਕ ਅਧਿਕਾਰਾਂ ਤੇ ਮਨੁੱਖੀ ਆਜ਼ਾਦੀ ਨੂੰ ਮੁੱਖ ਰੱਖਕੇ ਸਿਖਰਲੀ ਅਦਾਲਤ ਨੇ ਬਾਲਗ ਲੋਕਾਂ ਦੇ ਵਿਆਹ ਤੋਂ ਬਾਹਰੀ ਸੰਬੰਧਾਂ ਤੇ ਦੋ ਬਾਲਗ ਲੜਕੇ ਲੜਕੀ ਦੇ ਇਕੱਠੇ ਰਹਿਣ ਨੂੰ ਪ੍ਰਵਾਨ ਕਰ ਲਿਆ ਹੈ। ਪਰ ਸਮਾਜਿਕ ਤੌਰ ’ਤੇ ਅਜਿਹੇ ਨਾਜਾਇਜ ਰਿਸ਼ਤੇ ਸਮਾਜ ਪ੍ਰਵਾਨ ਨਹੀਂ ਕਰਦਾ, ਬਹੁਤ ਸਾਰੀਆਂ ਅਣਸੁਖਾਂਵੀਆਂ ਘਟਨਾਵਾਂ ਤੇ ਜੁਰਮ ਨੂੰ ਇਹ ਜਨਮ ਦਿੰਦਾ ਹੈ। ਆਪਣਾ ਚਰਿੱਤਰ ਗਵਾ ਚੁੱਕੇ ਲੋਕ ਸੁਪਰੀਮ ਕੋਰਟ ਦੀ ਵਿਵਸਥਾ ਨੂੰ ਆਪਣੇ ਹੱਕ ਦਾ ਫਤਵਾ ਮੰਨ ਕੇ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨੂੰ ਕਾਨੂੰਨ ਸਿਖਾਉਣ ਲੱਗ ਜਾਂਦੇ ਹਨ। ਅਜਿਹਾ ਉਨ੍ਹਾਂ ਨੇ ਅਖਬਾਰਾਂ ਵਿਚ ਪੜ੍ਹ ਕੇ ਅੰਦਾਜ਼ਾ ਲਾਇਆ ਹੁੰਦਾ ਹੈ ਕਿ ਸਿਖਰਲੀ ਅਦਾਲਤ ਉਨ੍ਹਾਂ ਦੇ ਸੰਬੰਧ ਪ੍ਰਵਾਨ ਕਰਦੀ ਹੈ, ਤਾਂ ਕੋਈ ਅਧਿਕਾਰੀ ਉਨ੍ਹਾਂ ਨੂੰ ਕੁਝ ਨਹੀਂ ਕਹਿ ਸਕਦਾ। ਅਜਿਹਾ ਹੀ ਇੱਕ ਵਾਰ ਅਧੇੜ ਉਮਰ ਦਾ ਵਿਅਕਤੀ ਤੇ ਔਰਤ ਪੁਲਿਸ ਨੇ ਇਸੇ ਧਾਰਾ ਤਹਿਤ ਉਪ ਮੰਡਲ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ। ਉਹ ਖੁਦ ਆਪਣੀਆਂ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਕਿਸੇ ਹੋਰ ਔਰਤ ਨਾਲ ਰਹਿ ਰਿਹਾ ਸੀ। ਅਫਸਰ ਨੂੰ ਕਹਿਣ ਲੱਗਾ ਕਿ ਸੁਪਰੀਮ ਕੋਰਟ ਨੇ ਵਿਵਸਥਾ ਕੀਤੀ ਹੈ, ਕੋਈ ਵੀ ਵਿਆਹਿਆ ਵਿਅਕਤੀ ਕਿਸੇ ਵੀ ਵਿਆਹੀ ਔਰਤ ਨਾਲ ਉਸ ਦੀ ਮਰਜ਼ੀ ਨਾਲ ਰਹਿ ਸਕਦਾ ਹੈ।"

ਬੜੇ ਹੀ ਕਾਬਲ ਅਫਸਰ ਨੇ ਉਹਨੂੰ ਜਵਾਬ ਦਿੱਤਾ, "ਇਹ ਵਿਵਸਥਾ ਤੁਸੀਂ ਆਪਣੇ ਘਰ ਲਾਗੂ ਕੀਤੀ ਹੈ ਕਿ ਨਹੀਂ।

ਸੁਣ ਕੇ ਸਾਰੀ ਅਦਾਲਤ ਵਿਚ ਸੰਨਾਟਾ ਛਾ ਗਿਆ। ਦੋਸ਼ੀ ਨੇ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲਈਆਂ।

## ਅੰਦਾਜ਼-ਏ-ਰਾਜ਼ੀਨਾਮਾ

ਬਹੁਤ ਅਰਸਾ ਪਹਿਲਾਂ ਇੱਕ ਦੋ ਬੱਚਿਆਂ ਦਾ ਬਾਪ ਇੱਕੀ ਸਾਲ ਦੀ ਲੜਕੀ ਨੂੰ ਲੈ ਕੇ ਫਰਾਰ ਹੋ ਗਿਆ ਸੀ। ਅਖਬਾਰਾਂ ਵਿਚ ਸਿਖਰਲੀ ਅਦਾਲਤ ਦੀਆਂ ਖਬਰਾਂ ਪੜ੍ਹ ਕੇ ਉਸ ਨੇ ਆਜ਼ਾਦੀ ਦਾ ਨਿੱਘ ਮਾਨਣ ਦੀ ਠਾਣ ਲਈ ਸੀ। ਸਿਖਰਲੀ ਅਦਾਲਤ ਜਾਂ ਕਿਸੇ ਹੋਰ ਅਦਾਲਤ ਵੱਲੋਂ ਜੋ ਵੀ ਫੈਸਲੇ ਕੀਤੇ ਜਾਂਦੇ ਹਨ, ਉਹ ਉਸ ਕੇਸ ਦੇ ਤੱਥਾਂ ਨੂੰ ਧਿਆਨ ਵਿਚ ਰੱਖ ਕੇ ਸੁਣਾਏ ਜਾਂਦੇ ਹਨ, ਜੋ ਹੇਠਲੀਆਂ ਅਦਾਲਤਾਂ ਵਿਚ ਲਾਗੂ ਕੀਤੇ ਜਾਂਦੇ ਹਨ। ਪਰ ਕਈ ਵਾਰ ਉਨ੍ਹਾਂ ਦਾ ਮਤਲਬ ਗਲਤ ਕੱਢ ਲਿਆ ਜਾਂਦਾ ਹੈ।

ਗੱਲ ਥਾਣੇ ਵਿਚ ਪਹੁੰਚ ਗਈ ਸੀ, ਦੋਵੇਂ ਧਿਰਾਂ ਵੱਲੋਂ ਪੰਚਾਇਤਾਂ ਤੇ ਉਸ ਵਿਅਕਤੀ ਦੀ ਪਹਿਲੀ ਪਤਨੀ ਦੋਵੇਂ ਬੱਚੇ ਲੈ ਕੇ ਥਾਣੇ ਪਹੁੰਚੇ ਸਨ। ਬੜਾ ਤਜ਼ਰਬੇਕਾਰ ਮੁੱਖ ਅਫਸਰ ਉਸ ਥਾਣੇ ਵਿਚ ਤਾਇਨਾਤ ਸੀ। ਉਸ ਨੇ ਸਾਰੀਆਂ ਪੰਚਾਇਤਾਂ ਨੂੰ ਬਾਹਰ ਥੜ੍ਹੇ ’ਤੇ ਬਿਠਾ ਕੇ ਆਖਿਆ, ਜੇ ਤਿੰਨ ਵਜੇ ਬਾਅਦ ਦੁਪਿਹਰ ਤੱਕ ਨਿਬੜਦਾ, ਤਾਂ ਨਿਬੇੜਾ ਕਰ ਲਓ, ਮੈਂ ਬਾਕੀ ਸਾਰੇ ਕੰਮ ਕਰ ਲਵਾਂ, ਜੇ ਨਾ ਨਿਬੜਿਆ ਤਾਂ ਮੈਂ ਦੇਖਦਾਂ।" ਸਾਰੀਆਂ ਪੰਚਾਇਤਾਂ ਤੇ ਮਾਂ-ਬਾਪ ਨੇ ਆਪਣਾ ਪੂਰਾ ਜ਼ੋਰ ਲਾ ਲਿਆ ਕਿ ਦੋ ਬੱਚੇ ਲੈ ਕੇ ਪਹਿਲੀ ਪਤਨੀ ਕਿੱਥੇ ਜਾਵੇਗੀ। ਪਿਛਲੀਆਂ ਗਲਤੀਆਂ ਮਾਫ ਕਿਸੇ ਨੂੰ ਕੋਈ ਰੰਜ ਨਹੀਂ, ਆਪਣੇ-ਆਪਣੇ ਘਰ ਚੱਲੋ।

ਫਰਾਰ ਜੋੜਾ ਪੈਰਾਂ ’ਤੇ ਪਾਣੀ ਨਾ ਪੈਣ ਦੇਵੇ। ਮੁੰਡਾ ਆਖੇ ਮੈਂ ਇਹਦੇ ਬਿਨਾਂ ਮਰ ਜਾਊਂ। ਤੇ ਕੁੜੀ ਆਖੇ ਮੈਂ ਵੀ ਨਹੀਂ ਰਹਿ ਸਕਦੀ। ਪਹਿਲੀ ਨੂੰ ਭੇਜ ਕੇ ਸਾਨੂੰ ਇਕੱਠੇ ਰਹਿਣ ਦਿਓ। ਸਾਰੇ ਮਾਂ-ਬਾਪ ਤੇ ਪੰਚਾਇਤਾਂ ਵਾਪਸ ਮੁੱਖ ਅਫਸਰ ਕੋਲ ਪਹੁੰਚ ਗਏ ਕਿ ਨਹੀਂ ਨਿਬੜਿਆ। ਸਾਰਿਆਂ ਦੀ ਮਨਸ਼ਾ ਸੀ ਬੱਚਿਆਂ ਦੀ ਗਲਤੀ ਮਾਫ ਕਰਕੇ ਇਨ੍ਹਾਂ ਨੂੰ ਘਰੋ-ਘਰੀ ਭੇਜਿਆ ਜਾਵੇ।

ਮੁੱਖ ਅਫਸਰ ਨੇ ਸਭ ਤੋਂ ਪਹਿਲਾਂ ਲੜਕੀ ਨੂੰ ਬੁਲਾਇਆ। ਬੜੇ ਪਿਆਰ ਨਾਲ ਕਿਹਾ ਕਿ ਬੇਟਾ "ਇਹ ਗਲਤ ਹੈ, ਤੂੰ ਕਿਸੇ ਹੋਰ ਦਾ ਘਰ ਉਜਾੜ ਰਹੀ ਹੈਂ, ਕੀ ਗਰੰਟੀ ਹੈ ਜਿਹੜਾ ਅੱਜ ਆਪਣੇ ਬੱਚੇ ਤੇ ਪਤਨੀ ਛੱਡ ਰਿਹਾ, ਉਹ ਤੈਨੂੰ ਨਹੀਂ ਛੱਡੇਗਾ?" ਕੁੜੀ ਇੱਕੋ ਰਟ ਲਗਾਈ ਜਾਵੇ ‘ਮੈਂ ਤਾਂ ਇਹਦੇ ਬਿਨਾਂ ਨਹੀਂ ਰਹਿ ਸਕਦੀ, ਮਰ ਜਾਵਾਂਗੀ’।

ਫਿਰ ਮੁੱਖ ਅਫਸਰ ਆਪਣਾ ਅਸਲੀ ਰੂਪ ਦਿਖਾਇਆ ਇਕ ਮਹਿਲਾ ਸਿਪਾਹੀ ਨੂੰ ਬੁਲਾ ਕੇ ਆਖਿਆ ਇਹਦੇ ਓਨਾ ਚਿਰ ਚਪੇੜਾਂ ਮਾਰਨੀਆਂ ਹਨ, ਜਿੰਨਾਂ ਚਿਰ ਇਸ਼ਕ ਦਾ ਭੂਤ ਨਾ ਲਹਿ ਜਾਵੇ। ਦੋ ਮਿੰਟ ਵਿਚ ਕੁੜੀ ਮਾਂ-ਬਾਪ ਦੇ ਗਲੇ ਲੱਗ ਗਈ, ਜਿਵੇਂ ਜਨਮਾਂ ਤੋਂ ਵਿਛੜੇ ਮਾਂ-ਬਾਪ ਮਿਲੇ ਹੋਣ। ਉਹਨੂੰ ਸਾਹਮਣੇ ਬਿਠਾ ਕੇ ਪੰਚਾਇਤ ਦੀ ਹਾਜ਼ਰੀ ਵਿਚ ਲੜਕੇ ਨੂੰ ਬੁਲਾਇਆ ਉਹ ਕਹੇ ਜੀ ‘ਮੈਂ ਇਹਨੂੰ ਮੁਹੱਬਤ ਕਰਦਾਂ, ਇਹਦੇ ਬਿਨਾਂ ਮਰ ਜਾਵਾਂਗਾ’। ਮੁੱਖ ਅਫਸਰ ਨੇ ਖੁਦ ਖੜ੍ਹੇ ਹੋ ਕੇ ਮੁਹੱਬਤ ਦਾ ਭੂਤ ਉਤਾਰਿਆ ਤੇ ਕਿਹਾ, "ਜਿਹੜੀ ਦੋ ਬੱਚਿਆਂ ਦੀ ਮਾਂ ਬਾਹਰ ਬੈਠੀ ਹੈ, ਉਹਦੇ ਨਾਲ ਕੀ ਕੀਤਾ ਸੀ। ਦਸ ਕੁ ਮਿੰਟ ਵਿਚ ਮੁੰਡਾ-ਕੁੜੀ ਆਪੋ-ਆਪਣੇ ਘਰ ਚਲੇ ਗਏ। ਤੇ ਇਸ ਅੰਦਾਜ਼ ਨਾਲ ਰਾਜ਼ੀਨਾਮਾਂ ਸਿਰੇ ਲੱਗਿਆ। ਦੁਬਾਰਾ ਅਖਬਾਰ ਵਿਚ ਖਬਰ ਪੜ੍ਹ ਕੇ ਲੜਕੇ-ਲੜਕੀ ਨੇ ਗਲਤੀ ਨਹੀਂ ਕੀਤੀ।

## ਕਰੋਨਾਂ ਸਮੇਂ ਦੇ ਵਿਦਵਾਨ

ਕਰੋਨਾਂ ਵੈਕਸੀਨ ਬਾਰੇ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਸੀ ਕਿ ਹਰ ਇੱਕ ਵਿਅਕਤੀ ਵੈਕਸੀਨ ਲਗਵਾਵੇ। ਸਿਹਤ ਵਿਭਾਗ ਪੱਬਾਂ ਭਾਰ ਸੀ। ਸਰਕਾਰ ਨੇ ਆਪਣੇ ਮੁਲਾਜ਼ਮਾਂ ਦੇ ਤੜੀ ਦੇ ਕੇ ਵੈਕਸੀਨ ਲਵਾ ਦਿੱਤੀ ਸੀ। ਸਾਰੇ ਸਰਕਾਰੀ ਕਰਮਚਾਰੀ ਜਿਸ ਵਿਚ ਫੌਜ, ਪੁਲਿਸ, ਪ੍ਰਸ਼ਾਸਨਿਕ ਅਧਿਕਾਰੀ, ਅਧਿਆਪਕ, ਆਦਿਕ ਸਾਰੇ ਸ਼ਾਮਲ ਸਨ। ਪੰਚਾਇਤ ਵਿਭਾਗ ਨੇ ਸਾਰੀਆਂ ਪੰਚਾਇਤਾਂ ਦੇ ਮੁਖੀਆਂ ਅਤੇ ਮੈਂਬਰਾਂ ਨੂੰ ਹਦਾਇਤਾਂ ਕਰ ਦਿੱਤੀਆਂ ਕਿ ਉਹ ਵੈਕਸੀਨ ਲਗਵਾਉਣ। ਇਸੇ ਦੌਰਾਨ ਅਫਵਾਹਾਂ ਫੈਲਣ ਲੱਗੀਆਂ ਕਿ ਸਰਕਾਰ ਨੇ ਲੋਕ ਮਾਰ ਕੇ ਜਨਸੰਖਿਆ ਘਟਾਉਣੀ ਹੈ, ਵੈਕਸੀਨ ਨਾਲ ਬੰਦਾ ਮਰ ਜਾਂਦਾ ਹੈ, ਵਗੈਰਾ...ਵਗੈਰਾ। ਪਿੰਡ ਦੀ ਪੰਚਾਇਤ ਦੇ ਮੁਖੀ ਹੋਣ ਕਰਕੇ ਹਰ ਹਫਤੇ ਪਿੰਡ ਵਿਚ ਕੈਂਪ ਦੀ ਸ਼ੁਰੂਆਤ ਸਿਹਤ ਵਿਭਾਗ ਤੋਂ ਕਰਾਈ। ਵੈਕਸੀਨ ਇੱਕ ਵਾਰ ਖੁੱਲ੍ਹਣ ’ਤੇ ਉਹ ਨਿਰਧਾਰਿਤ ਵਿਅਕਤੀਆਂ ਦੀ ਡੋਜ ਹੁੰਦੀ ਸੀ, ਜੋ ਲਗਵਾਈ ਜਾਣੀ ਜ਼ਰੂਰੀ ਹੁੰਦੀ ਸੀ। ਸਭ ਤੋਂ ਪਹਿਲਾਂ ਖੁਦ ਵੈਕਸੀਨ ਲਗਵਾਈ। ਪਹਿਲੇ ਕੈਂਪ ਵਿਚ ਖਿੱਚ ਧੂਹ ਕੇ ਵੈਕਸੀਨ ਖਤਮ ਕੀਤੀ। ਪਿੰਡ ਦੇ ਕੁਝ ਵਿਦਵਾਨ ਜਿਨ੍ਹਾਂ ਨੇ ਅਜੇ ਤੱਕ ਵੈਕਸੀਨ ਨਹੀਂ ਲਗਵਾਈ, ਪ੍ਰਚਾਰ ਕਰਨ ਲੱਗੇ ਕਿ ਵੈਕਸੀਨ ਲਗਵਾਉਣ ਵਾਲੇ ਮਰ ਜਾਣਗੇ। ਮੇਰੇ ਪਰਿਵਾਰ ਦੇ ਵੈਕਸੀਨ ਲੱਗ ਚੁੱਕੀ ਸੀ, ਲੋਕਾਂ ਦਾ ਵਿਸ਼ਵਾਸ ਬਣਨ ਲੱਗਾ ਸੀ। ਅਗਲੀ ਵਾਰ ਫਿਰ ਉਸ ਵਿਦਵਾਨ ਨੇ ਛੁਰਲੀ ਛੱਡ ਦਿੱਤੀ ਕਿ ਹੁਣ ਨਹੀਂ, ਦੋ ਸਾਲਾਂ ਨੂੰ ਮਰ ਜਾਣਗੇ। ਚਲੋ ਜਿਵੇਂ-ਕਿਵੇਂ ਸਾਰੇ ਲੋਕਾਂ ਨੇ ਸਮਝਦਾਰੀ ਦਿਖਾਉਂਦਿਆਂ ਵੈਕਸੀਨ ਲਗਵਾ ਲਈ। ਪਰ ਉਹ ਬੰਦਾ ਪ੍ਰਚਾਰ ਕਰਨੋ ਨਾ ਹਟੇ ਕਿ ਲੋਕ ਮਰ ਜਾਣਗੇ। ਇੱਕ ਵਿਅਕਤੀ ਮੇਰੇ ਕੋਲ ਸ਼ੱਕ ਦੂਰ ਕਰਨ ਆਇਆ। ਮੈਂ ਉਸ ਨੂੰ ਜਵਾਬ ਦਿੱਤਾ, "ਦੇਸ਼ ਦੀ ਸਾਰੀ ਫੌਜ, ਪੁਲਿਸ, ਸਿਹਤ ਕਰਮਚਾਰੀ, ਵਕੀਲ, ਜੱਜ, ਅਧਿਆਪਕ ਇੱਥੋਂ ਤੱਕ ਕਿ ਸਰਕਾਰ ਦੇ ਸਾਰੇ ਲੀਡਰ, ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਤੇ ਹੋਰ ਸਾਰੇ ਲੋਕ ਵੈਕਸੀਨ ਲਗਵਾ ਚੁੱਕੇ ਨੇ, ਜੇ ਸਾਰੇ ਮਰ ਗਏ ਤਾਂ ਉਸ ਬੰਦੇ ਨੇ ਜਿਉਂਦੇ ਰਹਿ ਕੇ ਕੀ ਕਰਨਾ। ਖੁਦਾ ਨਾ ਖਾਸਤਾ ਜੇ ਉਹ ਸੱਚ ਬੋਲਦਾ ਤਾਂ ਫਿਰ ਵੈਕਸੀਨ ਨਾਲ ਮਰਨਾ ਤਾਂ ਬਹੁਤ ਵਧੀਆ ਹੋਊ, ਕੱਲਾ ਕਹਿਰਾ ਬੰਦਾ ਤਾਂ ਦੁਨੀਆਂ ਵਿਚ ਰਹਿ ਹੀ ਨਹੀਂ ਸਕਦਾ।"

ਮੇਰੀ ਗੱਲ ਸੁਣ ਕੇ ਉਸ ਵੀਰ ਦਾ ਸ਼ੱਕ ਦੂਰ ਹੋਇਆ, ਸਾਰਾ ਪਿੰਡ ਵੈਕਸੀਨ ਲਗਵਾ ਕੇ ਤੰਦਰੁਸਤ ਹੈ।

# ਪੰਜਾਬੀ ਅਦਾਕਾਰ ਮਲਕੀਅਤ ਮੀਤ ਨਾਲ ਗੱਲਬਾਤ

## ਫਿਲਮਾਂ ਮੇਰੇ ਜੀਵਨ ਦਾ ਅਨਿੱਖੜਵਾਂ ਅੰਗ ਨੇ। ਇਸੇ ਲਈ ਮੈਂ ਅਮਰੀਕਾ ਤੋਂ ਵਾਪਿਸ ਪੰਜਾਬ ਆਇਆ ਹਾਂ :- ਮਲਕੀਅਤ ਮੀਤ




ਕੁਲਵੰਤ ਉੱਭੀ ਧਾਲੀਆਂ

ਫਰਿਜ਼ਨੋ, ਕੈਲੇਫੋਰਨੀਆਂ

(559) 473-9264.

(Punjab Mail USA)


ਹਰ ਇਨਸਾਨ ਦੀ ਜ਼ਿੰਦਗੀ ਕਲਾ ਜਾਂ ਅਦਾਕਾਰੀ ਦੇ ਸਮੇਲ ਨਾਲ ਭਰੀ ਹੁੰਦੀ ਹੈ, ਜਿਸ ਦੀ ਸੁਰੂਆਤ ਉਸ ਦੇ ਜਨਮ ਤੋਂ ਹੀ ਹੋ ਜਾਂਦੀ ਹੈ। ਇਸ ਗੱਲ ਨੂੰ ਅਸੀਂ ਬੇਸ਼ੱਕ ਲਾਡ-ਪਿਆਰ, ਕਲੋਲਾਂ, ਅਦਾਵਾਂ, ਨਖ਼ਰੇ, ਗੱਲ-ਗੱਲ 'ਤੇ ਚਿਹਰੇ ਦੇ ਬਦਲਦੇ ਅੰਦਾਜ਼ ਜਾਂ ਅਦਾਵਾਂ ਰਾਹੀਂ ਦੇਖ ਸਕਦੇ ਹਾਂ। ਇਸੇ ਕਲਾਕਾਰੀ ਦੇ ਰੰਗਾਂ ਦੀ ਸਾਂਝ ਦੂਜੇ ਲੋਕਾਂ ਨਾਲ ਪਾਉਣ ਦਾ ਮੌਕਾ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ। ਇਹ ਕਲਾ ਜਾਂ ਅਦਾਕਾਰੀ ਨੂੰ ਰੂਹ ਤੋਂ ਕਰਨ ਵਾਲੇ ਆਪਣੇ ਸ਼ੌਕ ਨੂੰ ਜਦ ਕਿੱਤਾ ਬਣਾ ਲੈਂਦੇ ਹਨ, ਤਾਂ ਗੱਲ ਹੋਰ ਵੀ ਵਧੀਆ ਹੋ ਨਿਬੜਦੀ ਹੈ। ਇਸੇ ਹੀ ਅਦਾਕਾਰੀ ਦੇ ਸ਼ੌਕ ਨੂੰ ਆਪਣਾ ਸਫਲ ਕਿੱਤਾ ਬਣਾਉਣ ਵਾਲੇ ਮਲਕੀਅਤ ਮੀਤ ਨਾਲ ਕੀਤੀ ਗਈ ਗੱਲਬਾਤ ਦੀ ਸਾਂਝ ਪਾਵਾਗੇ। ਭਵਿੱਖ ਵਿਚ ਉਨ੍ਹਾਂ ਦੀਆਂ ਕਈ ਨਵੀਆਂ ਫਿਲਮਾਂ ਵੀ ਰਿਲੀਜ਼ ਹੋ ਰਹੀਆਂ ਹਨ, ਉਨ੍ਹਾਂ ਬਾਰੇ ਵੀ ਸੰਖੇਪ ਚਰਚਾ ਕਰਾਂਗੇ।

ਪੰਜਾਬੀ ਸੱਭਿਆਚਾਰ ਅਤੇ ਸਾਹਿਤਕ ਸਾਂਝਾਂ ਕਰਕੇ ਮੇਰਾ ਮਲਕੀਅਤ ਮੀਤ ਨਾਲ ਕਾਫ਼ੀ ਲੰਮੇ ਸਮੇਂ ਤੋਂ ਮੇਲ-ਮਿਲਾਪ ਰਿਹਾ ਹੈ। ਅਸੀਂ ਇਕੱਠਿਆਂ ਕਈ ਪ੍ਰੋਗਰਾਮ ਵੀ ਕੀਤੇ। ਜੇ ਗੱਲ ਕਰੀਏ ਉਸ ਦੀਆਂ ਲਿਖਤਾਂ ਵੱਲ ਤਾਂ ਉਹ ਇੱਕ ਵਾਰਤਿਕ ਲਿਖਾਰੀ ਵੀ ਹੈ, ਜਿਸ ਦੇ ਲਿਖੇ ਲੇਖਾਂ ਦੀ ਪੁਸਤਕ 'ਕੀ ਰੱਬ ਮਰ ਗਿਆ ?' ਕੁਝ ਸਮਾਂ ਪਹਿਲਾ ਰਿਲੀਜ਼ ਹੋਈ ਸੀ। ਇਸੇ ਤਰ੍ਹਾਂ ਉਸ ਨੇ ਬਤੌਰ ਗੀਤਕਾਰ ਬਹੁਤ ਸਾਰੇ ਗੀਤ ਲਿਖੇ, ਜੋ ਨਾਮਵਰ ਗਾਇਕ ਕਲਾਕਾਰਾਂ ਨੇ ਗਾਏ, ਜਿਨ੍ਹਾਂ ਨੂੰ ਪੁਸਤਕ ਦੇ ਰੂਪ ਵਿਚ ਪਬਲਿਸ਼ ਵੀ ਕਰਵਾਇਆ। ਇਸੇ ਤਰ੍ਹਾਂ ਅਦਾਕਾਰੀ ਦੇ ਖੇਤਰ ਵਿਚ ਆਪਣੇ ਸ਼ੌਕ ਨੂੰ ਕਿੱਤਾ ਬਣਾਉਂਦਿਆਂ ਬਹੁਤ ਸਾਰੇ ਹਿੰਦੀ-ਪੰਜਾਬੀ ਸੀਰੀਅਲਾਂ ਵਿਚ ਕੰਮ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਡਾਇਰੈਕਟ ਵੀ ਕੀਤਾ। ਕੁਝ ਸਮਾਂ ਪਹਿਲਾਂ ਉਨ੍ਹਾਂ ਦੀ ਟੀਮ ਵੱਲੋਂ ਸਿੱਖ ਘੱਲੂਘਾਰੇ ਦੀ ਕਹਾਣੀ ਨੂੰ ਪੇਸ਼ ਕਰਦਿਆ ਵੈੱਬ-ਸੀਰੀਜ਼ "ਦਾ ਆਕੂਪਾਈਡ" ਰਿਲੀਜ਼ ਕੀਤੀ ਗਈ।

ਇਸ ਮੇਰੇ ਅਤੇ ਮਲਕੀਅਤ ਦੇ ਦੋਸਤੀ ਭਰੇ ਇਸ ਮਿਲਾਪ ਜਾਂ ਮੁਲਾਕਾਤਾਂ ਦੀ ਕੜੀ ਨੂੰ ਜੋੜਨ ਵਿਚ ਅਦਾਕਾਰ ਬੱਲੂ ਸਿੰਘ ਦਾ ਵੀ ਅਹਿਮ ਰੋਲ ਰਿਹਾ ਹੈ। ਜਿਸ ਤੋਂ ਬਾਅਦ ਇਕੱਠਿਆਂ ਅਸੀਂ ਕਈ ਸਟੇਜ ਪ੍ਰੋਗਰਾਮ ਅਤੇ ਸੰਗੀਤਕ ਵੀਡੀਉ ਵੀ ਕੀਤੇ। ਉਸ ਵਿਚ ਅਦਾਕਾਰੀ ਦਾ ਜਜ਼ਬਾ ਅਤੇ ਗੀਤਕਾਰੀ ਦਾ ਜਜ਼ਬਾ ਭਰਿਆ ਹੋਇਆ ਹੈ। ਫਰਿਜ਼ਨੋ ਸ਼ਹਿਰ ਪੰਜਾਬੀਅਤ ਦੀ ਵੱਸੋਂ ਅਤੇ ਸਰਗਰਮੀਆਂ ਦਾ ਕੈਲੀਫੋਰਨੀਆ ਵਿਚ ਵੱਡਾ ਧੁਰਾ ਹੈ। ਇੱਥੇ ਵੱਸਦੇ ਯਾਰਾਂ ਦੀਆਂ ਮਹਿਫਲਾਂ ਦੀ ਚਰਚਾ ਦੁਨੀਆਂ ਦੇ ਹਰ ਕੋਨੇ ਵਿਚ ਸੁਣੀ ਜਾ ਸਕਦੀ ਹੈ। ਤਕਰੀਬਨ ਡੇਢ ਦਹਾਕਾ ਪਹਿਲਾਂ ਮਲਕੀਅਤ ਕੈਲੀਫੋਰਨੀਆ ਦੇ ਸ਼ਹਿਰ ਲਾਸ-ਏਂਜਲਸ ਵਿਖੇ ਆਪਣੇ ਪਰਿਵਾਰ ਸਮੇਤ ਰਹਿੰਦਾ ਸੀ। ਪਰ ਸਾਹਿਤਕ ਪ੍ਰੋਗਰਾਮਾਂ ਜਾਂ ਹੋਰ ਸਟੇਜ ਸ਼ੋਆਂ ਦੌਰਾਨ ਅਕਸਰ ਉਸ ਦੀ ਫਰਿਜ਼ਨੋ ਆਉਣੀ-ਜਾਣੀ ਹੁੰਦੀ ਰਹਿੰਦੀ। ਇਸੇ ਸਫ਼ਰ ਨੂੰ ਮੁਕਾਉਂਦਿਆਂ ਮਲਕੀਅਤ ਸਿੰਘ ਲਾਸ-ਏਂਜਲਸ ਤੋਂ ਪਰਿਵਾਰ ਸਮੇਤ ਫਰਿਜ਼ਨੋ ਵਿਖੇ ਆ ਵਸੇ।






ਹੁਣ ਆਉ ਆਪਾਂ ਗੱਲ ਕਰਦੇ ਹਾਂ ਮਲਕੀਅਤ ਮੀਤ ਦੇ ਫਿਲਮੀ ਸਫ਼ਰ ਬਾਰੇ। ਨਵੀਂ ਬਣੀ ਫਿਲਮ "ਪਿੰਡ ਅਮਰੀਕਾ" ਵਿਚ ਇੱਕ ਗੋਰਾ, ਉੱਚੇ-ਲੰਮੇ ਕੱਦ ਵਾਲਾ ਤੇ ਭਾਰੀ ਗਰਜਵੀਂ ਆਵਾਜ਼ ਦਾ ਮਾਲਕ, ਮਲਕੀਅਤ ਮੀਤ, ਬਿਸ਼ਨ ਸਿੰਘ ਦਾ ਕਿਰਦਾਰ ਨਿਭਾਉਂਦਾ ਨਜ਼ਰ ਆਵੇਗਾ, ਜਿਸ ਨੇ ਪੰਜਾਬ ਦੇ ਦੁਆਬਾ ਕਾਲਜ ਜਲੰਧਰ ਤੋਂ ਬੀ.ਏ. ਤੱਕ ਦੀ ਪੜ੍ਹਾਈ ਕੀਤੀ ਅਤੇ ਇਸੇ ਦੌਰਾਨ ਕਈ ਨਾਟਕ ਪ੍ਰਤੀ-ਯੋਗਤਾਵਾਂ ਵਿਚ ਸ਼ਿਰਕਤ ਕਰ ਜੇਤੂ ਇਨਾਮ ਹਾਸਲ ਕੀਤੇ।

ਮੇਰੀ ਉਸ ਨਾਲ ਜ਼ਿੰਦਗੀ ਦੇ ਸਫਰ ਅਤੇ ਨਵੀਂ ਬਣੀ ਫਿਲਮ "ਪਿੰਡ ਅਮਰੀਕਾ" ਦੇ ਬਾਰੇ ਹੋਈ ਗੱਲਬਾਤ ਹੋਈ।

ਇਸ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ, "ਮੇਰਾ ਫਿਲਮਾ ਬਣਾਉਣ ਤੇ ਐਕਟਿੰਗ ਕਰਨ ਦਾ ਸੁਪਨਾ ਬਚਪਨ ਤੋਂ ਹੀ ਸੀ। ਦੂਰਦਰਸ਼ਨ ਵਿਚ ਬਾਲ ਕਲਾਕਾਰ ਵਜੋਂ ਇਸ ਸ਼ੌਕ ਨੂੰ ਪੂਰਾ ਕੀਤਾ। ਪੜ੍ਹਾਈ ਪੂਰੀ ਕਰ ਮੈਂ ਅਮਰੀਕਾ ਚੱਲਿਆ ਗਿਆ। ਜਿੱਥੇ ਕਈ ਹਾਲੀਵੁੱਡ ਦੀਆਂ ਫਿਲਮਾਂ ਵਿਚ ਕੰਮ ਕੀਤਾ। ਮੈਂ ਕਈ ਨਾਟਕ ਲਿਖੇ, ਗੀਤ, ਗ਼ਜ਼ਲਾਂ ਲਿਖੀਆਂ। ਮੇਰੀਆਂ ਲਿਖੀਆਂ "ਤੇਰੀ ਚੜ੍ਹਦੀ ਜਵਾਨੀ ਨੇ ਲੁੱਟਿਆ ਸ਼ਹਿਰ ਸਾਰੇ ਦਾ ਸਾਰਾ", "ਦਿਲ ਮਿਲਿਆ ਦੇ ਮੇਲੇ" ਅਤੇ "ਕੀ ਰੱਬ ਮਰ ਗਿਆ" ਕਿਤਾਬਾਂ ਵੀ ਛਪੀਆਂ ਹਨ। ਜ਼ਿਆਦਾਤਰ ਲੋਕ ਮੈਨੂੰ ਮੇਰੇ ਲਿਖੇ ਹਿੱਟ ਗੀਤਾਂ:

"ਤੇਰੀ ਚੜ੍ਹਦੀ ਜਵਾਨੀ ਨੇ ਲੁੱਟਿਆ ਸ਼ਹਿਰ ਸਾਰੇ ਦਾ ਸਾਰਾ",

"ਰੱਬ ਕਰਕੇ ਤੈਨੂੰ ਵੀ ਲੱਗ ਜਾਵੇ ਤੂੰ ਇਸ਼ਕੇ ਨੂੰ ਰੋਗ ਦੱਸਦੀ",

"ਕਿਵੇਂ ਦਿਲ ਨੂੰ ਸਭਾਂਲੇਗੀ ਜਦੋ ਮੇਰੀ ਯਾਦ ਆਏਗੀ"

ਆਦਿਕ ਕਰਕੇ ਜਾਣਦੇ ਹਨ। ਜਿਨ੍ਹਾਂ ਨੂੰ ਮਨਮੋਹਨ ਵਾਰਿਸ, ਕਮਲ ਹੀਰ, ਜਸਬੀਰ ਜੱਸੀ, ਜਸਪਿੰਦਰ ਨਰੂਲਾ, ਮਲਕੀਤ ਸਿੰਘ, ਸੋਨੂੰ ਨਿਗਮ, ਰਾਜੇਸ਼ ਰਾਜੂ, ਕੁਲਦੀਪ ਦੀਪ, ਤੇਜੀ ਸੰਧੂ, ਰੈਵ ਥਿੰਦ ਅਤੇ ਕਈ ਹੋਰ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ।"

**ਪ੍ਰਸ਼ਨ:** ਤੁਹਾਡੀ ਪਹਿਲੀ ਫ਼ਿਲਮ ਕਿਹੜੀ ਸੀ ਅਤੇ ਕਿਸ ਕਿਰਦਾਰ ਵਿਚ ਤੁਸੀਂ ਭੂਮਿਕਾ ਨਿਭਾਈ ?

**ਉੱਤਰ:** "ਮੇਰੀ ਪਹਿਲੀ ਪੰਜਾਬੀ ਫਿਲਮ "ਦ ਲੁਆਇਨ ਆਫ ਪੰਜਾਬ" ਜੋ ਦਿਲਜੀਤ ਦੁਸਾਂਝ ਨਾਲ ਆਈ ਸੀ। ਜਿਸ ਵਿਚ ਮੈਂ ਇੰਦਰਮੋਹਨ ਬੱਬਰ ਦਾ ਕਿਰਦਾਰ ਨਿਭਾਇਆ ਸੀ।"

**ਪ੍ਰਸ਼ਨ:** ਇਸ ਤੋਂ ਇਲਾਵਾ ਤੁਸੀਂ ਹੋਰ ਕਿਹੜੀਆਂ-ਕਿਹੜੀਆਂ ਫਿਲਮਾਂ ਜਾਂ ਟੀ.ਵੀ. ਸੀਰੀਜ਼ ਵਿਚ ਤੁਸੀਂ ਭੂਮਿਕਾ ਨਿਭਾਈ ?

**ਉੱਤਰ:** ਮੇਰੀਆਂ ਪੰਜਾਬੀ ਦੀਆਂ ਫਿਲਮਾਂ - "ਗੋਲਡ ਬਰੈਸਲੈਟ", "ਖੁਸ਼ੀਆਂ", "ਰਹੇ ਚੜ੍ਹਦੀ ਕਲਾ ਪੰਜਾਬ ਦੀ", "ਹਾਈ ਵੇ ਫਾਈਵ" ਅਤੇ ਇਸ ਤੋਂ ਇਲਾਵਾ ਵੈੱਬ ਸੀਰੀਜ਼ "ਐਂਡ ਦੇ ਔਕੂਪਾਇਡ ਮੀ" ਵਿਚ ਕੰਮ ਕੀਤਾ ਹੈ।"

**ਪ੍ਰਸ਼ਨ:** ਹੁਣ ਭਵਿੱਖ ਵਿਚ ਤੁਹਾਡੇ ਅਦਾਕਾਰੀ ਦੇ ਇਸ ਸਫ਼ਰ ਬਾਰੇ ਕੀ ਰੁਝੇਵੇ ਜਾਂ ਸ਼ੌਕ ਹਨ, ਜਿਨ੍ਹਾਂ ਰਾਹੀਂ ਤੁਸੀਂ ਹੋਰ ਪ੍ਰਾਜੈਕਟ ਵੀ ਲਿਆ ਰਹੇ ਹੋ ?

**ਉੱਤਰ:** "ਮੈਂ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਫਿਲਮਾਂ ਕਰਨ ਦਾ ਮੰਨ ਬਣਾ ਲਿਆ, ਜਿਸ ਦਾ ਨਤੀਜਾ ਆਪ ਦੇ ਸਾਹਮਣੇ ਹੈ। ਹੁਣ ਮੇਰੀਆਂ ਬਹੁਤ ਸਾਰੀਆਂ ਫਿਲਮਾਂ ਜਿਨ੍ਹਾਂ ਵਿਚ ਮੈਂ ਬਤੌਰ ਐਕਟਰ ਕੰਮ ਕਰ ਚੁੱਕਿਆ ਹਾਂ ਤੇ ਜਲਦੀ ਰਿਲੀਜ਼ ਹੋਣ ਜਾ ਰਹੀਆਂ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ 'ਤੇ ਬਣੀ ਫਿਲਮ "ਸਰਾਭਾ", ਜਿਸ ਵਿਚ ਮੈਂ ਸੁੱਚਾ ਸਿੰਘ ਜੇਲਰ ਦਾ ਕਿਰਦਾਰ ਨਿਭਾਇਆ ਅਤੇ ਸਹਾਇਕ ਨਿਰਦੇਸ਼ਕ ਵਜੋਂ ਕਵੀ ਰਾਜ ਹੁਰਾ ਨਾਲ ਕੰਮ ਕੀਤਾ ਹੈ। ਇਸ ਤੋਂ ਇਲਾਵਾ ਤੁਸੀਂ "ਪਿੰਡ ਅਮਰੀਕਾ", "ਸਰਾਭਾ", "ਮੌਜ਼ ਮਸਤੀਆਂ", "ਛਿੰਦਾ ਛਿੰਦਾ - ਨੋ ਪਾਪਾ" ਆਦਿਕ ਫਿਲਮਾਂ ਵਿਚ ਤੁਸੀਂ ਮੈਨੂੰ ਦੇਖੋਗੇ।"

**ਪ੍ਰਸ਼ਨ:** ਤੁਹਾਡੀ ਨਵੀਂ ਆ ਰਹੀ ਫਿਲਮ "ਪਿੰਡ ਅਮਰੀਕਾ" ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

**ਉੱਤਰ:** "6 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫਿਲਮ "ਪਿੰਡ ਅਮਰੀਕਾ" ਵਿਚ ਮੈਨੂੰ ਬਿਸ਼ਨੇ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਸਭ ਤੋਂ ਪਹਿਲਾਂ ਤਾਂ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਸਾਡੀ ਇਸ ਫਿਲਮ ਦੇ ਪ੍ਰੋਡਿਊਸਰ ਡਾ: ਹਰਚੰਦ ਸਿੰਘ ਯੂ.ਐੱਸ.ਏ. ਜੀ ਦਾ, ਜਿਨ੍ਹਾਂ ਨੇ ਇੰਨਾ ਵੱਡਾ ਉਪਰਾਲਾ ਕੀਤਾ ਤੇ ਸਾਡੀ ਜਿੰਦ ਜਾਨ ਸਾਡਾ ਪੰਜਾਬ। ਉਸ ਪੰਜਾਬ ਦੇ ਵਿਰਸੇ ਉੱਤੇ ਅਤੇ ਪੰਜਾਬੀਆ ਦੇ ਰਿਸ਼ਤਿਆਂ ਉੱਤੇ ਇਕ ਪਰਿਵਾਰਕ ਫਿਲਮ ਬਣਾਈ। ਫਿਲਮ ਦੀ ਸਾਰੀ ਟੀਮ ਨੂੰ ਢੇਰ ਸਾਰੀਆਂ ਵਧਾਈਆਂ, ਜਿਨ੍ਹਾਂ ਨੇ ਫਿਲਮ ਦੇ ਉਸਾਰਨ 'ਚ ਯੋਗਦਾਨ ਪਾਇਆ।"

**ਪ੍ਰਸ਼ਨ:** ਇਸ ਫਿਲਮ ਦੇ ਡਾਇਰੈਕਟਰ ਕੌਣ ਹਨ ਅਤੇ ਇਸ ਵਿਚ ਤੁਹਾਡੀ ਚੋਣ ਕਿਵੇਂ ਹੋਈ ?

**ਉੱਤਰ:** "ਫਿਲਮ ਦੇ ਡਾਇਰੈਕਟਰ ਸਿਮਰਨ ਸਿੰਘ ਜੀ ਆਪਣੀ ਫਿਲਮ ਦੇ ਕਿਰਦਾਰਾਂ ਦੀ ਦਿਖ ਤੇ ਅਦਾਕਾਰੀ ਨੂੰ ਲੈ ਕੇ ਬਹੁਤ ਹੀ ਗੰਭੀਰ ਸਨ। ਭਾਵੇਂ ਮੈਂ ਪਹਿਲਾਂ ਕਈ ਫਿਲਮਾਂ ਵਿਚ ਐਕਟਿੰਗ ਕਰ ਚੁੱਕਿਆ ਸੀ, ਪਰ ਬਿਸ਼ਨੇ ਦੇ ਕਿਰਦਾਰ ਲਈ ਮੈਨੂੰ ਬਾਕੀ ਅਦਾਕਾਰਾਂ ਵਾਂਗ ਆਡੀਸ਼ਨ ਦੇਣਾ ਪਿਆ। ਮੈਨੂੰ ਇਸ ਗੱਲ ਦੀ ਖੁਸ਼ੀ ਵੀ ਸੀ ਕਿ ਇੱਕ ਡਇਰੈਕਟਰ ਆਪਣੀ ਫਿਲਮ ਨਾਲ ਪੂਰਾ ਇਨਸਾਫ ਕਰ ਰਿਹਾ ਹੈ। ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਮੈਂ ਇਸ ਫਿਲਮ ਦਾ ਇੱਕ ਹਿੱਸਾ ਬਣਿਆ ਹਾਂ ਅਤੇ ਆਪਣੀ ਜ਼ਿੰਮੇਵਾਰੀ ਨੂੰ ਜੀਅ-ਜਾਨ ਨਾਲ ਨਿਭਾਅ ਸਕਿਆ ਹਾਂ। ਸੋ ਮੈਂ ਆਪਣੀ ਮਿਹਨਤ ਅਤੇ ਤੁਹਾਡੇ ਸਭ ਦੇ ਪਿਆਰ ਸਦਕਾ ਡਇਰੈਕਟਰ ਸਿਮਰਨ ਸਿੰਘ ਭਾਜੀ ਦੀ ਸੋਚ 'ਤੇ ਖਰਾ ਉਤਰਿਆ ਹਾਂ।"

**ਪ੍ਰਸ਼ਨ:** ਤੁਹਾਡੇ ਲਈ ਮੇਰਾ ਆਖਰੀ ਪ੍ਰਸ਼ਨ ਇਹ ਹੈ ਕਿ ਪੰਜਾਬੀ ਸਿਨੇਮਾ ਦੇ ਸਫਲ ਭਵਿੱਖ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਪੀੜ੍ਹੀ-ਦਰ-ਪੀੜ੍ਹੀ ਜਿਉਂਦਾ ਰੱਖਣ ਲਈ ਕੀ-ਕੀ ਉਪਰਾਲੇ ਕਰਨੇ ਚਾਹੀਦੇ ਹਨ ?

**ਉੱਤਰ:** "ਆਪਾਂ ਸਾਰੇ ਇਸ ਤਰ੍ਹਾਂ ਦੀਆਂ ਪਰਿਵਾਰਿਕ, ਸੱਭਿਆਚਾਰਕ ਅਤੇ ਇਤਿਹਾਸਕ ਫਿਲਮਾਂ ਬਣਾਉਣ ਨੂੰ ਤਰਜੀਹ ਦਈਏ, ਜਿਨ੍ਹਾਂ ਰਾਹੀਂ ਆਪਣੀ ਅਗਲੀ ਪੀੜ੍ਹੀ ਨੂੰ ਸਾਡੀ ਵਿਰਾਸਤ ਬਾਰੇ ਪਤਾ ਲੱਗੇ। ਮੈਂ ਆਪ ਸਭ ਨੂੰ ਤਕੀਦ ਕਰਦਾ ਹਾਂ ਕੇ ਇਹੋ ਜਿਹੀਆਂ ਫਿਲਮਾਂ ਨੂੰ ਵੱਧ ਤੋਂ ਵੱਧ ਸਪੋਰਟ ਕਰੋ, ਤਾਂ ਜੋ ਹੋਰ ਵੀ ਚੰਗੀਆਂ ਫਿਲਮਾਂ ਬਣ ਸਕਣ।"

ਮੈਂ ਉਮੀਂਦ ਕਰਦਾ ਹਾਂ ਕਿ ਮੇਰੀ ਫਿਲਮੀ ਅਦਾਕਾਰ, ਲੇਖਕ, ਗੀਤਕਾਰ ਅਤੇ ਫ਼ਿਲਮ ਨਿਰਦੇਸ਼ਕ ਮਲਕੀਅਤ ਮੀਤ ਨਾਲ ਹੋਈ ਗੱਲਬਾਤ ਤੁਹਾਨੂੰ ਜ਼ਰੂਰ ਚੰਗੀ ਲੱਗੇਗੀ। ਜਦ ਇਨਸਾਨ ਵਿਚ ਕੁਝ ਚੰਗਾ ਕਰਨ ਦਾ ਇਰਾਦਾ ਹੁੰਦਾ ਹੈ, ਤਾਂ ਉਹ ਇੱਕ ਦਿਨ ਜ਼ਰੂਰ ਸਫਲ ਮੁਕਾਮ 'ਤੇ ਪਹੁੰਚ ਜਾਂਦਾ ਹੈ। ਸਾਡੇ ਵੱਲੋਂ ਮਲਕੀਅਤ ਮੀਤ ਦੇ ਸੁਨਹਿਰੇ ਭਵਿੱਖ ਲਈ ਢੇਰ ਸਾਰੀਆਂ ਦੁਆਵਾ ਅਤੇ ਅਤੇ ਹੌਂਸਲਾ ਅਫਜ਼ਾਈ।

# "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ"


ਲਵਪ੍ਰੀਤ ਸਿੰਘ ਵਡਾਲੀ

ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ

ਸੰਪਰਕ: 62839-15745

(Punjab Mail USA)




ਮਨੁੱਖ ਦੇ ਜੀਵਨ ਦਾ ਹਰ ਕੰਮ ਅਸਲ ਵਿਚ ਉਸ ਦੇ ਅੰਦਰਲੇ ਖਿਆਲਾਂ ਤੇ ਭਾਵਨਾਵਾਂ ਦਾ ਹੀ ਪ੍ਰਤੱਖ ਰੂਪ ਹੁੰਦਾ ਹੈ। ਮਨੁੱਖੀ ਭਾਵਨਾਵਾਂ ਮਨੁੱਖ ਦੇ ਹਰ ਕੰਮ ਵਿਚ ਅਸਿੱਧੇ ਤੌਰ 'ਤੇ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਸੰਸਾਰ ਵਿਚ ਜੀਵ ਮੁੱਖ ਰੂਪ ਵਿਚ ਦੋ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਹੀ ਕਾਰਜ ਕਰਦਾ ਹੈ। ਇੱਕ ਤਾਂ ਡਰ ਦੇ ਕਾਰਣ ਜਾਂ ਫਿਰ ਪਿਆਰ ਦੇ ਕਾਰਣ। ਪ੍ਰੇਮ ਇੱਕ ਮਨੁੱਖੀ ਭਾਵਨਾ ਹੈ, ਜੋ ਹਰ ਜੀਵ ਦੇ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਜਿਸ ਸਮਾਜ ਦੇ ਪ੍ਰਾਣੀ ਮਾਤਰ ਵਿਚ ਪ੍ਰਾਣਵਾਯੂ ਪ੍ਰੇਮ ਦੀ ਘਾਟ ਹੋ ਜਾਂਦੀ ਹੈ। ਉਹ ਸਮਾਜ ਹਮੇਸ਼ਾਂ ਇਕੱਲੇਪਨ ਅਤੇ ਚਿੜਚਿੜੇਪਨ ਦਾ ਸ਼ਿਕਾਰ ਹੋ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਕਹਿ ਲਈਏ ਤਾਂ ਸਾਰੇ ਸੰਸਾਰ ਦੀ ਹੋਂਦ ਹੀ ਪਿਆਰ ਕਰਕੇ ਟਿਕੀ ਹੈ। ਇਸ ਲਈ ਸੰਸਾਰ ਦਾ ਹਰ ਧਰਮ ਮਨੁੱਖਤਾ ਨਾਲ ਪਿਆਰ ਕਰਨ ਦਾ ਸੰਦੇਸ਼ ਦਿੰਦਾ ਹੈ।

ਪ੍ਰੇਮ ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਨਾਲ ਜੁੜਦਾ ਹੈ, ਜਿਸਦਾ ਅਰਥ ਹੈ ਪਿਆਰ ਦਾ ਭਾਵ, ਪ੍ਰੀਤ, ਸਨੇਹ, ਇਸ਼ਕ ਆਦਿ। ਪ੍ਰੇਮ ਸ਼ਬਦ ਸਿੱਖ ਸਾਹਿਤ ਵਿਚ ਪ੍ਰੀਤ, ਨੇਹੁ, ਭਾਉ, ਪਿਆਰ, ਇਸ਼ਕ, ਮੁਹੱਬਤ, ਭਗਤੀ ਆਦਿ ਸਮਾਨਾਰਥੀ ਰੂਪਾਂ ਵਿਚ ਵਰਤਿਆ ਗਿਆ ਹੈ। ਪ੍ਰੇਮ ਇੱਕ ਸਦਾਚਾਰਕ ਗੁਣ ਹੈ, ਜੋ ਨੈਤਿਕ ਜੀਵਨ ਅਤੇ ਭਗਤੀ ਦਾ ਮੁੱਢ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਪ੍ਰੇਮਾਂ ਭਗਤੀ ਦੇ ਮਾਰਗ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਪ੍ਰੇਮ ਦੇ ਮਾਰਗ ਦੀ ਸੂਝ ਦਿੰਦਿਆ ਗੁਰੂ ਨਾਨਕ ਦੇਵ ਜੀ ਪ੍ਰੇਮ ਨੂੰ ਸੰਪੂਰਨ ਸਮਰਪਣ ਦੀ ਭਾਵਨਾ ਕਹਿ ਕੇ ਬਿਆਨ ਕਰਦੇ ਹਨ। ਖੁਦੀ ਦਾ ਤਿਆਗ ਦਾ ਕਰਕੇ ਆਪਣੇ ਪ੍ਰੇਮੀ ਅੱਗੇ ਸਮਰਪਣ ਕਰਨਾ ਹੀ ਪਿਆਰ ਦੀ ਵੱਡੀ ਨਿਸ਼ਾਨੀ ਹੈ। ਗੁਰੂ ਨਾਨਕ ਦੇਵ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ ਕਿ ਜਿਸ ਨੂੰ ਪ੍ਰੇਮ ਦੇ ਮਾਰਗ 'ਤੇ ਚੱਲਣ ਦਾ ਚਾਅ ਹੈ, ਉਹ ਸਭ ਤੋਂ ਪਹਿਲਾਂ ਆਪਣਾ ਸੀਸ ਤਲੀ 'ਤੇ ਧਰ ਕੇ ਆਪਣੇ ਪ੍ਰੇਮੀ ਪ੍ਰਤੀ ਸਮਰਪਨ ਦੀ ਭਾਵਨਾ ਪੈਦਾ ਕਰਕੇ ਪ੍ਰੇਮ ਦੇ ਕਠਿਨ ਰਸਤੇ 'ਤੇ ਚੱਲ ਸਕਦਾ ਹੈ।

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥"

ਸਿੱਖ ਧਰਮ ਦਾ ਮੂਲ ਆਧਾਰ ਹੀ ਪ੍ਰੇਮਾਂ ਭਗਤੀ ਹੈ। ਭਾਰਤ ਵਿਚ ਸੰਤਾਂ, ਭਗਤਾਂ ਅਤੇ ਸੂਫ਼ੀ ਫ਼ਕੀਰਾਂ ਨੇ ਵੀ ਪ੍ਰੇਮ ਮਾਰਗ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਸਫ਼ਲ ਮਾਰਗ ਦੱਸਿਆ ਹੈ। ਸੂਫ਼ੀ ਫ਼ਕੀਰਾਂ ਨੇ ਸੰਸਾਰ ਦੇ ਪ੍ਰੇਮ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ। ਪਹਿਲਾਂ ਇਸ਼ਕ ਮਜਾਜ਼ੀ ਜਿਸ ਵਿਚ ਮਨੁੱਖ ਦਾ ਪਿਆਰ ਕੇਵਲ ਸੰਸਾਰ ਦੀਆਂ ਵਸਤਾਂ, ਮਨੁੱਖੀ ਰਿਸ਼ਤਿਆਂ ਤੇ ਮਾਇਆ ਤੱਕ ਸੀਮਿਤ ਰਹਿੰਦਾ ਹੈ। ਇਸ਼ਕ ਮਜਾਜ਼ੀ ਵਿਚ ਸਵਾਰਥ ਜਾਂ ਕਿਸੇ ਆਸ, ਉਮੀਦ ਦੀ ਭਾਵਨਾ ਨਾਲ ਆਪਣੇ ਪ੍ਰੇਮੀ ਸਾਂਝ ਬਣਦੀ ਹੈ। ਇਸ ਦੇ ਉਲਟ ਇਸ਼ਕ ਹਕੀਕੀ ਵਿਚ ਸੰਸਾਰੀ ਬੰਧਨਾਂ ਤੋਂ ਉੱਪਰ ਉੱਠ ਕੇ ਉਸ ਖੁਦਾ ਨਾਲ ਪ੍ਰੇਮ ਪਾਇਆ ਜਾਂਦਾ ਹੈ। ਇਸ ਖੁਦਾਈ ਪ੍ਰੇਮ ਦੇ ਅਹਿਸਾਸ ਨੂੰ ਕੇਵਲ ਜਗਿਆਸੂ ਜਾਂ ਭਗਤ ਹੀ ਅਨੁਭਵ ਕਰ ਸਕਦਾ ਹੈ। ਇਸ਼ਕ ਹਕੀਕੀ ਵਿਚ ਰੱਬੀ ਪ੍ਰੇਮ ਇਨ੍ਹਾਂ ਪ੍ਰਬਲ ਹੁੰਦਾ ਹੈ ਕਿ ਜੀਵ ਸਵੈ-ਸੁਆਰਥ ਦੀ ਭਾਵਨਾ ਤੋਂ ਉਪਰ ਉੱਠ ਕੇ ਰੱਬੀ ਪ੍ਰੇਮ ਵਿਚ ਰੰਗ ਕੇ ਭਗਤੀ ਕਰਦਾ ਹੈ। ਇਸ਼ਕ ਹਕੀਕੀ ਦੇ ਰੰਗ ਵਿਚ ਰੰਗਿਆ ਜਗਿਆਸੂ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਲਈ ਹਰ ਕੀਮਤ ਅਦਾ ਕਰਨ ਲਈ ਤਿਆਰ ਹੋ ਜਾਂਦਾ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਜਗਿਆਸੂ ਦੇ ਪ੍ਰੇਮ ਦਾ ਸ਼ਿਖਰ ਦਰਸਾਉਂਦਿਆਂ ਫਰਮਾਉਂਦੇ ਹਨ ਕਿ ਜੇਕਰ ਕੋਈ ਮੈਨੂੰ ਮੇਰੇ ਪਿਆਰੇ ਪ੍ਰੀਤਮ ਦਾ ਮਿਲਾਪ ਕਰਵਾ ਦੇਵੇ, ਤਾਂ ਮੈਂ ਉਸ ਤੋਂ ਆਪਣਾ ਆਪਾ ਅਰਪਣ ਕਰ ਦੇਵਾਂ, ਵੇਚ ਦੇਵਾਂ।



"ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥"

ਗੁਰੂ ਸਾਹਿਬ ਗੁਰਬਾਣੀ ਵਿਚ ਸਿੱਖ - ਗੁਰੂ, ਆਤਮਾ-ਪ੍ਰਮਾਤਮਾ, ਪਤੀ-ਪਤਨੀ, ਸੇਵਕ-ਸੁਆਮੀ, ਮਛਲੀ-ਪਾਣੀ, ਪਪੀਹੇ-ਸਵਾਂਤੀ ਬੂੰਦ, ਚੱਕਵੀ-ਚੰਦਰਮਾ, ਹਿਰਨ-ਨਾਦ, ਭੌਰੇ-ਫੁੱਲ, ਪਤੰਗੇ - ਦੀਵੇ ਆਦਿ ਦੇ ਪ੍ਰੇਮ ਦੀਆਂ ਉਦਾਹਰਨਾਂ ਦੇ ਕੇ ਸਿੱਖ ਨੂੰ ਪ੍ਰੇਮ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਦੁਆਰਾ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪ੍ਰੇਮ ਭਾਵਨਾ ਦੀ ਸਿਖਰਤਾ ਵਿਚ ਹੀ ਵੈਰਾਗ ਉਤਪੰਨ ਹੁੰਦਾ ਹੈ। ਜਿਸ ਮਨੁੱਖੀ ਸਰੀਰ ਵਿਚ (ਵੈਰਾਗ) ਬਿਰਹਾ ਨਹੀਂ ਗੁਰੂ ਸਾਹਿਬ ਗੁਰਬਾਣੀ ਵਿਚ ਉਸ ਸਰੀਰ ਨੂੰ ਮੁਰਦਾ ਕਹਿੰਦੇ ਹਨ।

ਪ੍ਰੇਮ ਕਰਨ ਵਾਲਾ ਕਦੇ ਵੀ ਲੋਭੀ, ਲਾਲਚੀ, ਕ੍ਰੋਧੀ ਅਤੇ ਨਫਰਤੀ ਨਹੀਂ ਹੁੰਦਾ ਅਤੇ ਸਭ ਨਾਲ ਪ੍ਰੇਮ ਸਹਿਤ ਵਰਤਾਉ ਕਰਦਾ ਹੈ। ਰੱਬੀ ਪ੍ਰੇਮ ਵਿਚ ਰੰਗਿਆ ਮਨੁੱਖ ਕਦੇ ਵੀ ਕਿਸੇ ਨਾਲ ਮੰਦਾ ਬਚਨ ਬੋਲ ਕੇ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਗੁਰੂ ਸਾਹਿਬ ਗੁਰਬਾਣੀ ਵਿਚ ਫੁਰਮਾਨ ਕਰਦੇ ਹਨ ਕਿ ਹੇ ਮਨੁੱਖ! ਜੇ ਤੂੰ ਪਿਆਰੇ ਪ੍ਰੀਤਮ ਨੂੰ ਮਿਲਣ ਦੀ ਤਾਂਘ ਰੱਖਦਾ ਹੈ, ਤਾਂ ਕਦੇ ਵੀ ਕਿਸੇ ਦਾ ਦਿਲ ਨਾ ਦੁਖਾਈ।

"ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹਿ ਕਹੀ ਦਾ ॥"

ਪ੍ਰੇਮਾਂ ਭਗਤੀ ਨੂੰ ਗੁਰਮਤਿ ਵਿਚ ਵਿਲੱਖਣ ਤੇ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪ੍ਰੇਮ ਮਾਰਗ 'ਤੇ ਚੱਲ ਕੇ ਹੀ ਮਨੁੱਖ ਪਰਮੇਸ਼ਰ ਦੀ ਪ੍ਰਾਪਤੀ ਕਰ ਸਕਦਾ ਹੈ। ਪ੍ਰੇਮ ਹੀ ਇੱਕ ਮਾਤਰ ਸਾਧਨ ਹੈ, ਜਿਸ ਨਾਲ ਜੀਵ ਦੇ ਅੰਦਰੋਂ ਮੰਦੀਆਂ ਬਿਰਤੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਦਾ ਨਾਸ਼ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਬਾਣੀ ਵਿਚ ਫੁਰਮਾਣ ਕਰਦੇ ਹਨ ਕਿ ਹੇ ਭਾਈ! ਇਸ ਨਿਰੋਲ ਸੱਚ ਨੂੰ ਸੁਣਨਾ ਕਰੋ ਕਿ ਪ੍ਰੇਮ ਹੀ ਇੱਕ ਮਾਤਰ ਇਕਲੌਤਾ ਸਾਧਨ ਹੈ, ਜਿਸ ਨਾਲ ਪ੍ਰਭੂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥"

ਪ੍ਰੇਮ ਇੱਕ ਨਿਰਮਲ ਮਨੁੱਖੀ ਭਾਵਨਾ ਦਾ ਅਹਿਸਾਸ ਹੈ, ਜਿਸ ਨੂੰ ਵਰਤਮਾਨ ਮਨੁੱਖ ਨੇ ਆਪਣੀ ਸੌੜੀ ਸੋਚ ਨਾਲ ਬਹੁਤ ਸੰਕੀਰਨ ਕਰ ਦਿੱਤਾ ਹੈ। ਜਿਸ ਕਰਕੇ ਪ੍ਰੇਮ ਵਿਚ ਸਵਾਰਥੀ ਬਿਰਤੀਆਂ ਪ੍ਰਬਲ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਇਹ ਪ੍ਰੇਮ ਜਿਸਮਾਂ ਤੇ ਸਵਾਰਥ ਪੂਰਤੀ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ। ਅਜੋਕੇ ਮਨੁੱਖ ਦੀਆਂ ਮੰਦੀਆਂ ਬਿਰਤੀਆਂ ਨੇ ਪ੍ਰੇਮ ਦੇ ਉੱਜਲ ਅਕਸ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਜਿਸ ਮਨੁੱਖ ਨੇ ਸਮਾਜ ਵਿਚ ਪਿਆਰ ਵੰਡਣਾ ਸੀ, ਉਹੀ ਮਨੁੱਖ ਅੱਜ ਨਫ਼ਰਤ ਦਾ ਵਾਪਾਰ ਕਰਦਾ ਨਜ਼ਰੀਂ ਪੈਂਦਾ ਹੈ। ਪਿਆਰ ਦੇ ਅਭਾਵ ਕਰਕੇ ਹੀ ਆਪਸੀ ਵੈਰ-ਵਿਰੋਧ ਅਤੇ ਸਮਾਜਿਕ ਨਸਲਵਾਦ ਉਤਸ਼ਾਹਿਤ ਹੁੰਦਾ ਹੈ। ਜੇਕਰ ਮਨੁੱਖ ਵਿਚ ਆਪਸੀ ਪਿਆਰ ਤੇ ਇਤਫ਼ਾਕ ਜਿਹੇ ਨੈਤਿਕ ਗੁਣ ਆ ਜਾਣ ਤਾਂ ਇੱਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਨੂੰ ਲੋੜ ਹੈ ਕਿ ਉਹ ਆਪਸੀ ਮਿਲਵਰਤਨ ਅਤੇ ਭਾਈਚਾਰਕ ਸਾਂਝ ਪੈਦਾ ਕਰੇ। ਅੱਜ ਦੇ ਦੌਰ ਵਿਚ ਜੇਕਰ ਅਸੀਂ ਗੁਰੂ ਸਾਹਿਬ ਦੁਆਰਾ ਦਰਸਾਏ ਪ੍ਰੇਮ ਮਾਰਗ ਨੂੰ ਅਪਣਾ ਕੇ ਆਪਣੇ ਅਮਲੀ ਜੀਵਨ ਵਿਚ ਧਾਰਨ ਕੇ ਆਪਣੀ ਸ਼ਖ਼ਸੀਅਤ ਨੂੰ ਪ੍ਰੇਮ ਦੀ ਕੁਠਾਲੀ ਵਿਚ ਪਾ ਕੇ ਢਾਲੀਏ, ਤਾਂ ਅਸੀਂ ਤਣਾਅ ਮੁਕਤ ਤੇ ਖੁਸ਼ਹਾਲ ਜੀਵਨ ਜੀਅ ਸਕਦੇ ਹਾਂ।

## "ਤਰੱਕੀ ਕਰਦੀਆਂ ਕੁੜੀਆਂ"

ਕੁੱਖਾਂ ਵਿਚ ਅੱਜ ਮਰਦੀਆਂ ਕੁੜੀਆਂ।
ਬਲੀ ਦਾਜ ਦੀ ਚੜ੍ਹਦੀਆਂ ਕੁੜੀਆਂ।
ਮਾਪਿਆਂ ਨੂੰ ਅੱਜ ਬੋਝ ਲੱਗਦੀਆਂ,
ਹੌਲੀਆਂ ਫੁੱਲਾਂ ਵਰਗੀਆਂ ਕੁੜੀਆਂ।
ਮੁੰਡਿਆਂ ਤੋਂ ਵੱਧ ਅਕਲ ਵਾਲੀਆਂ
ਦੁੱਖ ਮਾਪਿਆਂ ਦੇ ਹਰਦੀਆਂ ਕੁੜੀਆਂ।
ਸੱਸਾਂ-ਨੂੰਹਾਂ, ਮਾਵਾਂ-ਧੀਆਂ,
ਜੱਗ ਦੀ ਰਚਨਾ ਕਰਦੀਆਂ ਕੁੜੀਆਂ।
ਵੀਰਾਂ ਦੇ ਇਹ ਗੁੱਟ ਦੀ ਰੱਖੜੀ,
ਰੌਣਕ ਨੇ ਹਰ ਘਰ ਦੀਆਂ ਕੁੜੀਆਂ।
ਪੇਕਿਆਂ ਲਈ ਇਹ ਧਨ ਬੇਗਾਨਾ,
ਸਹੁਰਿਆਂ ਲਈ ਪਰ-ਘਰ ਦੀਆਂ ਕੁੜੀਆਂ।
ਕਲਪਨਾ-ਝਾਂਸੀ-ਮਦਰ ਟਰੇਸਾ,
ਚੰਨ-ਤਾਰਿਆਂ ਨੂੰ ਫੜਦੀਆਂ ਕੁੜੀਆਂ।
ਰਾਸ਼ਟਰਪਤੀ-ਪ੍ਰਧਾਨ ਮੰਤਰੀ,
ਰਾਜ ਦੇਸ 'ਤੇ ਕਰਦੀਆਂ ਕੁੜੀਆਂ।
ਡਾਕਟਰ ਪਾਇਲਟ- ਇੰਜੀਨੀਅਰ ਨੇ,
ਨਿੱਤ ਉਡਾਨਾਂ ਭਰਦੀਆਂ ਕੁੜੀਆਂ।
'ਗਿੱਲ ਮਲਕੀਤ' ਪਿਆ ਵਾਹ-ਵਾਹ ਕਰਦਾ
ਵੇਖ ਤਰੱਕੀ ਕਰਦੀਆਂ ਕੁੜੀਆਂ।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 79865-28225**
**(Punjab Mail USA)**

## ਗ਼ਜ਼ਲ

ਜੇ ਗੱਲ ਤੋਰੀ ਹੈ ਸਿਰੇ ਲਾਈਂ।
ਨਾਂ ਛੱਡ ਇਸ ਨੂੰ ਅੱਧ ਵਿਚ ਜਾਈਂ।

ਆਖਣ ਸਿਆਣੇ ਨਿਹੁ ਨਿਭੇ ਔਖਾ,
ਇਹ ਲੱਗ ਜਾਂਦਾ ਹੈ ਚਾਈਂ ਚਾਈਂ।

ਜੇ ਵਾਅਦਾ ਕਰਨਾ ਕਰੀਂ ਪੱਕਾ,
ਨਾਂ ਛੱਡ ਕੇ ਤੂੰ ਮੱਧ ਵਿਚ ਜਾਈਂ।

ਮੈਂ ਹੀਰ ਦੇ ਵਾਂਗ ਸਿਦਕ ਨਿਭਾਊਂ,
ਬਣ ਸਾਧ ਮੈਨੂੰ ਲੈਣ ਤੂੰ ਆਈਂ।

ਮੈਂ ਸਾਥ ਤੇਰਾ ਨਾ ਕਦੇ ਛੱਡੂ,
ਤੂੰ ਵੀ ਸਿਰਾਂ ਦੇ ਨਾਲ ਨੀਭਾਈਂ।

ਜੋ ਵਾਅਦਾ ਕਰ ਕਸਮ ਸੀ ਖਾਧੀ,
ਵੇਖੀਂ ਮੁਕਰ ਨਾ ਕਸਮ ਤੋਂ ਜਾਈਂ।

ਸਿੱਧੂ ਅਰਜ ਹੈ ਹੱਥ ਜੋੜ ਮਿਰੀ,
ਲੱਗੀ ਖੁਦਾ ਬਣ ਤੋੜ ਚੜਾਈਂ।



**-ਅਮਰਜੀਤ ਸਿੰਘ ਸਿੱਧੂ,**
**ਬੱਧਨੀ ਕਲਾਂ**
+4917664197996
**(Punjab Mail USA)**

## ਸਿੱਖਾ ਸਿੱਖੀ ਸਿਦਕ ਨਿਭਾਉਣ ਦੀਆਂ ਮੰਜ਼ਿਲਾਂ ਨੇ ਦੂਰ

ਸਿੱਖਾ ਸਿੱਖੀ ਸਿਦਕ ਨਿਭਾਉਣ ਦੀਆਂ
ਮੰਜ਼ਿਲਾਂ ਨੇ ਦੂਰ ਦੇਖੀਂ ਭੁੱਲ ਜਾਈਂ ਨਾ।
ਸਿੱਖੀ ਫੁੱਲਾਂ ਦਾ ਵਿਛਾਉਣਾ ਨਹੀਂ,
ਸਗੋਂ ਕੰਡਿਆਂ ਦਾ ਵਿਛਾਉਣਾ ਏ।
ਸਿੱਖੀ ਤਲਵਾਰ ਦੀ ਧਾਰ 'ਤੇ ਚੱਲਣੇ ਦਾ ਨਾਮ ਏ
ਸਿੱਖੀ ਸੱਚ ਦਾ ਮਾਰਗ ਏ,
ਸਿੱਖੀ ਕੁਰਬਾਨੀ ਦਾ ਮਾਰਗ ਏ।
ਸਿੱਖੀ ਇੱਕ ਵਿਚਾਰਧਾਰਾ ਏ,
ਸਿੱਖੀ ਇਕ ਜੀਵਨ ਜਾਚ ਏ।
ਸਿੱਖੀ ਇਕ ਇਨਸਾਨੀਅਤ ਤੇ
ਰੂਹਾਨੀਅਤ ਦਾ ਮਾਰਗਿ ਏ।
ਸਿੱਖੀ ਪਰਮਾਰਥ ਦਾ ਮਾਰਗ ਏ।
ਸਿੱਖੀ ਮਨੁੱਖਤਾ ਦੇ ਭਲੇ ਦਾ ਮਾਰਗ ਏ।
ਦੇਗਾਂ ਵਿਚ ਉਬਲਣਾ ਪੈਂਦਾ ਏ,
ਸਿਰ 'ਤੇ ਤੱਤੀ ਰੇਤਾ ਪੁਆਉਣੀ ਪੈਂਦੀ ਏ।
ਬੰਦ-ਬੰਦ ਕਟਵਾਉਣੇ ਪੈਂਦੇ ਨੇ
ਫਾਂਸੀ ਦੇ ਰੱਸੇ ਚੁੰਮਣੇ ਪੈਂਦੇ ਨੇ।
ਸੀਸ ਕਟਵਾਉਣੇ ਪੈਂਦੇ ਨੇ,
ਖੋਪਰੀਆਂ ਲੁਹਾਉਣੀਆਂ ਪੈਂਦੀਆਂ ਨੇ।
ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਦਾ ਤਿਆਗ ਕਰਕੇ,
ਹਮਦਰਦੀ, ਦਇਆ, ਪਿਆਰ, ਸਤਿਕਾਰ, ਜ਼ਮੀਰ, ਨੈਤਿਕਤਾ,
ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣਨਾ ਪੈਂਦਾ ਏ।
ਸਿੱਖੀ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ,
ਸਿਰੁ ਦੀਜੈ ਕਾਣ ਨਾ ਕੀਜੈ॥



**-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ**
530-777-0955
**(Punjab Mail USA)**

## ਤੇ ਮੇਰੀ ਮੌਤ ਹੋ ਗਈ

ਮੇਰੀ ਮੌਤ ਤੇ ਉਸੇ ਦਿਨ
ਹੋ ਗਈ ਸੀ ਜਿਸ ਦਿਨ
ਤੂੰ ਮੈਨੂੰ ਬਿਨਾ ਕਸੂਰ ਦੱਸੇ
ਛੱਡ ਕੇ ਚਲੇ ਗਿਆ ਸੀ
ਬਹੁਤ ਮਿੰਨਤਾਂ ਤਰਲੇ ਕੀਤੇ
ਰੋਈ, ਗਿੜਗਿੜਾਈ ਪਰ
ਤੇਰੇ 'ਤੇ ਕੋਈ ਅਸਰ ਨਹੀਂ ਹੋਇਆ
ਜੋ ਛੱਡ ਗਏ ਉਨ੍ਹਾਂ 'ਤੇ
ਭਲਾ ਇਨ੍ਹਾਂ ਗੱਲਾਂ ਦਾ
ਕੀ ਅਸਰ ਹੋਏਗਾ
ਛੱਡ ਕੇ ਜਾਣ ਵਾਲੇ ਇਹ
ਨਹੀਂ ਦੇਖਦੇ ਕਿ ਉਹ ਇਨਸਾਨ
ਜ਼ਿੰਦਾ ਹੈ ਕਿ ਮਰ ਗਿਆ
ਕੀਮਤੀ ਲਿਬਾਸਾਂ ਤੇ ਮੇਕਅੱਪ
ਦੀ ਤਹਿ ਨੀਚੇ ਉਹ ਆਪਣੇ
ਹਰ ਦਰਦ ਛੁਪਾਉਣਾ ਚਾਹੁੰਦਾ ਹੈ
ਖ਼ੁਸ਼ ਹੋਣ ਦਾ ਵਿਖਾਵਾ ਕਰਦਾ ਹੈ
ਮਰਨ ਦੇ ਬਾਦ ਸਸਕਾਰ ਤੋਂ ਪਹਿਲਾਂ
ਲਾਸ਼ਾਂ ਨੂੰ ਵੀ ਤੇ ਸਜਾਇਆ
ਸੰਵਾਰਿਆ ਜਾਂਦਾ ਹੈ
ਉਹ ਜ਼ਿੰਦਾ ਤੇ ਨਹੀਂ ਹੋ ਜਾਂਦੀਆਂ
ਮੈਂ ਵੀ ਉਹ ਜ਼ਿੰਦਾ ਲਾਸ਼ ਹਾਂ
ਜਿਸਦੇ ਅਹਿਸਾਸ ਮਰ ਚੁੱਕੇ ਨੇ
ਕੋਈ ਖ਼ੁਸ਼ੀ ਉਸਨੂੰ ਸਕੂਨ ਨਹੀਂ ਦਿੰਦੀ
ਜ਼ਿੰਦਾ ਹੋਣ ਦਾ ਅਹਿਸਾਸ
ਕਰਾਉਣ ਵਾਲੇ ਹੀ ਜਦ
ਛੱਡ ਗਏ ਨੇ ਮੈਨੂੰ
ਦੱਸ ਖਾਂ ਭਲਾ ਮੈਂ ਜ਼ਿੰਦਾ ਕਿਵੇਂ ਹੋਈ
ਹਾਂ ਮੇਰੀ ਤੇ ਮੌਤ ਉਸੇ ਦਿਨ
ਹੋ ਗਈ ਸੀ ਜਿਸ ਦਿਨ
ਤੂੰ ਮੈਨੂੰ ਛੱਡ ਕੇ ਚਲੇ ਗਿਆ ਸੀ
ਤੇ ਮੇਰੀ ਮੌਤ ਹੋ ਗਈ ।
ਤੇ ਮੇਰੀ ਮੌਤ ਹੋ ਗਈ।



**ਰਮਿੰਦਰ ਰੰਮੀ, ਕੈਨੇਡਾ**
**(Punjab Mail USA)**

## ਡਾਲਰਾਂ ਦੀ ਭੁੱਖ...

ਡਾਲਰਾਂ ਦੀ ਭੁੱਖ ਨੇ ਉਮਰਾਂ ਦੇ ਵਾਅਦੇ
ਖਾ ਲਏ,
ਯਾਦ ਅੱਲ੍ਹੜ ਪੁਣੇ ਦੀ ਚੀਚੀ ਦਾ ਛੱਲਾ
ਰਹਿ ਗਿਆ।
ਯੁੱਗਾਂ ਤੋ ਦੁਨੀਆਂ ਕਦੀ ਵੱਸਦੀ ਰਹੀ
ਮਿਟਦੀ ਰਹੀ,
ਰਹਿ ਗਿਆ ਜੇਕਰ ਸਦਾ ਲਈ ਨਾਮ
ਅੱਲਾਹ ਰਹਿ ਗਿਆ।
ਸ਼ੌਂਕ ਖੇਡਣ ਦਾ ਜਵਾਨੀ ਚੜ੍ਹ ਗਈ
ਨਸ਼ਿਆਂ ਦੀ ਭੇਟ,
ਹੱਥਾਂ ਵਿਚ ਝਗੜੇ ਲਈ ਹਾਕੀ ਤੇ ਬੱਲਾ
ਰਹਿ ਗਿਆ।
ਯਾਰ ਰਿਸ਼ਤੇਦਾਰ ਭਾਈ ਨਿਕਲੇ ਬਸ
ਮਤਲਬ ਦੇ ਯਾਰ,
ਰਿਸ਼ਤਿਆਂ ਦੀ ਭੀੜ ਵਿਚ 'ਦਰਦੀ'
ਇੱਕਲਾ ਰਹਿ ਗਿਆ।
ਯਾਰ ਨੂੰ ਪਾਉਣੇ ਦੀ ਖਾਤਰ ਮੌਤ ਨੂੰ
ਲਾਇਆ ਗਲੇ,
ਇਸ਼ਕ ਦੇ ਇਸ ਵੰਣਜ ਵਿਚ ਕਿਹੜਾ
ਸਵੱਲਾ ਰਹਿ ਗਿਆ।



**-ਸਤਨਾਮ ਸਿੰਘ ਦਰਦੀ**
**ਚਾਨੀਆਂ-ਜਲੰਧਰ**
**(Punjab Mail USA)**

## ਦੋ ਗੱਲਾਂ ਰੱਬ ਨਾਲ

ਰੱਬਾ ਨੇ ਤੇਰੇ ਰੰਗ ਨਿਆਰੇ।
ਇਕਨਾਂ ਨੂੰ ਤੂੰ ਠੰਢ 'ਚ ਠਾਰੇਂ।
ਦੂਜਿਆਂ ਨੂੰ ਲੇਫ਼ ਰਜਾਈਆਂ।
ਜਾਪੇ ਆਪੇ ਹੀ ਭਿਜਾਈਆਂ।

ਗੁਰੀਬਾਂ ਪੱਲੇ ਹਵਾ ਦੇ ਬੁਲੇ।
ਅੱਗ ਨ ਜਲਦੀ ਸਾਡੇ ਚੁਲ੍ਹੇ।
ਤੇਲ ਲੂਣ ਤੇ ਦਾਲ ਨ ਆਟਾ।
ਨੰਗੇ ਪੈਰ ਸਾਡਾ ਖੁੱਲ੍ਹਾ ਝਾਟਾ।

ਲਿੱਬੜੇ ਹੱਥ, ਮੂੰਹ ਤੇ ਪੈਰ।
ਸਾਡੇ ਨਾਲ ਕਿਉਂ ਰੱਖੇਂ ਵੈਰ?
ਕਹਿਣ ਨੂੰ ਭਾਵੇਂ ਤੇਰੇ ਬੰਦੇ।
ਭਾਗਾਂ ਨੂੰ ਕਿਉਂ ਲਾਏ ਜੰਦੇ?

ਸੁਣਦੇ ਹਾਂ ਤੇਰੀ ਇੱਕ ਅੱਖ।
ਸਾਡੀ ਵਾਰੀ ਕਿਉਂ ਹੈ ਵੱਖ?
ਠੁਰ-ਠੁਰ ਲੰਘਦਾ ਸਿਆਲ।
ਸਾਡਾ ਵੀ ਤਾਂ ਰੱਖ ਖਿਆਲ।

ਖੁੱਲ੍ਹਾ ਅਕਾਸ਼ ਭੀੜੇ ਵਿਹੜੇ।
ਵੱਸਦੇ ਰਹੀਏ ਤੇਰੇ ਨੇੜੇ।
ਤੈਥੋਂ ਦੱਸ ਖਾਂ ਕੀ ਲੁਕੋਈਏ?
ਰੜੇ ਬੈਠੀਏ ਭੁੰਜੇ ਸੌਈਏਂ।

ਢਿੱਡੋਂ ਹੁੰਦੇ ਹਾਂ ਸਦਾ ਖਾਲੀ।
ਖੇਡੀ ਜਾਨੈਂ ਖੇਡ ਨਿਰਾਲੀ।
ਸ਼ਾਇਦ ਤੇਰੇ ਵੀ ਵੱਢੀ ਚੁੱਲੇ।
ਤਾਂਹੀਂ ਹੋਰਾਂ ਦੇ ਭਰਦੈਂ ਗੱਲੇ।

ਤੂੰ ਗੱਲ ਹੱਕ ਸੱਚ ਦੀ ਕਰ।
ਕਦੇ ਸਾਡੀ ਭੀ ਝੋਲੀ ਭਰ।
ਸਭ ਤੋਂ ਵੱਧ ਸਾਡੀ ਅਬਾਦੀ।
ਹਾਲੇ ਤੱਕੀ ਨਹੀਂ ਅਜ਼ਾਦੀ।

ਲੋਕਰਾਜ ਵੋਟਾਂ ਦਾ ਰਾਜ।
ਬਦਲ ਦਿੰਦੇ ਤਖਤੋ ਤਾਜ।
ਕੰਨ ਲਾ ਗੱਲ ਸਾਡੀ ਸੁਣ।
ਕਿਉਂ ਲੱਗਾ ਵਾਂਗ ਤੂੰ ਘੁੰਣ?

ਜੇ ਸਾਡੀ ਨਹੀਂ ਹੈ ਪ੍ਰਵਾਹ।
ਜਾਹ ਤੂੰ ਵੀ ਖ਼ਸਮਾਂ ਨੂੰ ਖਾਹ।
ਲੱਭ ਲਵਾਂਗੇ ਕੋਈ ਹੋਰ ਹੱਲ।
ਸਾਡੇ ਘਰੋਂ ਤੂੰ ਬਾਹਰ ਨੂੰ ਚੱਲ।



**ਸੇਵਾ ਸਿੰਘ 'ਨੂਰਪੁਰੀ'**
**(Punjab Mail USA)**

## ਬੇਸ਼ਰਮਾਂ ਨੂੰ ਸੋਧਣ ਲਈ

ਦਾਰੂ ਲਈ ਜਿਹੜੇ ਵਿਕ ਜਾਂਦੇ
ਇੱਜ਼ਤ ਘਰ ਦੀ ਦਾਅ 'ਤੇ ਲਾਂਦੇ
ਦੁਨੀਆ ਬਣਦੀ ਡਾਕਟਰ ਅਫ਼ਸਰ, ਪਰ ਮੈਂ ਪਹਿਰੇਦਾਰ ਬਣਾਂਗਾ
ਸੋਧਣ ਲਈ ਇਨ੍ਹਾਂ ਬੇਸ਼ਰਮਾਂ ਨੂੰ, ਨਵਾਂ ਹੀ ਢੰਗ ਇਖ਼ਤਿਆਰ ਕਰਾਂਗਾ


ਮੂਹਰੇ ਆਉਂਦੇ ਵੈਲੀ ਹੁਣ ਦੇ
ਵੋਟਾਂ ਵਿਚ ਲੀਡਰ ਜੋ ਚੁਣਦੇ
ਡੋਡਿਆਂ ਤੇ ਭੁੱਕੀ ਦੀ ਖ਼ਾਤਰ, ਉਨ੍ਹਾਂ ਲਈ ਤਲਵਾਰ ਬਣਾਂਗਾ
ਸੋਧਣ ਲਈ ਇਨ੍ਹਾਂ ਬੇਸ਼ਰਮਾਂ ਨੂੰ, ਨਵਾਂ ਹੀ ਢੰਗ ਇਖ਼ਤਿਆਰ ਕਰਾਂਗਾ

ਪਹਿਲੋਂ ਧੀ ਦੀ ਇੱਜ਼ਤ ਲੁਟਾਉਂਦੇ
ਉਸ ਤੋਂ ਪਿੱਛੋਂ ਨੌਕਰੀ ਪਾਉਂਦੇ
ਐਹੋ ਜਿਹੇ ਮੁਰਦਿਆਂ ਲੋਕਾਂ ਲਈ, ਆਪਣਾ ਆਪਾ ਵਾਰ ਲੜਾਂਗਾ
ਸੋਧਣ ਲਈ ਇਨ੍ਹਾਂ ਬੇਸ਼ਰਮਾਂ ਨੂੰ, ਨਵਾਂ ਹੀ ਢੰਗ ਇਖ਼ਤਿਆਰ ਕਰਾਂਗਾ

'ਦਿਆਲ' ਸੁਭਾਓ ਦਾ ਨਰਮ ਬੜਾ ਏ
ਉਂਞ ਵਹਿਣੀ ਵਾਲੀਆ ਗਰਮ ਬੜਾ ਏ
ਮਰਨ ਤੋਂ ਪਹਿਲਾਂ ਗੱਭਰੂਆਂ ਦੀ, ਟੋਲੀ ਨਵੀਂ ਤਿਆਰ ਕਰਾਂਗਾ।
ਸੋਧਣ ਲਈ ਇਨ੍ਹਾਂ ਬੇਸ਼ਰਮਾਂ ਨੂੰ, ਨਵਾਂ ਹੀ ਢੰਗ ਇਖ਼ਤਿਆਰ ਕਰਾਂਗਾ
ਮਿੰਨਤਾਂ ਨਾਲ ਨਾ ਮੰਨਦੇ ਜਿਹੜੇ ਉਨ੍ਹਾਂ ਲਈ ਹਥਿਆਰ ਬਣਾਂਗਾ
ਵਿਕ ਜਾਂਦੇ ਜੋ ਨਸ਼ਿਆਂ ਖ਼ਾਤਰ ਉਨ੍ਹਾਂ ਲਈ ਤਲਵਾਰ ਬਣਾਂਗਾ।



**-ਹਰਦਿਆਲ ਸਿੰਘ ਚੀਮਾ, (ਵਹਿਣੀਵਾਲ)**
**(Punjab Mail USA)**


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567